# ਐਨਕ

(ਕਹਾਣੀਆਂ)




ਲੇਖਕ

ਮਖਦੂਮ ਟੀਪੂ ਸਲਮਾਨ

(ਲਾਹੌਰ)



**TuSM ePublications**

**Lahore-Pakistan**

November, 2021

# ਸਾਰਨੀ


| | | |
|---|---|---|
| 1. | ਲਿਖਾਰੀ ਦੀ ਗੱਲ | 3 |
| 2. | ਗੰਢਾਂ | 4 |
| 3. | ਸੁਫ਼ਣਾ | 5 |
| 4. | ਹਨੇਰੀ ਛਾਂ | 7 |
| 5. | ਗੱਲਾਂ ਬਾਤਾਂ | 8 |
| 6. | ਜਾਦੂਗਰਨੀ | 9 |
| 7. | ਪ੍ਲਾਸਟਿਕ ਦੀ ਟੁੱਟੀ ਗੱਡੀ | 11 |
| 8. | ਬੂਟਾ | 12 |
| 9. | ਜੌਂਗਰ੍ਜ਼ ਪਾਰ੍ਕ | 13 |
| 10. | ਅੱਬੇ ਦਾ ਘਰ | 14 |
| 11. | ਸ਼ਾਹਕਾਰ | 20 |
| 12. | ਸਵੇਰ | 31 |
| 13. | ਪੱਖਾ | 39 |
| 14. | ਅੰਨ੍ਹੀ | 42 |
| 15. | ਫ਼ਰਿੱਜ ਵਿੱਚ ਪਿਆ ਟਮਾਟਰ | 50 |
| 16. | ਮਸ਼ੀਨੀ ਅੱਥਰੂ | 53 |
| 17. | ਲਾਸ਼/ਲੋਥ | 64 |
| 18. | ਬਾਲ | 70 |
| 19. | ਬੱਦਲ ਪਾਟ ਪਿਆ | 78 |
| 20. | ਪਵਿੱਤਰ | 87 |

# ਲਿਖਾਰੀ ਦੀ ਗੱਲ

ਲਾਹੌਰ ਵਿੱਚ ਬਹਿ ਕੇ, ਇੰਟਰਨੇਟ/i nt er net ਰਾਹੀਂ ਆਪਣੀ ਮਾਂ ਬੋਲੀ ਦੀ ਗੁਰਮੁਖੀ ਲਿੱਪੀ ਲਿੱਖੀ ਹੈ। ਇਹ ਮੇਰੀ ਗੁਰਮੁਖੀ ਦੀ ਪਹਿਲੀ ਕਿਤਾਬ ਹੈ, ਕੁੱਝ ਗਲਤੀਆਂ ਹੋਣ ਗੀਆਂ, ਉਨ੍ਹਾਂ ਦੀ ਮੁਆਫੀ।

ਭਾਵੇਂ ਚੜ੍ਹਦੇ ਦਾ ਹੋਵੇ ਜਾਂ ਲਹਿੰਦੇ ਦਾ, ਸਕੂਲੇ ਪੜ੍ਹੇ ਹਰ ਪੰਜਾਬੀ ਨੂੰ ਤਿੰਨ ਜ਼ਬਾਨਾਂ ਜ਼ਰੂਰ ਆਂਦੀਆਂ ਨੇਂ, ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਜਾਂ ਪੰਜਾਬੀ, ਉਰਦੂ ਅਤੇ ਅੰਗਰੇਜ਼ੀ।

ਪੰਜਾਬ ਵਿੱਚ ਕੁੱਝ ਇਸ ਤਰ੍ਹਾਂ ਦਾ ਮਾਹੌਲ ਬਣ ਗਿਆ ਹੈ ਕਿ ਦੁਨੀਆਂ ਦੀ ਗੱਲ ਕਰਨੀ ਹੋਵੇ ਤਾਂ ਅੰਗਰੇਜ਼ੀ ਵਿੱਚ, ਦੇਸ ਦੀ ਗੱਲ ਕਰਨੀ ਹੋਵੇ ਤਾਂ ਹਿੰਦੀ ਜਾਂ ਉਰਦੂ ਵਿੱਚ ਕਰਦੇ ਨੇਂ, ਤੇ ਪੰਜਾਬੀ ਵਿੱਚ ਜ਼ਿਆਦਾ ਗੱਲ ਪੰਜਾਬ ਦੇ ਪਿੰਡ ਦੀ ਕਰਦੇ ਨੇਂ।

ਪੰਜਾਬ ਦੇ ਪਿੰਡ ਦੀ ਗੱਲ ਜ਼ਰੂਰ ਕਰਨੀ ਚਾਹੀਦੀ ਹੈ, ਪਰ ਪੰਜਾਬੀ ਨੂੰ ਇਹਦੇ ਤੀਕਰ ਮਹਿਦੂਦ/l i mi t ਕਰ ਦੇਣਾ ਆਪਣੀ ਮਾਂ ਬੋਲੀ ਦੀ ਸੇਵਾ ਨ੍ਹੀਂ।

ਲੋੜ ਇਸ ਗੱਲ ਦੀ ਹੈ ਕਿ ਪੰਜਾਬੀ ਵਿੱਚ ਅਜੋਕੀ ਗੱਲ ਕੀਤੀ ਜਾਵੇ। ਅੱਜ ਪੰਜਾਬੀ ਜਿਹੜਾ ਜੀਵਨ ਜੱਰ ਰਹੇ ਨੇਂ, ਉਹਦੀ ਗੱਲ ਕੀਤੀ ਜਾਵੇ। ਅੱਜ ਦੀ ਦੁਨੀਆਂ ਵਿੱਚ ਸਾਰੇ ਜਹਾਨ ਦੀਆਂ ਜਿੰਦੜੀਆਂ ਇੱਕ ਦੂਜੇ ਨਾਲ ਜੁੜੀਆਂ ਹੋਈਆਂ ਨੇਂ। ਦੁਨੀਆਂ ਦੇ ਹਰ ਬੰਦੇ ਦੀਆਂ ਮੁਸ਼ਕਲਾਂ ਅਤੇ ਆਸਾਂ ਜੁੜੀਆਂ ਹੋਈਆਂ ਨੇਂ। ਇਸ ਕਰ ਕੇ ਅੱਜ ਜੁਨੀਆ ਦੀਆਂ ਕਹਾਣੀਆਂ ਵੀ ਜੁਣੀਆਂ ਹੋਈਆਂ ਨੇਂ। ਇਸ ਲਈ ਅੱਜ ਦੀ ਪੰਜਾਬੀ ਕਹਾਣੀ ਵੀ ਉਹੀ ਵੈਣ ਪਾਏ ਗੀ ਜਿਹੜੀ ਦੁਨੀਆਂ ਦੀਆਂ ਦੂਜੀਆਂ ਜ਼ਬਾਨਾਂ ਦੀਆਂ ਕਹਾਣੀਆਂ ਪਈ ਪਾਂਦੀਆਂ ਨੇਂ।

# ਗੰਢਾਂ



ਲੋਕੀ ਡਰਦੇ ਨਾਂ ਨ੍ਹੀਂ ਰਖਦੇ, ਰਾਹ ਕਹਿ ਛਡਦੇ। ਕਬਰਾਂ ਦੇ ਰਾਹ ਦਾ ਨਾਂ ਰੱਖਣ ਵੀ ਕੀ, ਮੌਤ ਦਾ ਰਾਹ?

ਰਾਹ ਦੇ ਚਾਰ ਚੁਫ਼ੇਰੇ ਮੌਤ ਦੀਆਂ ਢੇਰੀਆਂ। ਦੱਬੀਆਂ ਹੋਈਆਂ, ਮੋਈਆਂ ਆਸਾਂ, ਮੋਈਆਂ ਬਾਤਾਂ। ਭੁੱਲੀ ਬੋਲੀ ਦੇ ਲੇਖ, ਅਲਟਰਾ ਸਾਊਂਡ/ul t r asound ਵੈਣ। ਗੁੱਜੀਆਂ ਗੰਢਾਂ!

ਮੌਤ ਦੀਆਂ ਪੋਰਾਂ ਗੰਢਾਂ ਖੋਲਣ, ਭੋਈਂ ਜ਼ਰਖ਼ੇਜ਼/ਉਪਾਜਾ।

ਗਿੱਲੀ ਮਿੱਟੀ, ਨਵਾਂ ਬੀ। ਨਵਾਂ ਜੀਵਨ, ਨਵੀਂ ਕਹਾਣੀ।

ਗੰਢਾਂ ਖੁਲਣ, ਗੰਢਾ ਪੈਣ!

# ਸੁਫ਼ਣਾ



ਕਲ ਮੈਨੂੰ ਇਕ ਸੁਫ਼ਣਾ ਟਕਰਿਆ।

ਰਾਤੀ ਅਚਾਨਕ ਅੱਖ ਖੁਲ੍ਹ ਗਈ। ਅਜੇ ਸੁਫ਼ਣਾ ਮੇਰੀਆਂ ਯਾਦਾਂ ਵਿੱਚ ਮੁੜ ਲੁੱਕਣ ਦੀ ਥਾਂ ਲਭਦਾ ਈ ਸੀ ਕਿ ਮੈਂ ਉਹਨੂੰ ਫੜ ਲਿਆ, ਗਿੱਚੀਓਂ।

--- ਅੱਜ ਤੇਰੀ ਵਾਰੀ ਸੀ?

ਮੈਂ ਨੀਂਦਰ ਵਿੱਚ ਪੁਛਿਆ।

ਉਹ ਕੁਝ ਨਾ ਬੋਲਿਆ।

--- ਮੇਰੇ ਤੋਂ ਹੋ ਕੇ ਕਲ੍ਹ ਤੂੰ ਕਿਸੇ ਹੋਰ ਨੂੰ ਇਹੋ ਤਮਾਸ਼ਾ ਵਖਾਏਂ ਗਾ?

ਮੈਂ ਅੱਖਾਂ ਚੁੰਨੀਆਂ ਕਰ ਕੇ ਉਹਨੂੰ ਧਿਆਨ ਨਾਲ ਵੇਖਿਆ।

ਉਹਦੀ ਤਕਣੀ ਮੇਰੇ ਕੋਲੋਂ ਸਹਾਰੀ ਨਾ ਗਈ।

--- ਤੂੰ ਸ਼ਾਇਦ ਮੇਰੇ ਵੱਲ ਪਹਿਲੀ ਵਾਰੀ ਆਇਆਂ ਏਂ। ਡਰ ਨਾ। ਮੈਨੂੰ ਤੇ ਸੁਫ਼ਣੇ ਚੇਤੇ ਈ ਨ੍ਹੀਂ ਰਹਿੰਦੇ। ਮੈਂ ਕਿਸੇ ਨੂੰ ਤੇਰੇ ਬਾਰੇ ਕੁੱਝ ਨ੍ਹੀਂ ਦੱਸਾਂ ਗਾ।

ਉਹਨੇ ਉਦਾਸ ਜਿਹੀ ਮੁਸਕਾਨ ਨਾਲ ਦੱਸਿਆ ਕਿ ਹਰ ਬੰਦੇ ਦੇ ਆਪਣੇ ਸੁਫ਼ਣੇ ਹੁੰਦੇ ਨੇਂ, ਉਹ ਦੂਜਿਆਂ ਕੋਲ ਨ੍ਹੀਂ ਜਾਂਦੇ।

--- ਮੇਰੇ ਕਿੰਨੇ ਸੁਫ਼ਣੇ ਨੇਂ?

--- ਤੇਰਾ ਮੈਂ ਇਕੱ ਈ ਆਂ।

--- ਇੱਕੋ ?

ਮੈਂ ਹੈਰਾਣ ਹੋ ਕੇ ਉਹਨੂੰ ਸਿਹਾਣਨ ਦੀ ਕੋਸ਼ਿਸ਼ ਕੀਤੀ।

--- ਕੀ ਏਂ ਤੂੰ?

# ਹਨੇਰੀ ਛਾਂ



ਘੁੱਗੀ ਬਿਜਲੀ ਦੀ ਤਾਰ ਉੱਤੇ ਬੈਠੀ ਰਹਿੰਦੀ ਏ, ਚੁੱਪ ਚਾਪ।

ਮੈਨੂੰ ਇਸਤੋਂ ਬੜਾ ਡਰ ਆਂਦਾ ਏ। ਨਿਆਣਾ ਕੋਈ ਤਾਰ ਥੱਲੋਂ ਲੰਗਦਾ ਵੇਖਾਂ ਤੇ ਦਿਲ ਨੂੰ ਹੱਥ ਪੈਂਦਾ ਏ।

ਖ਼ਵਰੇ ਕਿੱਥੋਂ ਆਜਾਂਦੀ ਏ ਇਹ ਗੂੰਗੀ ਜਿਹੀ, ਘੰਟਿਓ ਘੰਟੇ ਬੈਠੀ ਰਹਿੰਦੀ ਏ, ਚੁਪ ਚਾਪ। ਖ਼ਵਰੇ ਕੀ ਵੇਖਦੀ ਰਹਿੰਦੀ ਏ, ਕਿੰਨੂੰ ਉਡੀਕਦੀ ਰਹਿੰਦੀ ਏ?

ਹੌਲੀ ਹੌਲੀ ਧੁੱਪ ਅੱਗੇ ਨੂੰ ਵੱਧਦੀ ਰਹਿੰਦੀ ਏ ਤੇ ਹਰ ਸ਼ੈਅ ਦਾ ਰੰਗ ਨਿਤਰੇ ਤੋਂ ਗੂੜ੍ਹਾ ਜਿਹਾ ਹੋਈ ਜਾਂਦਾ ਏ। ਫ਼ਿਰ ਪਤਾ ਨਈਂ ਇਹ ਧੁੱਪ ਤੇ ਘੁੱਗੀ ਕਿੱਥੇ ਉੱਡ ਜਾਂਦੇ ਨੇਂ। ਪਿੱਛੇ ਖ਼ਾਲੀ ਬਿਜਲੀ ਦੀ ਤਾਰ ਅਤੇ ਹਨੇਰੀ ਜਿਹੀ ਛਾਂ ਛੱਡ ਜਾਂਦੇ ਨੇਂ।

# ਗੱਲਾਂ ਬਾਤਾਂ



ਰੋਜ਼ ਇੱਕ ਘੰਟੇ ਦੀ ਔਨ ਲਾਈਨ/Onl i ne ਨਰਸਰੀ ਕ੍ਲਾਸ ਪੜ੍ਹ ਪੜ੍ਹ ਕੇ ਓਹ ਬਹੁਤ ਥੱਕ ਜਾਂਦੀ ਹੈ। ਇਸ ਲਈ ਫਿਰ ਰਿਲੈਕ੍ਸ ਕਰਣ ਲਈ ਮੇਰੇ ਕੋਲ ਆ ਜਾਂਦੀ ਹੈ, "ਗੱਲਾਂ ਬਾਤਾਂ" ਕਰਨ।

ਗੱਲਾਂ ਦਾ ਮਤਲਬ ਏ ਗੱਲਾਂ, ਤੇ ਬਾਤਾਂ ਉਹ ਇਸ ਦੁਰਾਨ ਹੱਥ ਨਚਾਣ ਨੂੰ ਕਹਿੰਦੀ ਏ। ਯਾਨੀ ਹੱਥ ਨਚਾ ਨਚਾ ਕੇ ਗੱਪਾਂ ਮਾਰਦੀ ਏ ਮੇਰੇ ਨਾਲ।

--- ਬਾਬਾ, ਚਿੜੀ ਰਹਿੰਦੀ ਕਿੱਥੇ ਹੈ?

--- ਆਪਣੇ ਘਰ।

--- ਔਹਦਾ ਘਰ ਕਿੱਥੇ ਹੋਂਦਾ ਏ?

--- ਰੁੱਖਾਂ ਉੱਤੇ।

--- ਬਾਬਾ, ਤੇਰਾ ਦਮਾਗ਼ ਤੇ ਨ੍ਹੀਂ ਚਲ ਗਿਆ?

ਉਹਨੇ ਖਪਕ ਕੇ ਮੈਨੂੰ ਲਤਾੜਿਆ, ਤੇ ਨਾਲ ਈ ਖਿਲ ਕੇ ਮੇਰੇ ਵੱਲ ਵੇਖਿਆ। ਹਮਿਸ਼ਾ ਦੀ ਤਰ੍ਹਾਂ ਮੇਰਾ ਹਾਸਾ ਛੁੱਟ ਗਿਆ, ਤੇ ਉਹ ਵੀ ਜ਼ੋਰ ਜ਼ੋਰ ਦੀ ਹੱਸਣ ਲੱਗ ਪਈ।

# ਜਾਦੂਗਰਨੀ



ਢਿੱਲਾ ਹੋ ਕੇ ਮੈਂ ਸੋਫ਼ੇ ਅੰਦਰ ਵੜਿਆ ਸਾਂ, ਸਿਰ ਢੋ ਤੋਂ ਥੱਲੇ, ਤੇ ਪੈਰ ਪਾਵਿਆਂ ਤੋਂ ਦੂਰ। ਫ਼ੂਲ ਰਿਲੈਕ੍ਸ। ਇੱਕ ਦੰਮ ਸੋਚ ਆਈ, ਮੈਂ ਰੋਟੀਆਂ ਦੇ ਰੁਮਾਲ ਵਰਗਾ ਹਾਂ, ਸਸਤੇ ਮਸ਼ੀਨੀ ਪਰਿੰਟਾਂ ਵਾਲੇ। ਰੋਟੀਆਂ ਪੈ ਗਈਆਂ ਤੇ ਫੁਲ ਗਿਆ, ਨਹੀਂ ਤਾਂ ਛਿਛੜਾ। ਸਾਰੀ ਫੂਕ ਨਿਕਲ ਗਈ। ਸੌਦੇ ਦੀ ਖੁਸ਼ੀ ਵਿੱਚ ਸਿਗਰਟ ਫੂਕ੍ਦੇ, ਰੌਸ਼ਨ ਦਿਨ ਵਿੱਚ ਇਹ ਹਨੇਰੀ ਸ਼ਾਮ ਕਿੱਥੋਂ ਆ ਵੜੀ ਸੀ?

ਬੰਦਾ ਨਿਰਾ ਇੱਕ ਸੋਚ ਦੀ ਮਾਰ ਏ। ਖਵਰੇ ਕਿਵੇਂ ਆ ਕੇ ਬੇੜਾ ਗ਼ਰਕ ਕਰ ਜਾਂਦੀ ਏ। ਕਿੱਥੋਂ ਆਉਂਦੀ ਏ, ਕਿਉਂ, ਕੌਣ ਘਲਦਾ ਏ, ਕੁਝ ਪਤਾ ਨਹੀਂ। ਜਿਸ ਤਰ੍ਹਾਂ ਦੂਰ ਚਿੱਲਾ ਕਰਦੀ ਜਾਦੂਗਰਨੀ ਮੰਤਰ ਫੂਕੇ, ਤੇ ਦਮਾਗ਼ ਵਿੱਚ ਇੱਕ ਸੋਚ ਜੱਗ ਪਵੇ।

ਉਹ ਹਨੇਰੀ ਸੋਚ ਇੰਜ ਈ ਜੱਗ ਪਈ ਸੀ, ਸਿਗਰਟ ਫੂਕਦਿਆਂ। ਮੈਂ ਘੁਲਣ ਲੱਗ ਪਿਆ, ਹੌਲੀ ਹੌਲੀ, ਸਿਗਰਟ ਵਾਂਗ। ਖੋਪੜੀ ਅੰਦਰ ਸ਼ਾਮਾਂ ਪੈਣ ਲੱਗ ਪਈਆਂ।

ਇਸੀ ਸ਼ਾਮ ਵਿੱਚ ਵਹੁਟੀ ਆ ਬੈਠੀ, ਮੇਰੇ ਸਾਹਮਣੇ। ਗੱਲਾਂ ਕਰਣ ਲੱਗ ਪਈ। ਕਦੀ ਹੱਥ ਨਚਾਏ, ਕਦੀ ਠੱਠਾ ਮਾਰੇ, ਕਦੀ ਦੰਦ ਕਰੀਚੇ। ਮੈਂ ਬੰਦ ਦਮਾਗ਼ ਨਾਲ ਉਹਨੂੰ ਵੇਖਦਾ ਰਿਹਾ। ਸਾਡੇ ਵਿੱਚ ਹਨੇਰੀ ਸ਼ਾਮ ਦੀ ਧੁੰਦ ਫੈਲੀ ਸੀ। ਮੈਂ ਜ਼ੋਰ ਲਾ ਕੇ ਉਹਦੀਆਂ ਗੱਲਾਂ ਸੁਣਨ ਦੀ ਕੀਤੀ। ਆਵਾਜ਼ ਇਸ ਤਰ੍ਹਾਂ ਪਈ ਆਂਦੀ ਸੀ ਜਿਵੇਂ ਅੰਨ੍ਹੇ ਖੂਹ ਵਿੱਚ ਡਿਗਦੇ, ਨਾਲ ਬਨੇਰੇ ਤੇ ਖਲੋਤੀ ਬਾਤ ਪਾਂਦੀ ਹੋਵੇ।

ਉਹਦੀਆਂ ਲੱਤਾਂ ਪੀੜ ਕਰਦੀਆਂ ਸਣ। ਮੈਂ ਆਖਿਆ ਪੈਨਾਡੌਲ ਖਾ ਲਵੇ, ਐਕ੍ਸਟ੍ਰਾ, ਦੋ ਗੋਲੀਆਂ। ਉਹ ਸੁਣੀ ਅਨ ਸੁਣੀ ਕਰ ਕੇ ਬੋਲਦੀ ਰਹੀ। ਦਸਦੀ ਰਹੀ ਕਿੱਥੇ ਕਿੱਥੇ ਪੀੜ ਸੀ, ਇਗਜ਼ੈਕ੍ਟਨੀ ਕਿਸ ਕਿਸ ਪੱਠੇ ਵਿੱਚ; ਤੇ ਕਿਸ ਪੱਠੇ ਵਿੱਚ ਕਿੰਜ ਦੀ। ਉਸ ਹਨੇਰੀ ਸ਼ਾਮ ਵਿੱਚ ਲਿਪਟੇ, ਜ਼ੋਰ ਲਾ ਕੇ ਗੱਲ ਸੁਣਦੇ ਸਮਝ ਆਈ ਕਿ ਉਹਦੇ ਹਰ ਪੱਠੇ ਵਿੱਚ ਵਖਰੀ ਟੈਪ ਦੀ ਪੀੜ ਪਈ ਹੁੰਦੀ ਸੀ।

ਮੈਂ ਖਿੱਜ ਗਿਆ। ਇੱਥੇ ਮੇਰੀ ਹੋਂਦ ਦਾਅ ਤੇ ਲੱਗੀ ਸੀ, ਤੇ ਉਹਨੂੰ ਆਪਣੀਆਂ ਪੀਣਾਂ ਦੀਆਂ ਕਿਸਮਾਂ ਦੀ ਸੁਝਦੀ ਪਈ ਸੀ। ਮੈਂ ਧਿਆਨ ਮੋੜ ਕੇ ਫ਼ਿਰ ਉਸ ਕਾਲੀ ਸੋਚ ਵਲ ਕੀਤਾ, ਪਰ ਉਹਦੀਆਂ ਗੱਲਾਂ ਪਿੱਛੋਂ ਖਿਚਦੀਆਂ ਸਨ। ਮੇਰਾ ਧਿਆਨ ਮੁੜ ਉਸ ਵਲ  ਹੋਣ ਲੱਗ ਪਿਆ। ਮੈਂ ਫਿਰ ਜ਼ੋਰ ਲਾ ਕੇ ਉਹਦੀਆਂ ਸੁਣਨ ਲੱਗ ਪਿਆ।

ਉਹ ਅਜੇ ਵੀ ਆਪਣੀਆਂ ਪੀਣਾਂ ਦੀਆਂ ਕਿਸਮਾਂ ਪਈ ਦਸਦੀ ਸੀ। ਇਹ ਤੀਵੀਆਂ ਵੀ ਅੱਧੀਆਂ ਪਾਗਲ ਹੁੰਦੀਆਂ ਨੇਂ, ਦਰਦਾਂ ਦੀਆਂ ਕਿਹੜੀਆਂ ਕਿਸਮਾਂ ਨੇਂ, ਉਹ ਵੀ ਇੱਕੋ ਲੱਤ ਵਿੱਚ? ਮੈਂ ਚਿੜ ਕੇ ਆਖਿਆ ਪੀੜ ਤੇ ਪੀੜ ਹੁੰਦੀ ਏ, ਇੰਜ ਦੀ ਤੇ ਉਂਜ ਦੀ ਕੀ ਹੋਇਆ, ਦੁਆਈ ਖਾ ਠੀਕ ਹੋਜਾਏਂ ਗੀ। ਉਹ ਜੁੜ ਗਈ ਮੇਰੇ ਨਾਲ। ਪਹਿਲਾਂ ਮੈਨੂੰ ਕਾਇਲ ਕਰਦੀ ਰਹੀ ਕਿ ਪੀਣਾ ਕਈ ਟੈਪ ਦੀਆਂ ਹੁੰਦੀਆਂ ਨੇਂ। ਕਿੰਨਾ ਚਿਰ ਈ ਬੋਲਦੀ ਰਹੀ। ਜਦੋਂ ਉਹਨੂੰ ਜਾਪਿਆ ਮੈਂ ਉਹਦੀਆਂ ਦਲੀਲਾਂ ਨੂੰ ਘਾ ਨਹੀਂ ਸਾਂ ਪਾ ਰਿਹਾ, ਸਿੱਧੀ ਹੋ ਗਈ। ਫਿਰ ਉਹੀ ਗੱਲਾਂ ਛੋਹ ਪਈਆਂ, ਤੈਨੂੰ ਮੇਰਾ ਕੋਈ ਖ਼ਿਆਲ ਨਹੀਂ, ਤੂੰ ਮੈਨੂੰ ਪਿਆਰ ਨਹੀਂ ਕਰਦਾ। ਪਿਆਰ ਨਹੀਂ ਕਰਦਾ ਉੱਤੇ ਮੈਨੂੰ ਉਹ ਲਤੀਫ਼ਾ ਚੇਤੇ ਆਗਿਆ ਜਿਹਦੇ ਵਿੱਚ ਇਸ ਗੱਲ ਉੱਤੇ ਸਰਦਾਰ ਵਹੁਟੀ ਨੂੰ ਆਖਦਾ ਏ, ਫਿਰ ਇਹ ਚਾਰ ਨਿਆਣੇ ਇੰਟਰਨੈੱਟ ਤੋਂ ਡਾਊਨਲੋਡ ਕੀਤੇ ਨੇਂ?

ਮੈਨੂੰ ਹਾਸਾ ਆਗਿਆ। ਉਹ ਸਮਝੀ ਮੈਂ ਉਹਦੀਆਂ ਗੱਲਾਂ ਦਾ ਹਾਸਾ ਪਿਆ ਉਡਾਂਦਾ ਸਾਂ।

ਜਿੰਨਾ ਮਨਾਵਾਂ, ਉਂਨਾ ਈ ਬਿਫਰਦੀ ਜਾਏ। ਅਗਲੇ ਪਿਛਲੇ ਸਾਰੇ ਸ਼ਿਕਵੇ ਨਿਕਲ ਆਏ। ਮੈਨੂੰ ਵੀ ਗ਼ੁੱਸਾ ਆਗਿਆ, ਮੈਂ ਵੀ ਬੜਾ ਕੁਝ ਬੋਲ ਦਿੱਤਾ। ਗੱਲ ਵਧਦੇ ਵਧਦੇ ਵਧਦੀ ਗਈ। ਨਵੀਂ ਗੱਲ ਕੋਈ ਵੀ ਨਹੀਂ ਸੀ, ਕਲਾਈਮੈਕ੍ਸ ਛੇਤੀ ਅਪੜ ਗਿਆ। ਹੌਲੀ ਹੌਲੀ ਅਸੀਂ ਮੱਠੇ ਪੈਂਦੇ ਗਏ। ਕੁਝ ਦਿਲ ਦਾ ਗ਼ੁਬਾਰ ਵੀ ਕੱਢ ਬੈਠੇ ਸਾਂ ਤੇ ਕੁਝ ਥੱਕ ਵੀ ਗਏ ਸਾਂ।

ਉਹ ਮੂੰਹ ਬਣਾ ਕੇ ਬਿਸਤਰੇ ਤੇ ਪੈ ਗਈ। ਮੈਂ ਉਹਦੇ ਪਿੱਛੇ ਪਿੱਛੇ। ਪਹਿਲਾਂ ਲੰਮਾ ਪਿਆ, ਫਿਰ ਨਾਲ ਜੁੜਿਆ, ਫਿਰ ਉਹਦੇ ਕੰਨੀ ਮਿੱਠੀਆਂ ਗੱਲਾਂ ਪਾਣ ਲੱਗ ਪਿਆ, ਉਹ ਹੱਸੀ ਤਾਂ ਉੱਤੇ ਥੱਲੇ ਨੂੰ ਹੱਥ ਪਾ ਲਏ।

ਅੱਧੇ ਘੰਟੇ ਪਿੱਛੋਂ ਉਹ ਗ਼ੁਸਲਖ਼ਾਨੇ ਗਈ ਤੇ ਮੈਂ ਸੋਚਣ ਲੱਗ ਪਿਆ ਉਹ ਕਿਹੜੀ ਸੋਚ ਸੀ, ਕਾਲੀ, ਜਾਦੂ ਵਾਲੀ? ਸੋਚ ਤੇ ਚੇਤੇ ਨਾ ਆਈ ਮੇਰੀ ਜਾਦੂਗਰਨੀ ਆਗਈ, ਆਪਣੀ ਸੁੱਥਨ ਲੈਣ!

# ਪ੍ਲਾਸਟਿਕ ਦੀ ਟੁੱਟੀ ਗੱਡੀ




ਪ੍ਲਾਸਟਿਕ ਦੀ ਟੁੱਟੀ ਗੱਡੀ, ਧੁੱਪੇ ਸੜਦੀ ਰਹਿੰਦੀ ਏ। ਪਿਛਲੇ ਟੈਰ ਵਿਛੋੜ ਗਏ ਨੇਂ। ਨਾ ਕੋਈ ਚੁਕਦਾ ਹੈ, ਨਾ ਕੋਈ ਸੁਟਦਾ ਹੈ। ਸਾਫ਼ ਵੀ ਨ੍ਹੀਂ ਕਰਦੇ, ਤੇ ਨਾ ਹੀ ਰੱਦੀ ਵਾਲੇ ਨੂੰ ਵੇਚਦੇ ਨੇ।

ਪ੍ਰਾਈਵੇਟ ਕੰਪਨੀ ਦੀ "ਰਾਈਟ ਸਾਈਜ਼ਡ" ਇੰਪ੍ਲੌਈ ਲਗਦੀ ਏ, ਜਿਹਨੂੰ ਪੈਨਸ਼ਨ ਦੀ ਵੀ ਉਡੀਕ ਨਹੀਂ ਹੁੰਦੀ।

ਕਦੀ ਕੋਈ ਬਾਲ ਉੱਤੇ ਬਹਿ ਈ ਜਾਏ ਤੇ ਮੁਸਕਾਂਦੀ ਜਾਪਦੀ ਏ।

ਖ਼ਵਰੇ ਮੇਰੇ ਵਾਂਗ ਇਹਨੂੰ ਵੀ ਆਪਣੀ ਹੋਂਦ ਬਾਲਾਂ ਦੀ ਜੇਲ ਵਿੱਚ ਕੈਦ ਦਿਸਦੀ ਹੋਵੇ?

# ਬੂਟਾ



ਹਾੜ ਦੇ ਲੰਮੇ ਦਿਨ ਵਿੱਚ ਖਲੋਤਾ ਨਿੱਕਾ ਜਿਹਾ ਬੂਟਾ। ਬੋੜ੍ਹ ਦੀ ਛਾਂ ਥੱਲੇ। ਪਿਆਸਾ। ਜੀਅ ਕੀਤਾ ਪਾਣੀ ਲਾਵਾਂ, ਪਰ ਦੁਪੈਹਰੇ ਬੂਟੇ ਨੂੰ ਪਾਣੀ ਨ੍ਹੀਂ ਲਾਈ ਦਾ। ਸ਼ਾਮੀ ਲਾਵਾਂ ਗਾ।

ਨੌਕਰ ਦਾ ਮੁੰਡਾ ਸ਼ੜੱਪੇ ਮਾਰਦਾ ਬਗ਼ੀਚੇ 'ਚ ਆ ਵੜਿਆ। ਮੈਨੂੰ ਵੇਖ਼ਦੇ ਈ ਪੱਥਰ ਹੋਗਿਆ। ਚੰਗਾ ਲੱਗਾ। ਨੌਕ੍ਰਾਂ ਉੱਤੇ ਰੋਅਬ ਹੋਣਾ ਚਾਹੀਦੈ। ਡਰ ਕਾਇਮ/subsi st ਰੱਖਣ ਲਈ ਉਹਨੂੰ ਘੂਰੀ ਮਾਰਦਾ, ਬੋਲੇ ਪੁੱਛੇ ਬਿਨਾਂ ਈ ਅੰਦਰ ਮੁੜ ਆਇਆ।

ਸ਼ਾਮੀ ਬੂਟੇ ਨੂ ਪਾਣੀ ਲਾਣ ਗਿਆ ਤੇ ਨੌਕਰ ਦਾ ਮੁੰਡਾ ਬੂਟੇ ਕੋਲ ਬੰਟੇ ਖੇਡਦਾ ਸੀ। ਇੰਨੀ ਛੇਤੀ ਲੈਹ ਗਿਆ ਘੂਰੀ ਦਾ ਅਸਰ?

ਮੈਂ ਉਡੀਕਣ ਲੱਗ ਪਿਆ ਕਿ ਮੇਰੇ ਵਲ ਧਿਆਨ ਪਾਏ ਤੇ ਯਰਕਾਵਾਂ। ਉਡੀਕਦਾ ਈ ਰਹਿ ਗਿਆ। ਹੌਲ਼ੀ ਹੌਲ਼ੀ ਸਮਝ ਆਈ ਉਹ ਕੱਲਾ ਨ੍ਹੀਂ ਸੀ। ਟੋਏ 'ਚ ਪਏ ਬੰਟਿਆਂ ਨੂੰ ਨਿਸ਼ਾਨੇ ਮਾਰਦਾ, ਬੂਟੇ ਨਾਲ ਗੱਲਾਂ ਵੀ ਕਰੀ ਜਾਂਦਾ ਸੀ। ਹੁਣ ਕੀ ਕਰਾਂ? ਰੋਅਬ ਰਖਣਾ ਵੀ ਜ਼ਰੂਰੀ ਸੀ, ਪਾਣੀ ਲਾਣਾ ਵੀ।

ਇੱਕ ਬੰਟਾ ਬੂਟੇ ਨੂੰ ਜਾਂਦਿਆਂ ਮੇਰੀ ਨਜ਼ਰ ਵੀ ਨਾਲ ਧ੍ਰੂ ਗਿਆ। ਬੂਟਾ ਭਿੱਜਿਆ ਪਿਆ ਸੀ।

ਮੈਂ ਮੁੜ ਆਇਆ। ਰੋਅਬ ਫਿਰ ਸਹੀ।

# ਜੌਗਰ੍ਜ਼ ਪਾਰ੍ਕ[1]



ਉਹ ਫ਼ਿੱਟ ਵੀ ਸੀ ਤੇ ਰੋਮਾਨਚਿਕ ਵੀ। ਜੇਹੜੀ ਕੁਲੀਗ/coll eague ਬੁਰਾ ਨਾ ਮਨਾਏ ਉਹਦੇ ਨਾਲ ਨਿਮ੍ਹਾ ਨਿਮ੍ਹਾ ਫ਼੍ਲਰ੍ਟ/f l i r t ਕਰ ਲਿਆ ਕਰਦਾ। ਬੱਦ ਤਮੀਜ਼ ਨ੍ਹੀਂ ਸੀ ਨਾਲੇ ਰਿਟਾਇਰ ਹੋਣ ਵਾਲਾ ਸੀ, ਹਾਸਾ ਮਜ਼ਾਕ ਲੱਗਿਆ ਹੀ ਰਹਿੰਦਾ।

ਐਨੀ ਨਾਲ ਗੱਪਾਂ ਮਾਰਦੇ, ਚਾਅ ਦਾ ਘੁੱਟ ਭਰਦੇ ਨਾਲ ਈ ਖ਼ਵਰੇ ਕੀ ਖ਼ਿਆਲ ਆਇਆ ਕਿ ਫੂੰ ਕਰ ਕੇ ਸਾਰੀ ਚਾਅ ਫ਼ੁਆਰੇ ਵਾਂਗ ਮੂੰਹ ਚੋਂ ਨਿਕਲ ਗਈ ਤੇ ਓਹ ਹੱਸ ਹੱਸ ਕੇ ਦੂਹਰਾ ਹੋ ਗਿਆ।

ਸੌਰੀ ਸੌਰੀ ਕਹਿੰਦੇ ਟਿੱਸ਼ੂ ਨਾਲ ਮੇਜ਼ ਤੋਂ ਚਾਅ ਦੀਆਂ ਛਿੱਟਾਂ ਸਾਫ਼ ਕਰਦੇ ਹਾਸਾ ਮਰ ਗਿਆ।

ਐਨੀ, ਪਤਾ ਤੈਨੂੰ ਵੇਖ ਕੇ ਜੀਅ ਕੀ ਕਰਦੈ? ਜੀ ਕਰਦੈ ਤੂੰ ਮੇਰੀਆਂ ਲੱਤਾਂ ਘੁੱਟੇਂ। ਕਸਮੇਂ, ਸਾਰੀ ਰਾਤ ਪੀੜ ਕਰਦੀਆਂ ਨੇਂ।

[1] Joggers' Park, ਹਿੰਦੀ ਫ਼ਿਲਮ

# ਅੱਬੇ ਦਾ ਘਰ

ਘਰ ਮਾੜੇ ਉਸਾਰਦੇ ਨੇਂ, ਚਿੜਿਆਂ, ਕੀੜੀਆਂ ਅਤੇ ਮਿਡਲ ਕਲਾਸੀਏ। ਸ਼ੀਆਂ ਭਗਿਆੜਾਂ ਵੀ ਕਦੀ ਕੋਠੇ ਪਾਏ ਨੇਂ?

ਕੰਧਾਂ ਪੁੰਗਰਦੇ ਮੈਂ ਡੁੱਬਣ ਲੱਗਾ ਸਾਂ, ਇੱਕ ਸੀਨ ਟੰਗਿਆ ਹੈ ਦਮਾਗ਼ ਵਿੱਚ, ਅੱਜ ਤੀਕਰ। ਖ਼ਵਰੇ ਚੇਤੇ ਵੇ ਯਾਂ ਗੱਲਾਂ ਸੁਣ ਸੁਣ ਕੇ ਫ਼ਿਲਮ ਬਣ ਗਈ ਹੈ। ਕਰਜ਼ਾ ਚੁੱਕ ਕੇ ਬਣਦਾ ਘਰ ਵੇਖਣ ਅੱਬਾ ਹਰ ਦੂਜੇ ਦਿਨ ਲੈ ਆਂਦਾ ਸੀ।

--- ਐਹ ਆਪਣਾ ਘਰ ਹੋਣੈ। ਐਹ ਆਪਣਾ ਘਰ ਹੋਣੈ।

ਘੜੀ ਮੁੜੀ ਇੰਜ ਕਹਿੰਦਾ ਜਿਵੇਂ ਸ਼ੋਹਦੇ ਨਵੀਂ ਸ਼ੈਅ ਦੀ ਸ਼ੋਅ/show ਮਾਰਦੇ ਨੇਂ। ਬਹੁਤ ਖ਼ੁਸ਼ ਸੀ। ਆਪਣਾ ਘਰ ਉਸਾਰਨਾ ਇਸ ਇਕਨੌਮਿਕ/economic ਜ਼ਾਤ ਲਈ ਬਾਲ ਜਮੱਣ ਵਾਂਗ ਹੁੰਦੈ, ਜਿਹਨੂੰ ਜੰਮਦੇ ਭੀਤਰੋਂ ਖੜਕ ਜਾਂਦੈ। ਬਾਕੀ ਉਮਰ ਇਹਨੂੰ ਪੋਸਦੇ, ਵੱਡਾ ਕਰਦੇ, ਅਖ਼ੀਰ ਛੇ ਫ਼ੁੱਟੇ ਟੋਏ 'ਚ ਜਾ ਪੈਂਦੈ।

ਸਾਰਾ ਟੱਬਰ ਚੂਚਿਆਂ ਵਾਂਗ ਅੱਬੇ ਪਿੱਛੇ ਫਿਰਦਾ, ਦਸ ਮਰਲੇ ਵਿੱਚ ਘੜਦੀਆਂ ਪਈਆਂ ਡੱਬੀਆਂ ਮਲਦਾ,

--- ਐਹ ਮੇਰਾ ਕੰਮਰਾ ਏ, ਐਹ ਮੇਰਾ।

ਆਮ ਤੌਰ/usually ਤੇ ਮੈਂ ਵੀ ਉਹਨਾਂ ਨਾਲ ਹੀ ਲਗਾ ਫਿਰਦਾ, ਪਰ ਉਸ ਵਾਰੀ ਮੇਰਾ ਸਾਰਾ ਧਿਆਨ ਪਾਣੀ ਨੇ ਚੂਪ ਲਿਆ ਸੀ। ਇੱਕ ਨਿੱਕਾ ਜਿੰਨਾ ਤਲਾਅ ਜਿਹਾ ਖੋਦਿਆ ਸੀ ਮਜ਼ਦੂਰਾਂ ਨੇ। ਏਵੇਂ ਪੰਜ 'ਕ ਫੁੱਟ ਲੰਮਾ ਚੌੜਾ ਤੇ ਤਿੰਨ ਕੁ ਫੁਟ ਡੂੰਘਾ।

ਮੈਂ ਇੱਕ ਸੋਟੀ ਫੜ ਕੇ ਤਲਾਅ ਦੇ ਕੰਡੇ ਪੈਰਾਂ ਭਾਰ ਬਹਿ ਗਿਆ ਤੇ ਪਾਣੀ ਵਿੱਚ ਪੱਤਰ ਤਰਾਣ ਲੱਗ ਪਿਆ। ਇੱਕ ਪੱਤਰ ਨੂੰ ਅਗਾਂਹ ਕਰਦਿਆਂ ਡੋਲਿਆ, ਤੇ ਥੜਾਪ ਤਲਾਅ ਵਿੱਚ। ਪੋਹ ਮਾਹ ਦੇ ਦਿਹਾੜ। ਮੇਰੀਆਂ ਚੀਕਾਂ ਸੁਣ ਕੇ ਸਾਰੇ ਨੱਸੇ ਆਏ। ਡੁਬਣਾ ਤੇ ਮੈਂ ਕੀ ਸੀ ਉਸ ਤਿਨ ਫੁੱਟੇ ਤਲਾਅ ਵਿੱਚ, ਪਰ ਤਰਾਹ ਮੇਰਾ ਡਾਹਡਾ ਨਿਕਲ਼ ਗਿਆ। ਕਈ ਦਿਨ ਤਾਪ ਚੜ੍ਹਦਾ ਰਿਹਾ। ਖ਼ਵਰੇ ਠੰਡ ਲੱਗਣ ਨਾਲ਼ ਯਾਂ ਡਰ ਨਾਲ਼।

ਪੂਰਾ ਘਰ ਇੱਕੋ ਵਾਰੀ ਨ੍ਹੀਂ ਸੀ ਬਣਿਆ। ਡ੍ਰਾਈਂਗ ਰੂਮ/drawing room, ਬਾਵਰਚੀ ਖ਼ਾਨਾ ਅਤੇ ਦੋ ਕੰਮਰੇ ਛੱਤ ਕੇ ਅਸੀਂ ਘਰ ਵੜ ਆਏ ਸਾਂ। ਨਾਨੀ ਮੇਰੀ ਜਦ ਵੀ ਆਂਦੀ ਤੇ ਹਸਦੀ ਕਿ ਤੁਹਾਡਾ ਪਿਓ ਤੇ ਤੁਹਾਨੂੰ ਗ਼ੁਸਲਖ਼ਾਨਿਆਂ ਦੇ ਬੂਹੇ ਲਵਾਏ ਬਿਨਾਂ ਹੀ ਘਰ ਵਾੜ ਦਿੱਤਾ ਸੀ, ਇਸੇ ਲਈ ਉਹ ਤਿੰਨ ਵਰ੍ਹੇ ਸਾਡੇ ਘਰ ਰਹਿਣ ਨ੍ਹੀਂ ਸੀ ਆਈ।

ਕਰਜ਼ਾ ਹੀ ਮੁੱਕ ਗਿਆ ਸੀ, ਅੱਬਾ ਕੀ ਕਰਦਾ? ਕਰਜ਼ੇ ਦੀ ਕਿਸ੍ਤ ਕਟਾਣ ਵਜੋਂ ਅੱਬੇ ਨੇ ਨਿੱਕੀ ਜਿਹੀ ਸਰਕਾਰੀ ਤਨਖ਼ਾਹ, ਰਜਿਸਟਰ ਉੱਤੇ ਵੱਡੇ ਅਖਰਾਂ ਵਿੱਚ ਦਰਜ ਕਰ ਕੇ ਵਿੱਚੋਂ ਕਿਸ੍ਤ ਮਿਨ੍ਹਾ/minus ਕੀਤੀ ਤੇ ਥੱਲੇ ਤੀਹ ਲਕੀਰਾਂ ਵਾਹ ਲਈਆਂ; ਬੇਬੇ ਨੇ ਵੀ ਤੀਹ ਲਕੀਰਾਂ ਵਾਹ ਲਈਆਂ ਸਨ, ਘਿਓ ਦੇ ਟੀਨ ਉੱਤੇ।

ਨਵੇਂ ਘਰ ਵਿੱਚ ਪਹਿਲੀ ਈਦ ਉੱਤੇ ਕਿਸੇ ਦਾ ਵੀ ਲੀੜਾ ਜੁੱਤੀ ਨਾ ਆਈ। ਕਿਉਂਜੇ ਅਸੀਂ ਸਾਰੇ ਹੀ ਨਿੱਕੇ ਸਾਂ, ਬੇਬੇ ਨੂੰ ਪਤਾ ਸੀ ਪਿੱਟ ਸਿਆਪਾ ਪੈਣਾ ਹੀ ਪੈਣਾ। ਉਹਨੇ ਬੜਾ ਡੈਮੋਕਰੈਟਿਕਲੀ/democratically ਸਾਨੂੰ ਮੈਨੂਵਰ/maneuver ਕੀਤਾ। ਸਭ ਨੂੰ ਕੱਠਾ ਕਰ ਕੇ ਦੱਸਿਆ ਬਈ ਵਾਧੂ ਪੈਸੇ ਘਰ ਉੱਤੇ ਲੱਗ ਗਏ ਨੇਂ, ਇਸ ਲਈ ਈਦ ਦਾ ਕੁਝ ਉਪਾਏ ਕਰਨਾ ਪਵੂ। ਹੁਣ ਯਾਂ ਤੇ ਅੱਬੇ ਨੂੰ ਦੋ ਮਹੀਨੇ ਰਾਤ ਤੀਕਰ ਕੰਮ ਕਰਨਾ ਪਵੇ ਗਾ, ਯਾਂ ਫਿਰ ਇਸ ਵਾਰੀ ਕੋਈ ਲੀੜਾ ਜੁੱਤੀ ਨਾ ਲਵੇ। ਮੇਰੇ ਸਿਵਾ/except ਸਾਰੇ ਫਾਏ ਵਿੱਚ ਫਸ ਗਏ। ਮੈਂ ਪਿੱਟ ਸਿਆਪਾ ਪਾ ਦਿੱਤਾ ਕਿ ਲੀੜੇ ਨਾ ਸਹੀ ਪਰ ਨਵੇਂ ਬੂਟ ਮੈਂ ਲੈਣੇ ਹੀ ਲੈਣੇ ਨੇਂ। ਲਾਡੂ ਕਾਕਾ ਹੋਣ ਕਰ ਕੇ ਮੇਰੇ ਲਈ ਐਕ੍ਸੈਪਸ਼ਨ/except i on ਕੱਢੀ ਗਈ ਤੇ ਦੋ ਹਫ਼ਤੇ ਪਹਿਲਾਂ ਹੀ ਮੇਰੇ ਬੂਟ ਆਗਏ। ਮੇਰੇ ਬੂਟ ਕੀ ਆਗਏ ਸਾਰਾ ਟੱਬਰ ਹੀ ਸ਼ੋਹਦਾ ਹੋਗਿਆ, ਹਰ ਵੇਲੇ ਹਰ ਗੱਲ ਉੱਤੇ ਚਟਖ਼ਾਰੇ ਲੈਂਦੇ, ਕਿੰਨੇ ਸੋਹਣੇ ਬੂਟ ਨੇਂ ਤੇਰੇ, ਨਵੇਂ ਨਕੋਰ ਨੇਂ, ਈਦ ਤੇ ਪਾਏਂ ਗਾ ਤੇ ਸ਼ਜ਼ਾਦਾ ਡਿੱਠੇਂ ਗਾ। ਮੈਂ ਬੀਊਟੀ ਐਂਡ ਦਾ ਬੀਸ੍ਟ ਵਾਲਾ ਬੀਸ੍ਟ ਬਣ ਗਿਆ, ਜਿਹਨੇਂ ਈਦ ਵਾਲੇ ਦਿਨ ਨਵੇਂ ਬੂਟ ਪਾਕੇ ਸ਼ਜ਼ਾਦਾ ਬਣ ਜਾਣਾ ਸੀ। ਰੋਜ਼ ਅਲਮਾਰੀ ਵਿੱਚੋਂ ਕਢਾ ਕੇ ਬੂਟ ਵੇਖਦਾ। ਈਦ ਆਈ ਪਰ ਮੈਂ ਬੂਟ ਨਾ ਪਾਏ, ਮੇਰੇ ਨਵੇਂ ਬੂਟ।

ਬੇਬੇ ਬੂਟ ਪਵਾਏ ਤੇ ਮੈਂ ਪਿੱਟ ਸਿਆਪਾ ਪਾਵਾਂ ਕਿ ਅਜੇ ਨ੍ਹੀਂ, ਇਹ ਤੇ ਮੈਂ ਈਦ ਉੱਤੇ ਪਾਵਾਂ ਗਾ। ਪਹਿਲਾਂ ਤੇ ਸਾਰੇ ਹੀ ਹਸਦੇ ਮੈਨੂੰ ਬੂਟ ਪਵਾਣ ਦੀ ਕੋਸ਼ਿਸ਼ ਕਰਦੇ ਰਹੇ, ਫਿਰ ਇੱਕ ਇੱਕ ਕਰ ਕੇ ਸਾਰੇ ਹੀ ਰੋਣ ਲੱਗ ਪਏ। ਹੁਣ ਹਰ ਈਦ ਉੱਤੇ ਅਸੀਂ ਮਿੱਠੀ ਸੇਵੀਆਂ ਤੇ ਉਬਲੇ ਆਂਡੇ ਜ਼ਰੂਰ ਖਾਨੇ ਹਾਂ, ਤੇ ਉਸ ਈਦ ਦੀ ਗੱਲ ਵੀ ਜ਼ਰੂਰ ਕਰਨੇ ਹਾਂ।

ਸਤ ਵਰ੍ਹਿਆਂ ਪਿੱਛੋਂ ਜਦ ਅਸੀਂ ਦੋ ਕੰਮਰੇ ਹੋਰ ਪਾਏ ਤੇ ਮੇਰੇ ਨਾਲ਼ ਫਿਰ ਇੱਕ ਹਾਦਸਾ ਹੋ ਗਿਆ। ਛੱਤ ਉੱਤੇ ਲੈਂਟਰ ਪਏ ਹੋਏ ਸਨ, ਤੇ ਮੈਂ ਖੇਡਦਾ ਖੇਡਦਾ ਗੇਂਦ ਫੜਨ ਕੰਮਰੇ ਵਿੱਚ ਵੜ ਗਿਆ। ਉਸੇ ਵੇਲੇ ਦੋ ਇੱਟਾਂ ਪਤਾ ਨ੍ਹੀਂ ਕਿਸ ਤਰ੍ਹਾਂ ਉੱਤੋਂ ਫੱਟੀਆਂ ਵਿੱਚੋਂ ਡਿੱਗ ਪਈਆਂ। ਰੱਬ ਵਲੋਂ ਹੀ ਬੱਚ ਗਿਆ। ਪਹਿਲਾਂ ਤੇ ਬੇਬੇ ਨੇ ਫ਼ਟਾ ਫ਼ੱਟ ਸਤ ਲਾਲ਼ ਮਿਰਚਾਂ ਕੱਢੀਆਂ; ਪੂਰੀਆਂ ਤੇ ਡੰਡੀਆਂ ਨਾਲ਼। ਉਹ ਮੇਰੇ ਉੱਤੇ ਵਾਰ ਕੇ ਚੁੱਲ੍ਹੇ 'ਚ ਸਾੜੀਆਂ। ਜਦੋਂ ਵੇਖਿਆ ਕਿ ਸੜਦੇ ਧੂੰਵਾਂ ਬਥੇਰਾ ਹੀ ਦਿੰਦੀਆਂ ਸਨ, ਤੇ ਸਿਰ ਮਾਰ ਮਾਰ ਕਿ ਕਹਿਣ ਲੱਗੀ, ਮੈਨੂੰ ਇਸ ਮਰਨ ਜੋਗੀ ਆਸ਼ੀ ਤੇ ਪਹਿਲਾਂ ਹੀ ਸ਼ੱਕ ਸੀ। ਆਸ਼ੀ ਸਾਡੀ ਗਵਾਂਢਣ ਸੀ। ਫਿਰ ਵੱਡੇ ਭਰਾ ਨੂੰ ਬਜ਼ਾਰ ਘੱਲ ਕੇ ਇੱਕ ਸ਼ਾਹ ਕਾਲ਼ੀ ਕੁਕੜੀ ਮੰਗਾਈ, ਜਿਉਂਦੀ। ਉਹ ਮੇਰੇ ਸਿਰ ਤੋਂ ਵਾਰੀ ਗਈ। ਉਹ ਵੀ ਇੱਕ ਕਿੱਸਾ ਹੀ ਸੀ, ਕਿਉਂਜੇ ਦੇਸੀ ਕੁਕੜੀ ਨੂੰ ਸਤ ਵਾਰੀ ਮੇਰੇ ਸਿਰ ਦੇ ਆਲੇ ਦੁਆਲੇ ਗੋਲ ਗੋਲ ਫੇਰਨਾ ਵੀ ਕੋਈ ਮਖ਼ੌਲ ਨ੍ਹੀਂ ਸੀ। ਇਹ ਵੀ ਹੋ ਗਿਆ ਤੇ ਮੈਂ ਤੇ ਭਰਾ ਵਾਰੀ ਕੁਕੜੀ ਨੂੰ ਜਨੌਰਾਂ ਅੱਗੇ ਸੁੱਟਣ ਘੱਲੇ ਗਏ। ਹੁਣ ਇਹ ਵੀ ਇੱਕ ਮਸਲਾ ਸੀ, ਸ਼ਹਿਰ ਵਿੱਚ ਜੰਗਲ਼ੀ ਜਨੌਰ ਕਿੱਥੋਂ ਲਭਦੇ? ਪਰ ਬੇਬੇ ਨੇ ਜ਼ੋਰ ਦੇ ਕੇ ਘੱਲਿਆ ਸੀ ਕਿ ਕੁਕੜੀ ਨੂੰ ਜੰਗਲ਼ੀ ਜਨੌਰ ਅੱਗੇ ਹੀ ਸੁਟਣਾ ਹੈ। ਉਸ ਵੇਲੇ ਘਰੋਂ ਜ਼ਰਾ ਹੀ ਪਰੇ ਖੇਤ ਸਨ। ਕਾਫ਼ੀ ਚਿਰ ਖੱਜਲ ਹੁੰਦੇ ਰਹੇ ਪਰ ਖੇਤਾਂ ਵਿੱਚ ਜੰਗਲ਼ੀ ਜਨੌਰ ਕਿੱਥੇ ਲਭਣਾ ਸੀ? ਅਖ਼ੀਰ ਇੱਕ ਆਵਾਰਾ ਕੁੱਤਾ ਦਿੱਸਿਆ।

ਭਰਾ ਨੇ ਸ਼ੁਕਰ ਕੀਤਾ ਪਰ ਮੈਂ ਸ਼ੋਰ ਪਾ ਦਿੱਤਾ ਕਿ ਇਹ ਕੁੱਤਾ ਹੈ, ਜੰਗਲ਼ੀ ਜਨੌਰ ਨ੍ਹੀਂ। ਭਰਾ ਵੀ ਪੂਰਾ ਖਛਰਾ ਸੀ, ਲੱਗਾ ਡਰਾਮੇ ਕਰਣ ਕਿ ਇਹ ਵੇਖ ਕਿੰਨੀਆਂ ਖ਼ਤਰਨਾਕ ਅੱਖਾਂ ਨਾਲ਼ ਸਾਨੂੰ ਪਿਆ ਤਾੜਦਾ ਹੈ, ਵਾਹਵਾ ਜੰਗਲ਼ੀ ਹੈ। ਜਦੋਂ ਵੇਖਿਆ ਮੈਂ ਥਿੜਕ ਗਿਆ ਵਾਂ ਤੇ ਮੈਨੂੰ ਡਰਾਣ ਲਈ ਹੋਰ ਟਿਚਕਨ ਲਾਈ ਕਿ ਬਹੁਤ ਭੁੱਖਾ ਹੈ, ਜੇ ਅਸੀਂ ਇਸ ਨੂੰ ਕੁਕੜੀ ਨਾ ਦਿੱਤੀ ਤੇ ਸਾਨੂੰ ਹੀ ਫਾੜ ਖਾਏ ਗਾ। ਪਹਿਲੀ ਵਾਰ ਮੈਨੂੰ ਉਹਦੇ ਦੰਦ ਦਿੱਸੇ, ਤੇ ਮੈਂ ਮੰਨ ਗਿਆ। ਪਰ ਜਦੋਂ ਅਸੀਂ ਕੁਕੜੀ ਦੇ ਪੈਰ ਖੋਲ ਕੇ ਉਸਨੂੰ ਕੁੱਤੇ ਵਲ ਸੁੱਟਿਆ ਤੇ ਉਹ ਸ਼ੂਟ ਮਾਰ ਕੇ ਨੱਸ ਗਈ। ਲੋਲ੍ਹੜਾ ਕੁੱਤਾ ਉੱਥੇ ਹੀ ਖਲੋਤਾ ਰਹਿ ਗਿਆ। ਮੈਂ ਫਿਰ ਸ਼ੋਰ ਪਾ ਦਿੱਤਾ ਬਈ ਮੈਂ ਘਰ ਜਾ ਕੇ ਬੇਬੇ ਨੂੰ ਦੱਸਾਂਗਾ ਕਿ ਕੁਕੜੀ ਭੱਜ ਗਈ ਸੀ। ਇਸ ਦਾ ਵੀ ਹਲ ਸੀ ਭਰਾ ਕੋਲ਼। ਸਾਰਾ ਰਸਤਾ ਮੈਨੂੰ ਦਸਦਾ ਗਿਆ ਕਿ ਕੁੱਤੇ ਨੇ ਸਾਡੇ ਸਾਮ੍ਹਣੇ ਕੁਕੜੀ ਨਾ ਫੜੀ ਕਿਊਂਜੇ ਉਹ ਇੱਕ ਚੰਗੀ ਨਸਲ ਦਾ ਕੁੱਤਾ ਸੀ। ਬੇਬੇ ਨ੍ਹੀਂ ਸਾਨੂੰ ਕਹਿੰਦੀ ਕਿ ਪ੍ਰੌਹਣਿਆ ਸਾਮ੍ਹਣੇ ਨਦੀਦਿਆਂ ਵਾਂਗ ਟੁੱਕਰ ਤੇ ਨਾ ਪਿੱਲ ਪਿਆ ਕਰੋ? ਇਸੇ ਤਰ੍ਹਾਂ ਕੁੱਤੇ ਦੀ ਬੇਬੇ ਵੀ ਉਹਨੂੰ ਤਮੀਜ਼ ਸਿਖਾਈ ਹੈ ਤੇ ਉਹ ਤੇਰੇ ਤਰ੍ਹਾਂ ਬਦਤਮੀਜ਼ ਨ੍ਹੀਂ, ਉਹਨੇ ਸਾਡੇ ਜਾਣ ਪਿੱਛੋਂ ਇੱਕ ਛਾਲ ਮਾਰ ਕੇ ਕੁਕੜੀ ਫੜ ਲਈ ਹੈ ਤੇ ਹੁਣ ਉਹਨੂੰ ਚੀਰ ਫਾੜ ਕੇ ਪਿਆ ਖਾਂਦਾ ਹੈ। ਉਹਦੀ ਗਿੱਚੀ ਮਰੋੜ ਸੁੱਟੀ ਹੈ, ਉਹਦੀਆਂ ਆਂਦਰਾਂ ਕੱਢ ਛੱਡੀਆਂ ਨੇਂ। ਭਰਾ ਨੇ ਇੰਜ ਕਹਾਣੀ ਬਣਾਈ ਕਿ ਘਰ ਅਪੜਦੇ ਅਪੜਦੇ ਕੁੱਤੇ ਦੀ ਕੁਕੜੀ ਖਾਣ ਦੀ ਫ਼ਿਲਮ ਮੇਰੇ ਦਮਾਗ਼ ਵਿੱਚ ਪੱਕ ਹੋ ਗਈ। ਘਰ ਜਾ ਕੇ ਮੈਂ ਬੇਬੇ ਸਾਮ੍ਹਣੇ ਗਵਾਹੀ ਦਿੱਤੀ ਬਈ ਇੱਕ ਬਹੁਤ ਵੈਹਸ਼ੀ ਜੰਗਲ਼ੀ ਕੁੱਤੇ ਨੇ ਸਾਡੇ ਸਾਮ੍ਹਣੇ ਕੁਕੜੀ ਚੀਰ ਫਾੜ ਕੇ ਖਾ ਲਈ ਸੀ। ਇਸ ਗੱਲ ਤੇ ਹੁਣ ਤੀਕਰ ਮੇਰਾ ਭਰਾ ਮੈਨੂੰ ਛੇੜਦਾ ਹੈ।

ਗੱਲ ਅਜੇ ਠੱਪੀ ਨ੍ਹੀਂ ਸੀ ਗਈ। ਉਸ ਆਸ਼ੀ ਦਾ ਤੋੜ ਅਜੇ ਰਹਿੰਦਾ ਸੀ। ਮਿਰਚਾਂ ਦੇ ਧੂੰਵੇਂ ਤੋਂ ਬੇਬੇ ਨੂੰ ਸ਼ੱਕ ਪੈ ਗਿਆ ਸੀ ਕਿ ਆਸ਼ੀ ਨੇ ਮੈਨੂੰ ਨਜ਼ਰ ਲਾ ਛੱਡੀ ਸੀ। ਉਹ ਸੜਦੀ ਜੋ ਬਹੁਤ ਸੀ। ਨਾਲੇ ਬੇਬੇ ਨੂੰ ਪੱਕ ਸੀ ਕਿ ਉਹ ਤਾਵੀਜ਼ ਧਾਗਾ ਵੀ ਕਰਦੀ ਸੀ। ਹੁਣ ਮੈਨੂੰ ਇਹ ਟਾਸ੍ਕ/t ask ਦਿੱਤਾ ਗਿਆ ਕਿ ਆਸ਼ੀ ਦੇ ਪੈਰਾਂ ਦੀ ਮਿੱਟੀ ਚੁਕਣੀ ਹੈ। ਮਿੱਟੀ ਕੱਚੀ ਹੋਣੀ ਚਾਹੀਦੀ ਸੀ, ਤੇ ਜ਼ਰੂਰੀ ਨ੍ਹੀਂ ਸੀ ਪੈਰ ਦੇ ਹੇਠਾਂ ਦੀ ਹੀ ਹੋਵੇ, ਜੁੱਤੀ ਹੇਠਾਂ ਦੀ ਵੀ ਚੁੱਕੀ ਜਾ ਸਕਦੀ ਸੀ। ਇਹ ਕੰਮ ਵੀ ਮੈਂ ਪੂਰਾ ਕੀਤਾ, ਪਰ ਇਹਦੇ ਵਿੱਚ ਮੈਨੂੰ ਦੋ ਦਿਨ ਲੱਗ ਗਏ। ਕਿਸੇ ਦੇ ਪੈਰ ਦੀ ਮਿੱਟੀ ਚੁਕਣੀ ਸੌਖੀ ਸੀ? ਜੇ ਕੋਈ ਵੇਖ ਲੈਂਦਾ ਤੇ ਰੌਲ਼ਾ ਪੈ ਜਾਣਾ ਸੀ ਬਈ ਅਸੀਂ ਉਹਦੇ ਉੱਤੇ ਜਾਦੂ ਟੂਣਾ ਪਏ ਕੁਰਾਨੇ ਹਾਂ। ਇੱਕ ਦਿਨ ਤੇ ਮੈਂ ਡਰਦਾ ਹੀ ਰਿਹਾ, ਪਰ ਦੂਜੇ ਦਿਨ ਮੈਂ ਹੌਸਲਾ ਕੀਤਾ ਤੇ ਜਿੱਥੋਂ ਦੀ ਆਸ਼ੀ ਚਾਚੀ ਲੰਘੀ ਸੀ, ਉੱਥੇ ਆਪਣੀ ਚਵੱਨੀ ਡੇਗ ਕੇ ਚੁਕਦੇ ਨਾਲ਼ ਹੀ ਚੂੰਢੀ ਭਰ ਮਿੱਟੀ ਵੀ ਚੁੱਕ ਲਈ। ਚੂੰਢੀ ਚੁਕਦੇ ਹੀ ਮੈਨੂੰ ਇੰਜ ਜਾਪਣ ਲੱਗਾ ਜਿੱਦਾਂ ਸਾਰਾ ਮੁਹੱਲਾ ਮੈਨੂੰ ਹੀ ਵੇਖਦਾ ਹੋਵੇ। ਮੇਰਾ ਦਿਲ ਵੈਹਸ਼ੀ ਡੱਡੂ ਵਾਂਗ ਛਾਲਾਂ ਮਾਰਨ ਲੱਗ ਪਿਆ। ਮੈਂ ਉੱਥੋਂ ਸ਼ੂਟ ਲਾਈ ਤੇ ਸਿੱਧਾ ਬੇਬੇ ਕੋਲ਼। ਬੇਬੇ ਮੈਨੂੰ ਸ਼ਾਬਾਸ਼ੀ ਦਿੱਤੀ ਤੇ ਫ਼ਟਾ ਫ਼ਟ ਚੁੱਲ੍ਹਾ ਬਾਲ੍ਹ ਕੇ ਉਹਦੇ ਵਿੱਚ ਮਿੱਟੀ ਪਾ ਦਿੱਤੀ। ਮਿੱਟੀ ਸੜਦੀ ਦਾ ਧੂੰਵਾਂ ਵੇਖ ਕਿ ਉਹਨੂੰ ਪੱਕ ਹੋ ਗਿਆ ਕਿ ਆਸ਼ੀ ਚਾਚੀ ਹੀ ਮੈਨੂੰ ਨਜ਼ਰ ਲਾਈ ਸੀ। ਪਰ ਹੁਣ ਪੈਰਾਂ ਦੀ ਮਿੱਟੀ ਸਾੜਨ ਨਾਲ਼ ਇਹਦਾ ਓਪਾਏ ਹੋ ਗਿਆ ਸੀ, ਇਸ ਲਈ ਬੇਬੇ ਹੁਣ ਨਿਸ਼ਚਿੰਤ ਸੀ।

ਜਦੋਂ ਭੈਣ ਦਾ ਵਿਆਹ ਹੋਇਆ, ਉਸ ਵੇਲੇ ਹੋਟਲਾਂ ਅਤੇ ਹਾਲਾਂ ਵਿੱਚ ਵਿਆਹਵਾਂ ਦਾ ਰਿਵਾਜ ਨ੍ਹੀਂ ਸੀ। ਵਿਆਹ ਦੇ ਸਾਰੇ ਫ਼ੰਕਸ਼ਨ ਘਰ ਅਤੇ ਮੁਹੱਲੇ ਦੀ ਸੜਕ ਡੱਕ ਕੇ ਹੀ ਹੁੰਦੇ ਸਨ। ਦੋ ਮਹੀਨੇ ਹੱਲਾ ਗੁੱਲਾ ਰਿਹਾ। ਹਰ ਵੀਕ ਐਂਡ ਤੇ ਢੋਲ੍ਕੀ ਵਜਦੀ।

ਵਿਆਹ ਲਈ ਅਸੀਂ ਟੀਵੀ ਰੂਮ ਵਿੱਚ ਨਵਾਂ ਕਲੀਨ ਤੇ ਨਵੇਂ ਪਰਦੇ ਵੀ ਪਾ ਲਏ ਸਨ। ਡਾਰ੍ਕ ਬਰਾਊਨ ਉਨ੍ਹਾਂ ਦਿਨਾਂ ਵਾਹਵਾ ਫ਼ੈਸ਼ਨ ਵਿੱਚ ਸੀ, ਇਸ ਲਈ ਡਾਰ੍ਕ ਬਰਾਊਨ ਹੀ ਪਾਏ ਸਨ। ਕਲੀਨ ਵੀ ਵੌਲ਼ ਟੂ ਵੌਲ਼ ਨਵੇਂ ਨਵੇਂ ਸ਼ੁਰੂ ਹੋਏ ਸਨ ਤੇ ਅਸੀਂ ਪਹਿਲੀ ਵਾਰ ਟੀਵੀ ਰੂਮ ਵਿੱਚ ਹੀ ਵੌਲ਼ ਟੂ ਵੌਲ਼ ਕਲੀਨ ਪਾਇਆ ਸੀ। ਇੰਨਾ ਸੋਹਣਾ ਲਗਦਾ ਸੀ ਸਾਡਾ ਟੀਵੀ ਰੂਮ। ਢੋਲਕੀ ਪਿੱਛੋਂ ਨਵੇਂ ਕਲੀਨ ਉੱਤੇ ਪੁਰਾਣੀ ਚਦਰਾਂ ਵਿਛਾ ਕੇ ਰੋਟੀ ਲੱਗ ਜਾਂਦੀ।

ਸਾਨੂੰ ਛੱਤ ਉੱਤੇ ਜਾਣ ਦੀ ਮਨਾਹੀ ਸੀ, ਛੱਤ ਉੱਤੇ ਬੱਨੇ ਨ੍ਹੀਂ ਸਨ ਨਾ। ਪਰ ਅਸੀਂ ਕਦੋਂ ਡੱਕੇ ਜਾਂਦੇ ਸਾਂ? ਚੋਰੀ ਚੋਰੀ ਹਰ ਦੂਜੇ ਦਿਨ ਛੱਤ ਉੱਤੇ ਚੜ੍ਹ ਜਾਂਦੇ। ਆਪਣੀ ਛੱਤ ਉੱਤੋਂ ਆਲੇ ਦੁਆਲੇ ਦਾ ਮੰਜ਼ਰ ਮੈਨੂੰ ਬੜਾ ਚੰਗਾ ਲਗਦਾ ਸੀ। ਵਿਰਲੇ ਵਿਰਲੇ ਘਰ, ਦੂਰ ਤੀਕਰ ਨਜ਼ਰ ਜਾਂਦੀ ਸੀ। ਖੇਤ ਵੀ ਦਿਸਦੇ ਸਨ।

ਗਾਣ ਵਜਾਣ ਪਿੱਛੋਂ ਜਦੋਂ ਕੁੜੀਆਂ ਬੇਬੇ ਨਾਲ਼ ਰਲ ਕੇ ਟੁੱਕਰ ਪਕਾਣ ਲੱਗ ਜਾਣਾ ਤੇ ਸਾਰੇ ਮੁੰਡਿਆਂ ਨੇ ਛੱਤ ਉੱਤੇ ਚੜ੍ਹ ਕੇ ਸਿਗਟਾਂ ਫੂਕਣੀਆਂ। ਪਿਛਲੇ ਕੰਮਰੇ ਨਾਲ਼ ਹੀ ਕਵਾਟਰ ਸੀ, ਜਿਹਦੀ ਛੱਤ

ਬਾਲ੍ਹਿਆਂ ਦੀ ਸੀ, ਤੇ ਘਰ ਤੋਂ ਤਿੰਨ ਚਾਰ ਫੁਟ ਨੀਵੀਂ। ਅਸੀਂ ਪਹਿਲਾਂ ਕੁਰਸੀ ਕੰਧ ਨਾਲ਼ ਲਾ ਕੇ ਉਹਦੇ ਢੋਅ ਤੋਂ ਕਵਾਟਰ ਦੀ ਛੱਤ ਉੱਤੇ, ਤੇ ਉੱਥੋਂ ਘਰ ਦੀ ਛੱਤ ਤੇ।

ਬਰਾਤ ਤੇ ਸੜਕ ਉੱਤੇ ਤੰਬੂ ਲਾ ਕੇ ਬਾਹੀ ਸੀ, ਮਹਿੰਦੀ ਘਰ ਦੇ ਅੰਦਰ ਹੀ ਹੋਈ। ਸਾਰੇ ਘਰ ਉੱਤੇ ਮਿਰਚਾਂ ਲੱਗ ਗਈਆਂ ਸਨ, ਹਰੀਆਂ ਤੇ ਲਾਲ਼, ਨਿੱਕੀਆਂ ਨਿੱਕੀਆਂ ਕੁਲਫ਼ੀ ਜਿਹੀ ਬੱਤੀਆਂ। ਛੱਤ ਤੋਂ ਲੈ ਕੇ ਜ਼ਵੀਂ ਤੀਕਰ। ਲੌਨ ਵਿੱਚ ਕੁਰਸੀਆਂ ਲੱਗੀਆਂ ਸਨ, ਲੋਕਾਂ ਵਾਸਤੇ। ਫਿਰ ਤਿੰਨ ਵਰ੍ਹਿਆਂ ਬਾਅਦ ਵੀ ਲੱਗੀਆਂ ਸਨ, ਅੱਬੇ ਦੇ ਜਨਾਜ਼ੇ ਉੱਤੇ।

ਮਹਿੰਦੀ ਉੱਤੇ ਤੰਬੂ ਕਨਾਤਾਂ ਲਾਂਦਿਆਂ ਬੜੀ ਔਖਤ ਹੋਈ ਸੀ, ਮੁੜ ਮੁੜ ਛੱਤ ਉੱਤੇ ਜਾਣਾ ਪੈਂਦਾ, ਪੌੜ੍ਹੀਓਂ ਬਿਨਾਂ। ਜਨਾਜ਼ੇ ਦੇ ਤੰਬੂ ਅਲਬੱਤਾ ਬੜੇ ਅਰਾਮ ਨਾਲ ਲੱਗ ਗਏ। ਉਹਦੋਂ ਤੀਕਰ ਲੋਹੇ ਦੀ ਗੋਲ ਪੌੜ੍ਹੀ ਲੱਗ ਚੁੱਕੀ ਸੀ। ਅੱਬੇ ਨੇ ਹੀ ਲਵਾਈ ਸੀ।

ਮਈਅਤ/dead body ਹਸਪਤਾਲੋਂ ਆਈ ਤੇ ਅੱਬੇ ਦੇ ਪਲੰਗ ਤੇ ਹੀ ਰੱਖੀ ਸੀ। ਤੇਤੀ ਵਰ੍ਹੇ ਪਲੰਗ ਉੱਥੇ ਹੀ ਪਿਆ ਰਿਹਾ। ਥਾਂ ਨਾ ਬਦਲੀ ਬੇਬੇ ਨੇਂ। ਜਨਾਜ਼ਾ ਟੀਵੀ ਰੂਮ ਤੋਂ ਹੀ ਚੁੱਕਆ ਸੀ। ਉਸ ਵੇਲੇ ਵੀ ਉੱਥੇ ਉਹੀ ਸੀ, ਡਾਰ੍ਕ ਬਰਾਊਨ ਵੌਲ਼ ਟੂ ਵੌਲ਼ ਕਲੀਨ ਤੇ ਡਾਰ੍ਕ ਬਰਾਊਨ ਪਰਦੇ।

ਭਰਾ ਜਦੋਂ ਕਨੇਡਾ ਤੁਰ ਗਿਆ ਤੇ ਮੈਂ ਵੀ ਗਿਆ ਸਾਂ ਉਹਨੂੰ ਹਵਾਈ ਅੱਡੇ ਛੱਡਣ। ਅਜੀਬ ਅਫ਼ਰਾ ਤਫ਼ਰੀ ਦੇ ਦਿਨ ਸਨ। ਕਈ ਹਫ਼ਤੇ ਸਿਆਪਾ ਪਿਆ ਰਿਹਾ। ਕਦੀ ਕੋਈ ਕਾਗ਼ਜ਼ ਘੱਟ ਹੋ ਜਾਂਦਾ, ਕਦੀ ਉੱਥੇ ਰਹਿਣ ਦਾ ਕੋਈ ਮਸਲਾ ਪੁੰਗਰ ਪੈਂਦਾ। ਮੈਂ ਉਹਦੇ ਗਲ ਲੱਗ ਕੇ ਰੋਣਾ ਚਾਹਨਾ ਸਾਂ, ਪਰ ਉਸ ਹੜਬੌਂਗ ਵਿੱਚ ਕਦੀ ਮੌਕਾ ਹੀ ਨਾ ਲੱਭਿਆ। ਹਵਾਈ ਅੱਡੇ ਜਾਂਦੇ ਹੋਏ ਜਦੋਂ ਅਖ਼ੀਰਲੀ ਵਾਰ ਬੇਬੇ ਦੇ ਕੰਮਰੇ ਵਿੱਚ ਗਲ ਲੱਗੇ, ਉਸ ਵੇਲੇ ਵੀ ਸਾਰਾ ਟੱਬਰ ਖਲੋਤਾ ਸੀ, ਫ਼ਲਾਈਟ ਦਾ ਟੈਮ ਵੀ ਹੋ ਰਿਹਾ ਸੀ, ਉਹਦੇ ਬੇਲੀ ਤੇ ਸੁਸਰਾਲੀ ਵੀ ਖਲੋਤੇ ਸਨ। ਮੈਂ ਓਪਰਾ ਜਿਹਾ ਹੋ ਗਿਆ। ਫਿਰ ਜਦੋਂ ਹਵਾਈ ਅੱਡੇ ਤੇ ਮਿਲੇ ਤੇ ਅੱਧਾ ਟੱਬਰ ਫਿਰ ਨਾਲ਼ ਹੀ ਸੀ, ਆਲੇ ਦੁਆਲੇ ਖ਼ਲਕਤ ਦਾ ਝਮਗੱਟਾ ਸੀ, ਇੱਕ ਥੈਲਾ ਨ੍ਹੀਂ ਸੀ ਲੱਭ ਰਿਹਾ। ਘਰ ਆ ਕੇ ਮੈਂ ਟੀਵੀ ਰੂਮ ਦੇ ਡਾਰ੍ਕ ਬਰਾਊਨ ਵੌਲ ਟੂ ਵੌਲ ਕਲੀਨ ਉੱਤੇ ਬਹਿ ਕੇ ਕਿੰਨਾ ਹੀ ਚਿਰ ਰੋਂਦਾ ਰਿਹਾ।

ਵਿਆਹ ਦੇ ਸ਼ੁਰੂ ਵਿੱਚ ਜਦੋਂ ਵੌਹਟੀ ਨੇ ਚੋਰੀ ਚੋਰੀ ਮੇਰੇ ਲਈ ਕੁਝ ਪਕਾਣਾ, ਤੇ ਰਸੋਈ ਦਾ ਬੂਹਾ ਢੋਅ ਲੈਣਾ। ਮੈਂ ਬੇਬੇ ਕੋਲ਼ ਬਹਿ ਜਾਣਾ। ਏਵੇਂ ਹੀ, ਇੱਧਰ ਉੱਧਰ ਦੀਆਂ ਮਾਰਦੇ ਰਹਿਣਾ, ਤਾਂ ਬੇਬੇ ਕਿੱਥੇ ਰਸੋਈ ਵਲ ਨਾ ਤੁਰ ਪਏ।

ਪਿਛਲੇ ਵਿਹੜੇ ਵਿੱਚੋਂ ਅਮਰੂਦਾਂ ਦਾ ਰੁੱਖ ਕਟਾ ਛੱਡਿਆ ਹੈ, ਸਿਓਂਕ ਲੱਗ ਗਈ ਸੀ। ਵਿਆਹ ਵੇਲੇ ਉਹ ਉੱਥੇ ਹੀ ਖਲੋਤਾ ਸੀ ਜਿੱਥੇ ਅੱਬੇ ਲਵਾਇਆ ਸੀ। ਉਹਦੀ ਵਜ੍ਹਾ ਤੋਂ ਗਵਾਂਢੀਆਂ ਦੇ ਘਰੋਂ ਝਾਤੀ ਨ੍ਹੀਂ

ਸੀ ਪੈਂਦੀ, ਇਸ ਲਈ ਵੌਹਟੀ ਲੀੜੇ ਉੱਥੇ ਹੀ ਧੋਂਦੀ ਸੀ। ਕਦੀ ਕਦੀ ਮੈਂ ਵੀ ਉਹਦੇ ਨਾਲ਼ ਧੋਅ ਦਿੰਦਾ। ਖਿੜ ਖਿੜ ਹਸਦੇ, ਇੱਕ ਦੂਜੇ ਉੱਤੇ ਪਾਣੀ ਸੁਟਦੇ, ਗੱਲਾਂ ਕਰਦੇ।

ਇੱਕ ਦਿਨ ਭਾਜੜ ਪੈ ਗਈ। ਦੋਵੇਂ ਵੱਡੇ ਗ਼ੈਬ ਸਨ। ਵੱਡੀ ਉਹਦੋਂ ਹੌਲਾ ਹੌਲਾ ਤੁਰਦੀ ਸੀ ਤੇ ਨਿੱਕਾ ਅਜੇ ਨਿਰਾ ਰਿੜ੍ਹਦਾ। ਅਖ਼ੀਰ ਲੱਭ ਗਏ। ਲੋਹੇ ਦੀ ਗੋਲ ਪੌੜੀ ਪਏ ਚੜ੍ਹਦੇ ਸਨ। ਉਹ ਤੇ ਖ਼ੈਰ ਹੋਈ ਕਿ ਵੱਡੀ ਮੁੰਡੇ ਨੂੰ ਫੜ ਫੜ ਕੇ ਨਾਲ਼ ਚੜ੍ਹਾਣ ਦੀ ਪਈ ਕਰਦੀ ਸੀ, ਇਸ ਲਈ ਨ੍ਹੀਂ ਸਨ ਚੜ੍ਹ ਸਕੇ, ਵਰਨਾ ਜੇ ਕੁੜੀ ਕੱਲੀ ਹੁੰਦੀ ਤੇ ਕਦੋਂ ਦੀ ਛੱਤ ਉੱਤੇ ਹੁੰਦੀ। ਉਹਦੇ ਬਾਅਦ ਮੈਂ ਬਜ਼ਾਰੋਂ ਤਾਰ ਲਿਆ ਕੇ ਪੌੜੀਆਂ ਅੱਗੇ ਬਨ੍ਹ ਦਿੱਤੀ ਸੀ।

ਮੁੰਡੇ ਨੇ ਜਦ ਇੱਕ ਹੀ ਹਫ਼ਤੇ ਵਿੱਚ ਚਾਰ ਵਾਰੀ ਪੜ੍ਹਨ ਵਾਸਤੇ ਬਾਹਰ ਜਾਣ ਵਾਲੇ ਬੇਲੀਆਂ ਦਾ ਜ਼ਿਕਰ ਕੀਤਾ ਤੇ ਮੈਂ ਫ਼ੈਸਲਾ ਕਰ ਲਿਆ ਕਿ ਪੁੱਤਰ ਜਵਾਨ ਹੋ ਗਿਆ ਹੈ, ਹੁਣ ਇਹਦੇ ਸਾਮ੍ਹਣੇ "ਅੱਬਾ-ਸੂਪਰ-ਮੈਨ" ਦਾ ਭਰਮ ਤੋੜਨਾ ਪੈਣੈ।

ਸਾਰੀ ਰਾਤ ਸੁੱਤਾ ਨਾ ਗਿਆ। ਯਾਦ ਕਰਨ ਦੀ ਕੋਸ਼ਿਸ਼ ਕਰਦਾ ਰਿਹਾ ਜਦੋਂ ਮੇਰਾ "ਅੱਬਾ-ਸੂਪਰ-ਮੈਨ" ਦਾ ਭਰਮ ਟੁੱਟਿਆ ਸੀ ਤੇ ਕਿੰਜ ਲੱਗਿਆ ਸੀ? ਚੇਤੇ ਹੀ ਨਾ ਆਇਆ। ਜੱਦ ਵੀ ਅੱਬੇ ਬਾਰੇ ਸੋਚਣ ਦੀ ਚਾਂਹਦਾ, ਉਹਦਾ ਉਸਰਦੇ ਘਰ ਦੁਆਲੇ ਫਿਰਨਾ ਹੀ ਚੇਤੇ ਆਂਦਾ। ਅਜ਼ਾਨਾਂ ਹੋ ਗਈਆਂ। ਅੱਕ ਕੇ ਮੈਂ ਖੁੱਲੀ ਹਵਾ 'ਚ ਨਿਕਲ ਗਿਆ।

ਵਾਪ੍ਸੀ ਤੇ ਟੀਵੀ ਰੂਮ ਦਾ ਬੂਹਾ ਖੋਲਦੇ ਹੀ ਮੈਂ ਝਟਕ ਗਿਆ। ਅੰਦਰ ਅੱਬੇ ਦੇ ਜਨਾਜ਼ੇ ਦੁਆਲੇ ਬੇਬੇ ਤੇ ਭੈਣ ਢੋਲਕੀ ਤੇ ਬੈਠੀਆਂ ਸਨ, ਭਰਾ ਬਕਸਾ ਫੜੀ ਖਲੋਤਾ ਸੀ, ਬਾਲ ਪੌੜੀ ਕੋਲ ਖੜੇ ਸਨ ਤੇ ਵੌਹਟੀ ਅਮਰੂਦਾਂ ਦੀ ਛਾਂ ਵਿੱਚ ਲੀੜਿਆਂ ਦੀ ਬਾਲਟੀ ਫੜੀ ਬੈਠੀ ਸੀ। ਸਾਰੇ ਮੈਨੂੰ ਵੇਖਦੇ ਪਏ ਸਨ।

# ਸ਼ਾਹਕਾਰ

ਦੋ ਉਂਗਲਾਂ ਵਿਚਲੀ ਸਿਗਰਟ ਦਾ ਐਂਗਲ ਦਾਗ਼ੀ ਗਈ ਤੋਪ ਦਾ ਸੀ। ਗੋਲਾ ਥੁੱਕਣ ਪਿੱਛੋਂ ਜਿਵੇਂ ਗਾਲ੍ਹਾਂ ਦਾ ਧੂੰਆਂ ਹੀ ਰਹਿ ਜਾਂਦਾ ਹੈ, ਸਿਗਰਟ ਦੇ ਮੂਹੋਂ ਪੁੰਗਰ ਪੁੰਗਰ ਕੇ ਮੌਲਾਨਾ ਰੂਮੀ ਦੇ ਚਿੱਟੇ ਦਰਵੇਸ਼ਾਂ ਵਾਂਗ ਗੇੜੇ ਲਾਂਦਾ ਨਚਦਾ ਪਿਆ ਸੀ। ਕਲ ਦਾ ਕੰਮ ਛੋਹਣ ਤੋਂ ਪਹਿਲਾਂ ਵਕੀਲ ਸਾਹਬ ਸਾਰੇ ਦਿਨ ਦੀ ਖੱਜਲ ਖਵਾਰੀ ਅਨਵਾਈਂਡ/unwind ਪਏ ਕਰਦੇ ਸਨ। ਜਿਸ ਤਰ੍ਹਾਂ ਅਦਾਲਤਾਂ ਦੀ ਸਾਰੀ ਕਿੱਲ ਕਿੱਲ ਤੇ ਕਾਨੂੰਨੀ ਲੜਾਈਆਂ ਦਮਾਗ਼ ਤੋਂ ਰੱਤ ਵਿੱਚ ਵੱਗ ਰਹੀਆਂ ਹੋਣ, ਉੱਥੋਂ ਫੇਫੜਿਆਂ ਵਿੱਚ, ਜਿੱਥੋਂ ਸਿਗਰਟ ਦੇ ਧੂੰਏਂ ਨਾਲ ਓਹ ਇਹ ਸਾਰੀਆਂ ਟੌਕਸਿਕ/t oxi c ਸੋਚਾਂ ਬਾਹਰ ਨੂੰ ਪਏ ਫੂਕਦੇ ਹੋਣ। ਕੇਸਾਂ ਦੀਆਂ ਫ਼ਾਈਲਾਂ ਦਾ ਢੇਰ ਮੁਨਸ਼ੀ ਮੇਜ਼ ਉੱਤੇ ਲਾ ਗਿਆ ਸੀ। ਬਹੁਤੇ ਪਾਟੇ ਪੁਰਾਣੇ, ਹੰਡੇ ਹੋਏ, ਤੇ ਕੁਝ ਨਵੇਂ ਲਫ਼ਾਫ਼ੇ । ਚਾਲ੍ਹੀ ਵਰ੍ਹਿਆਂ ਦੀ ਰੁਟੀਨ ਸੀ, ਕੋਈ ਸਿਆਪਾ ਨ੍ਹੀਂ ਸੀ। ਕੇਸ ਸਾਰੇ ਤਿਆਰ ਸਨ, ਬਸ ਇੱਕ ਨਜ਼ਰ ਮਾਰਨੀ ਸੀ, ਚੇਤਾ ਰਿਫ਼ਰੈੱਸ਼/r ef r esh ਕਰਨ ਲਈ। ਇੱਕ ਹੋਰ ਸਿਗਰਟ ਬਾਲ੍ਹ ਕੇ ਫ਼ਾਈਲਾਂ ਖੋਲ ਲਈਆਂ। ਸੂਟੇ ਤੇ ਸੂਟਾ ਮਾਰਦੇ ਪੰਨੇ ਪਲਟੀ ਜਾਂਦੇ ਤੇ ਇੱਕ ਇੱਕ ਕਰ ਕੇ ਫ਼ਾਈਲਾਂ ਪਰਾਂ ਮਾਰੀ ਜਾਂਦੇ।

ਮੁਨਸ਼ੀ ਕੰਮਰੇ 'ਚ ਵੜਿਆ। ਕੋਈ ਨਵਾਂ ਕਲਾਇੰਟ/cl i ent ਆਇਆ ਸੀ। ਵਕੀਲ ਸਾਹਬ ਨੇ ਪੁੱਛਿਆ, ਕਿਸੇ ਕਲਾਇੰਟ ਨੇ ਘੱਲਿਆ ਸੀ ਯਾਂ ਏਵੇਂ ਹੀ ਤੁਰਦਾ ਫਿਰਦਾ ਆ ਵੱਜਿਆ ਸੀ। ਕਲਾਇੰਟ ਨੇ ਘੱਲਿਆ ਸੀ। ਵਕੀਲ ਸਾਹਬ ਨੂੰ ਦੂਣੀ ਖ਼ੁਸ਼ੀ ਹੋਈ। ਇੱਕ ਤੇ ਆਣ ਵਾਲਾ ਮੰਨ ਬਣਾ ਕੇ ਉਹਨਾ ਵਾਸਤੇ ਹੀ ਆਇਆ ਸੀ, ਸੋ ਕੇਸ ਬੁੱਕ ਹੋਣ ਦਾ ਚਾਂਸ ਵਾਧੂ ਸੀ, ਤੇ ਦੂਜਾ ਪੁਰਾਣੇ ਕਲਾਇੰਟ ਉਹਨਾ ਦੇ ਕੰਮ ਤੋਂ ਰਾਜ਼ੀ ਸਨ, ਮਤਲਬ ਫਾਏ ਕੁਕੜ ਆਂਡੇ ਪਏ ਦਿੰਦੇ ਸਨ । ਮੁਨਸ਼ੀ ਨੂੰ ਕਿਹਾ, ਥੋੜੀ ਦੇਰ ਪਿੱਛੋਂ ਘਲ ਦਈਂ । ਫ਼ਾਈਲਾਂ ਹੋਰ ਖਲਾਰ ਕੇ ਨਵਾਂ ਸਿਗਰਟ ਲਾ ਲਿਆ। ਕਲਾਇੰਟ ਨੂੰ ਫ਼ਟਾ ਫ਼ੱਟ ਮਿਲ ਲਵੋ ਤਾਂ ਉਹ ਸਮਝਦਾ ਹੈ ਵਕੀਲ ਫ਼ਾਰਿਗ਼ ਹੀ ਹੈ।

ਹੌਲੀ ਜਿਹੀ ਉਮਰ ਦਾ ਮੁੰਡਾ ਸੀ, ਤੀਹ ਦਾ ਵੀ ਨ੍ਹੀਂ ਹੋਣਾ। ਕੁੰਡਲਾਂ ਵਾਲੇ ਵਾਲ ਮੋਢਿਆਂ ਤੇ ਡਿਗਦੇ ਸਨ ਤੇ ਦਾੜ੍ਹੀ ਮੁੱਛ ਵੀ ਖੁੱਲੀ ਛੱਡੀ ਹੋਈ ਸੀ। ਮੂੰਹ ਡਿੰਗਾ ਕਰ ਕੇ ਉਹਨੇ ਅੰਗਰੇਜ਼ੀ ਬੋਲੀ, ਤੇ ਵਕੀਲ ਸਾਹਬ ਹੋਰ ਹੁਸ਼ਿਆਰ ਹੋ ਗਏ।

--- ਮਲਿਕ ਸਾਹਬ ਮੇਰੇ ਅੰਕਲ ਨੇਂ, ਤੁਹਾਡੀ ਬੜੀ ਤਾਰੀਫ਼ ਕਰਦੇ ਨੇਂ।

--- ਮਿਹਰਬਾਨੀ ਏ ਓਹਨਾਂ ਦੀ। ਓਹਨਾ ਦੇ ਪਰਾਪਰਟੀ ਦੇ ਸਾਰੇ ਕੇਸ ਮੈਂ ਈ ਕਰ ਰਿਹਾਂ । ਅਜੇ ਪਿਛਲੇ ਮਹੀਨੇ ਈ ਓਹਨਾ ਦਾ ਪਲਾਜ਼ੇ ਵਾਲਾ ਕੇਸ ਜਿੱਤਿਆ ਏ, ਬੜੇ ਖ਼ੁਸ਼ ਸਨ ।

--- ਜੀ ਤੁਹਾਡੀ ਬੜੀ ਤਾਰੀਫ਼ ਕਰਦੇ ਨੇਂ। ਮੈਂ ਵੀਹ ਵਰ੍ਹਿਆਂ ਪਿੱਛੋਂ ਇਟਲੀ ਤੋਂ ਮੁੜਿਆਂ। ਅਸੀਂ ਓਥੇ ਈ ਸੈਟਲ ਆਂ, ਏਸ ਲਈ ਮੈਨੂੰ ਅੰਕਲ ਦੇ ਕੇਸਾਂ ਦਾ ਤੇ ਨਈਂ ਪਤਾ, ਪਰ ਓਹ ਤੁਹਾਡੀ ਬੜੀ ਤਾਰੀਫ਼ ਕਰਦੇ ਨੇ।

--- ਅੱਛਾ ਅੱਛਾ, ਐਥੇ ਪਰਾਪਰਟੀ ਲੈਣੀ ਜੇ?

--- ਨਈਂ ਸਰ, ਮੈਂ ਲਹੌਰ ਵਿੱਚ ਆਰ੍ਟ ਗੈਲਰੀ/art gallery ਖੋਲਣ ਦਾ ਸੋਚਨਾ ਪਿਆਂ ।

--- ਆਰਟ ਗੈਲਰੀ ! ਵੱਧੀਆ ਸੋਚ ਏ। ਕੰਪਨੀ ਰਜਿਸਟਰ ਕਰਾਓਗੇ ਜਾਂ ਪਾਰਟਨਰਸ਼ਿਪ ਡੀਡ? ਸ਼ੁਰੂ ਵਿੱਚ ਪਾਰਟਨਰਸ਼ਿਪ ਈ ਚੰਗੀ ਏ, ਬਹੁਤੀ ਖੇਚਲ ਨਹੀਂ, ਫ਼ੇਰ ਜੇ ਕੰਮ ਚਲ ਜਾਏ ਤੇ ਜਦੋਂ ਆਖੋਗੇ ਕੰਪਨੀ ਰਜਿਸਟਰ ਕਰਾ ਦਿਆਂਗਾ, ਕੋਈ ਮਸਲਾ ਈ ਨਈਂ ।

--- ਜੀ ਸਰ। ਨਹੀਂ ਸਰ, ਅਜੇ ਕੰਪਨੀ ਬਾਰੇ ਤੇ ਫ਼ੈਸਲਾ ਨਹੀਂ ਕੀਤਾ। ਵੈਸੇ ਪਾਰਟਨਰਸ਼ਿਪ ਤੇ ਨਹੀਂ ਕਰਨੀ। ਫ਼ਾਇਨੈਂਸਿਜ਼/finances ਦਾ ਕੋਈ ਰੌਲ਼ਾ ਨਹੀਂ। ਬਾਕੀ ਨੈਟਵਰਕਿੰਗ ਦਾ ਕੰਮ ਮੈਂ ਏਜੈਂਟਸ ਥਾਣੀਂ ਕਰਾ ਲਾਂਗਾ। ਮੈਂ ਪੁੱਛਣ ਇਹ ਆਇਆ ਸਾਂ, ਆਰ੍ਟ ਗੈਲਰੀ ਖੋਲਣ ਵਿੱਚ ਕੋਈ ਕਾਨੂੰਨੀ ਹਿੱਚ ਤੇ ਨਹੀਂ ?

ਵਕੀਲ ਸਾਹਬ ਨੇ ਸੂਟਾ ਖਿਚਦੇ ਹੋਏ ਜ਼ਰਾ ਕੁ ਢੂੰਘੀ ਨਜ਼ਰ ਮਾਰੀ । ਲੀੜੇ ਬ੍ਰੈਂਡਿਡ ਸਨ ਤੇ ਫ਼ੋਨ ਮਹਿੰਗਾ।

--- ਤੁਹਾਡਾ ਜਨਮ ਐਥੋਂ ਦਾ ਏ ਯਾਂ ਇਟਲੀ ਦਾ?

--- ਜੀ ਜਨਮ ਐਥੋਂ ਦਾ ਈ ਏ, ਉਂਜ ਮੈਂ ਹੁਣ ਇਟੈਲੀਅਨ ਸ਼ਹਿਰੀ ਆਂ।

--- ਹਾਂ ਹਾਂ, ਕੋਈ ਮਸਲਾ ਨਹੀਂ । ਪਾਕਿਸਤਾਨੀ ਕਾਨੂੰਨ ਮੁਤਾਬਕ ਤੁਸੀ ਪਾਕਿਸਤਾਨੀ ਸ਼ਹਿਰੀ ਵੀ ਹੋ ਤੇ ਤੁਹਾਨੂੰ ਸਾਰੇ ਹੱਕ ਹਾਸਿਲ ਨੇਂ। ਪਾਕਿਸਤਾਨ ਦੇ 1973 ਦੇ ਆਈਨ (ਸੰਵਿਧਾਨ) ਮੁਤਾਬਕ ਤੁਸੀਂ ਬਹੁਤ ਸਾਰੇ ਬੁਨਿਆਦੀ ਹਕੂਕ ਵੀ ਐਂਜੌਏ ਕਰਦੇ ਓ। ਸੰਵਿਧਾਨ ਦੇ ਆਰਟੀਕਲ 18 ਤਹਿਤ ਬਤੌਰ

ਪਾਕਿਸਤਾਨੀ ਸ਼ਹਿਰੀ ਪਾਕਿਸਤਾਨ ਦੀਆਂ ਹਦਾਂ ਅੰਦਰ ਤੁਸੀਂ ਕੋਈ ਵੀ ਕਾਨੂੰਨੀ ਕਾਰੋਬਾਰ ਕਰ ਸਕਦੇ ਜੇ, ਇਹ ਤੁਹਡਾ ਫ਼ੰਡਾਮੈਂਟਲ ਰਾਈਟ ਏ ।

ਮੁੰਡਾ ਕੁਝ ਨਾ ਬੋਲਿਆ। ਦੋ ਕੁ ਮਿੰਟ ਇੰਜ ਈ ਲੰਘ ਗਏ।

--- ਪੁੱਤਰ, ਮੈਂ ਖ਼ਵਰੇ ਕਾਨੂੰਨੀ ਜ਼ਬਾਨ ਜ਼ਿਆਦਾ ਈ ਵਰਤ ਗਿਆ ਆਂ । ਜਟਕੀ ਗੱਲ ਇਹ ਏ ਬਈ ਕੋਈ ਰੁਕਾਵਟ ਨਹੀਂ, ਜੰਮ ਜੰਮ ਖੋਲੋ ਆਰ੍ਟ ਗੈਲਰੀ, ਬਸ ਕਾਨੂੰਨੀ ਤਕਾਜ਼ੇ ਪੂਰੇ ਹੋਣੇ ਚਾਹੀਦੇ ਨੇ।

--- ਕਨੂਨੀ ਤਕਾਜ਼ੇ ਕੀ ਨੇ ਸਰ ?

ਇਸ ਵਾਰੀ ਮੁੰਡੇ ਦੀ ਅਵਾਜ਼ ਮੱਠੀ ਜਿਹੀ ਸੀ।

--- ਓਹਦੀ ਤੁਸੀਂ ਕੋਈ ਫ਼ਿਕਰ ਨਾ ਕਰੋ, ਓਹ ਸਭ ਮੇਰੀ ਜ਼ਿੱਮੇ ਵਾਰੀ ਏ। ਤੁਸੀਂ ਮਲਿਕ ਸਾਹਬ ਦੇ ਪੁਤਰਾਂ ਬਜਾ ਓ, ਤੇ ਮੇਰੇ ਵੀ ਪੁੱਤਰ ਈ ਓ। ਫ਼ੀਸ ਜਿਸ ਤਰ੍ਹਾਂ ਮਲਿਕ ਸਾਹਬ ਕਹਿਣਗੇ, ਕਰ ਲਵਾਂਗੇ।

--- ਮੇਹਰਬਾਨੀ ਸਰ। ਪਰ....ਓਹ ਕਾਨੂੰਨੀ ਤਕਾਜ਼ੇ ਕੀ ਹੈਣ ਆਰ੍ਟ ਗੈਲਰੀ ਲਈ?

--- ਕਾਫ਼ੀ ਸਾਰੀ ਖੇਚਲਾਂ ਹੁੰਦੀਆਂ ਨੇ, ਪਰ ਡੋਂਟ ਯੂ ਵਰੀ, ਮੈਂ ਸਭ ਸਾਂਭ ਲਵਾਂਗਾ। ਨਾਦਰਾ ਦੇ ਰਜਿਸਟਰ ਵਿੱਚ ਵੇਖਣਾ ਹੋਏਗਾ ਕਿ ਕੀ ਤੁਹਾਡਾ ਇੰਦਰਾਜ ਪਾਕਿਸਤਾਨੀ ਸ਼ਹਿਰੀ ਦੇ ਤੌਰ ਤੇ ਮੁਕੰਮਲ ਤੇ ਐਕਟਿਵ ਏ, ਤੁਹਾਡੀ ਟੈਕਸ ਲੌਜ਼/tax laws ਮੁਤਾਬਿਕ ਰਜਿਸਟ੍ਰੇਸ਼ਨ ਕਰਾਣੀ ਹੋਏਗੀ, ਵਗ਼ੈਰਾ ਵਗ਼ੈਰਾ। ਓਹ ਮੈਂ ਸਭ ਹੈਂਡਲ ਕਰ ਲਵਾਂ ਗਾ। ਫ਼ਾਇਨੈਂਸਿਜ਼ ਤੁਹਾਡੇ ਇਟਲੀ ਵਿੱਚ ਡਿਕਲੇਅਰਡ ਹੈਗੇ ਨੇ ਨਾ?

--- ਜੀ ਸਰ, ਓਹ ਤੇ ਕੋਈ ਮਸਲਾ ਨਹੀਂ । ਪਰ.....ਬੁਤਾਂ ਦਾ ਕਾਰੋਬਾਰ ਕਰਨ ਵਿੱਚ ਕੋਈ ਕਾਨੂੰਨੀ ਰੋਕ ਤੇ ਨਹੀਂ ?

ਬੁਤਾਂ ਦਾ ਕਾਰੋਬਾਰ? ਵਕੀਲ ਸਾਹਬ ਦੀ ਮਾਰਕਿਟਿੰਗ ਨੂੰ ਬਰੇਕਾਂ ਵੱਜ ਗਈਆਂ।

--- ਬੁਤਾਂ ਦਾ ਕਾਰੋਬਾਰ? ਮੈਂ ਸਮਝਿਆ ਨਹੀਂ। ਤੁਸੀ ਤੇ ਆਰ੍ਟ ਗੈਲਰੀ ਦੀ ਗੱਲ ਪਏ ਕਰਦੇ ਸੌਂ।

--- ਜੀ ਮੈਂ ਅਸਲ ਵਿੱਚ ਸੑਕਲਪਟਰ ਆਂ, ਬੁੱਤ ਬਣਾਨਾ ਆਂ। ਪਾਕਿਸਤਾਨ ਵਿੱਚ ਮੈਂ ਦੁਨੀਆ ਦੇ ਮਸ਼ਹੂਰ ਬੁਤਾਂ ਦੀਆਂ ਕੌਪੀਆਂ ਆਪਣੇ ਹੱਥੀਂ ਬਣਾ ਕੇ ਵੇਚਣਾ ਚਾਂਹਦਾ ਆਂ।

ਵਕੀਲ ਸਾਹਬ ਪਰੇਸ਼ਾਨ ਜਹੇ ਭਾਵ ਨਾਲ ਚੁੱਪ ਚਾਪ ਉਹਨੂੰ ਵੇਖ਼ਦੇ ਰਹੇ।

--- ਸਰ ਇਸ ਕੰਮ ਦਾ ਸਾਰੀ ਦੁਨੀਆਂ ਵਿੱਚ ਬੜਾ ਬਿਜ਼ਨਸ ਏ। ਪਾਕਿਸਤਾਨ ਇਹਦੀ ਅਨਟੈਪਡ ਮਾਰਕਿਟ ਏ, ਸਰ।

ਵਕੀਲ ਸਾਹਬ ਨੇ ਨਵਾਂ ਸਿਗਰਟ ਲਾ ਲਿਆ। ਦੋ ਸੂਟੇ ਖਿੱਚੇ, ਫਿਰ ਆਖਣ ਲੱਗੇ।

--- ਪਰ ਬੁੱਤ ਬਨਾਣਾ ਤੇ ਹਰਾਮ ਏ, ਵੇਖਣਾ ਪਵੇਗਾ ਸ਼ਰੀਅਤ ਕੋਰ੍ਟ ਨੇ ਇਹਦੇ ਉੱਤੇ ਕੋਈ ਜਜਮੈਂਟ ਤੇ ਨਹੀਂ ਦਿੱਤੀ ਹੋਈ?

--- ਜੀ ਸਰ, ਮੈਂ ਇਹੋ ਸਲਾਹ ਲੈਣ ਆਇਆਂ ਤੁਹਾਡੇ ਕੋਲ। ਉਂਜ ਲਹੌਰ ਦੇ ਮਿਊਜ਼ਿਅਮ ਵਿੱਚ ਬਥੇਰੇ ਬੁੱਤ ਨੇਂ, ਤੇ ਲੋਕੀ ਬੜੇ ਸ਼ੌਂਕ ਨਾਲ ਵੇਖ਼ਦੇ ਨੇਂ।

--- ਓਹ___ਅਜਾਇਬ ਘਰ ਦੀ ਤੇ ਹੋਰ ਗਲ ਏ ਨਾ!

--- ਨਹੀਂ ਸਰ, ਮਿਊਜ਼ਿਅਮ ਦੇ ਸਾਹਮਣੇ ਸੜਕ ਉੱਤੇ ਵੀ ਇੱਕ ਬੁੱਤ ਲਗਿਆ ਏ, ਪੰਜਾਬ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਵੂਲਨਰ ਦਾ, ਕਿਸੇ ਨੂੰ ਕੋਈ ਪ੍ਰੌਬਲਮ ਨਹੀਂ ਸਰ।

--- ਹਾਂ....ਗੱਲ ਤੇ ਠੀਕ ਏ। ਫਿਰ ਤੇ ਕੋਈ ਮਸਲਾ ਨਹੀਂ ਹੋਣਾ ਚਾਹੀਦਾ। ਪਰ ਮੈਂ ਫਿਰ ਵੀ ਪੂਰੀ ਲੀਗਲ ਰਿਸਰਚ ਕਰ ਲਵਾਂਗਾ।

--- ਇੱਕ ਹੋਰ ਮਸਲਾ ਵੀ ਏ ਸਰ।

--- ਓਹ ਕੀ?

--- ਸਰ ਆਮ ਜਹੇ ਕਿਸੇ ਬੰਦੇ ਦਾ ਬੁਤ ਬਨਾਣ ਉੱਤੇ ਤੇ ਖ਼ਵਰੇ ਕੋਈ ਛਿੰਜ ਨਾ ਹੋਏ, ਪਰ ਅਜ਼ੀਮ ਹਸਤੀਆਂ ਦੇ ਬੁਤਾਂ ਬਾਰੇ ਤੁਹਾਡੇ ਕੋਲੋਂ ਪੁਛਣਾ ਸੀ।

--- ਮਸ਼ਹੂਰ ਬੰਦੇ? ਜਿਸ ਤਰ੍ਹਾਂ ਇਕਬਾਲ ਤੇ ਜਿਨਾਹ? ਮੈਰਾ ਖ਼ਿਆਲ ਏ ਓਹਨਾਂ ਦਾ ਵੀ ਕੋਈ ਮਸਲਾ ਨਹੀਂ  ਹੋਏ ਗਾ।

--- ਸਰ ਮੈਂ ਮਜ਼ਹਬੀ ਹਸਤੀਆਂ ਦੀ ਗੱਲ ਕਰਦਾ ਪਿਆਂ।

--- ਮਜ਼ਹਬੀ ਹਸਤੀਆਂ! ਕਿਹੜੀਆਂ?

--- ਸਰ ਜਿਸਤਰਾਂ ਨਾਟਰਾਜ ਸ਼ਿਵ ਦਾ ਬੁੱਤ ਏ, ਯਾਂ ਹਜ਼ਰਤ ਮੂਸਾ ਦਾ ਬੁੱਤ, ਜਿਹੜਾ ਮਾਈਕਲ ਐਂਜਲੋ ਨੇ ਸੋਹਲਵੀਂ ਸਦੀ ਵਿੱਚ ਬਣਾਇਆ ਸੀ, ਓਹਦੀ ਨਕਲ।

ਵਕੀਲ ਸਾਹਬ ਨੇ ਫਿਰ ਨਵਾਂ ਸਿਗਰਟ ਬਾਲ੍ਹ ਲਿਆ।

--- ਪੁੱਤਰ ਕਿਸ ਕੰਮ ਪਿਆ ਹੋਇਆ ਏਂ। ਸ਼ਿਵ ਦਾ ਬੁਤ ਏਥੇ ਕਿਸੇ ਲੈਣਾ ਨਹੀਂ ਤੇ ਹਜ਼ਰਤ ਮੂਸਾ ਦਾ ਬੁੱਤ ਬਨਾਣਾ ਯਾਂ ਰਖਣਾ ਤੇ ਬ੍ਲਾਸਫ਼ੈਮੀ ਬਣ ਜਾਏਗੀ।

--- ਸਰ ਇਹਦਾ ਕੋਈ ਹਲ ਕੱਢੋ। ਤੁਹਾਨੂੰ ਨਹੀਂ ਪਤਾ ਏਥੇ ਮਾਰਕਿਟ ਕਿੰਨੀ ਏ। ਇੱਕ ਇੱਕ ਬੁੱਤ ਮਿਲਿਅਨਜ਼ ਦਾ ਵਿਕੇ ਗਾ, ਤੇ ਹੱਥੋ ਹੱਥ। ਇਹ ਤੁਸੀਂ ਮੇਰੇ ਤੇ ਛੱਡ ਦਿਓ। ਆਰ੍ਟ ਲਵਰ੍ਜ਼

ਪਾਕਿਸਤਾਨ ਵਿੱਚ ਬਥੇਰੇ ਨੇਂ, ਤੇ ਪੈਸੇ ਖ਼ਰਚ ਕਰਨ ਲਈ ਵੀ ਤਿਆਰ ਨੇਂ, ਜੇ ਸ਼ੈ ਚੰਗੀ ਹੋਵੇ। ਤੁਸੀਂ ਪੈਸਿਆਂ ਦੀ ਕੋਈ ਫ਼ਿਕਰ ਨਾ ਕਰੋ ਸਰ, ਜੋ ਫ਼ੀਸ ਆਖੋ ਗੇ ਮੈਂ ਦਿਆਂਗਾ।

ਵਕੀਲ ਸਾਹਬ ਨੇ ਕੁਰਸੀ ਨਾਲ ਟੇਕ ਲਾ ਲਈ। ਕੇਸ ਤੇ ਕਈ ਵਰ੍ਹੇ ਚਲਦੇ ਨੇਂ, ਪਰ ਇਹ ਰਿਸਰਚ ਵਾਲਾ ਕੰਮ ਮਜ਼ੇਦਾਰ ਸੀ। ਕੁਝ ਦਿਨਾਂ ਵਿੱਚ ਹੀ ਫ਼ੀਸ ਖਰੀ ਹੋ ਜਾਂਦੀ। ਤੇ ਇਸ ਕੇਸ ਵਿੱਚ ਤੇ ਕਲਾਇੰਟ ਵੀ ਯੂਰੋ ਵਾਲਾ ਸੀ।

--- ਪਰ ਪੁੱਤਰ ਏਥੇ ਤੇ ਸਾਰੇ ਮੁਸਲਮਾਨ ਨੇਂ, ਏਥੇ ਸ਼ਿਵ ਦਾ ਬੁੱਤ ਕੌਣ ਮੁਲ ਲਵੇ ਗਾ?

--- ਸਰ, ਆਰ੍ਟ ਲਵਰ ਬੁਤ ਮਜ਼ਹਬ ਲਈ ਨਈਂ ਸਗੋਂ ਆਰ੍ਟ ਲਈ ਲੈਂਦਾ ਏ। ਲੌਰ੍ਡ ਸ਼ਿਵ ਦਾ ਨਚਦੇ ਦਾ ਬੁਤ ਆਰ੍ਟ ਦਾ ਕਮਾਲ ਨਮੂਨਾ ਏ ਸਰ। ਇੱਕ ਹੱਥ ਵਿੱਚ ਵਾਜਾ, ਯਾਨੀ ਦੁਨੀਆ ਬਨਾਣ ਦਾ ਸਮਾਨ, ਦੂਜੇ ਵਿੱਚ ਅੱਗ -ਦੁਨੀਆ ਤਬਾਹ ਕਰਨ ਦਾ ਸਮਾਨ। ਦੋਵਾਂ ਨੂੰ ਬੈਲੰਸ ਕਰਦਾ ਨਚਦਾ ਪਿਆ ਨਟਰਾਜ। ਤੀਜਾ ਹੱਥ ਚੁੱਕੇ ਪੈਰ ਵਲ ਇਸ਼ਾਰਾ ਕਰਦਾ, ਮਤਲਬ ਮੇਰੀ ਮੁਰੀਦੀ ਕਰੋ, ਤੇ ਚੌਥਾ ਹੱਥ ਮੁਰੀਦੀ ਕਰਨ ਆਲਿਆਂ ਨੂੰ ਆਸ਼ੀਰਵਾਦ ਦਿੰਦਾ। ਤੇ ਇਹ ਸਾਰਾ ਨਾਚ ਜਹਾਲਤ ਦੇ ਸ਼ੈਤਾਨ ਨੂੰ ਮਿਧਦੇ ਹੋਏ ਹੋ ਰਿਹਾ। ਏਸ ਇੱਕੋ ਬੁਤ ਵਿੱਚ ਪੂਰਾ ਫ਼ਲਸਫ਼ਾ ਏ ਸਰ, ਪੂਰੀ ਮਾਇਥੋਲੋਜੀ ਏ ।

--- ਤੇ ਹਜ਼ਰਤ ਮੂਸਾ ਦਾ ਬੁਤ? ਓਹ ਕੋਈ ਵੀ ਮੁਸਲਮਾਨ ਨਹੀਂ ਖ਼ਰੀਦੇਗਾ?

--- ਸਰ ਮਾਈਕਲ ਐਂਜਲੋ ਨੇ ਕਹਿੜਾ ਓਹਨਾਂ ਨੂੰ ਵੇਖਿਆ ਸੀ। ਓਹਨੇ ਤੇ ਇੱਕ ਬੁੱਤ ਬਣਾਇਆ ਸੀ ਗ੍ਰੀਕ ਦੇਵਤਆਂ ਵਰਗਾ, ਗ਼ੁਸੀਲਾ, ਰੋਅਬਦਾਰ। ਕੀ ਕਮਾਲ ਬੁੱਤ ਏ ਸਰ। ਅਸੀਂ ਓਹਨੂੰ ਹਜ਼ਰਤ ਮੂਸਾ ਦਾ ਬੁੱਤ ਨਹੀਂ, ਐਂਜਲੋ ਦੇ ਕੰਮ ਦੀ ਨਕਲ ਕਹਿ ਕੇ ਵੇਚਾਂਗੇ।

ਵਕੀਲ ਸਾਹਬ ਸਿਗਰਟ ਵਾਂਗ ਬਲਣ ਲਗ ਪਏ, ਚੁਪ ਚਾਪ, ਰਿੰਮਕੇ ਰਿੰਮਕੇ। ਬੁਤਾਂ ਦਾ ਕਾਰੋਬਾਰ, ਓਹ ਵੀ ਸ਼ਿਵ ਤੇ ਹਜ਼ਰਤ ਮੂਸਾ ਦੇ, ਤੋਬਾ ਤੋਬਾ, ਸ਼ਿਰਕ ਯਾਨੀ ਖ਼ੁਦਾ ਤੋਂ ਇਲਾਵਾ ਕਿਸੇ ਹੋਰ ਨੂੰ ਵੀ ਰੱਬ ਮੰਨਣ ਦਾ ਗੁਨਾਹ। ਆਖ਼ਰਤ ਦੀ ਤਬਾਹੀ। ਯੂਰੋਆਂ ਵਿੱਚ ਫ਼ੀਸ, ਮੌਜਾਂ। ਮੇਰਾ ਕੀ ਗੁਨਾਹ, ਮੈਂ ਥੋੜੀ ਬੁੱਤ ਬਨਾਣੇ ਨੇਂ ? ਜੋ ਕਰੇਗਾ ਓਹੀ ਭਰੇਗਾ। ਮੇਰਾ ਕੰਮ ਤੇ ਕਾਨੂੰਨ ਵੇਖ਼ ਕੇ ਦਸਣਾ ਏ, ਬਈ ਇਹ ਕਰਨ ਦੀ ਇਜਾਜ਼ਤ ਹੈ ਯਾਂ ਨ੍ਹੀਂ। ਬਾਕੀ ਇਜਾਜ਼ਤ ਦੇਣ ਵਾਲੇ ਜਾਨਣ ਤੇ ਕਰਨ ਵਾਲੇ, ਮੇਰਾ ਕੀ ਦੋਸ਼? ਫਿਰ ਵੀ ਇਹ ਨਿਰਾ ਕਾਨੂੰਨ ਨਾਲ ਖੇਡਣ ਦੀ ਗਲ ਨ੍ਹੀਂ ਸੀ, ਮਸਲਾ ਖ਼ੁਦਾ ਦੀ ਰਜ਼ਾ ਦਾ, ਤੇ ਜੱਨਤ ਦੋਜ਼ਖ਼ ਦਾ ਸੀ। ਕਿੱਥੇ ਜੰਨਤ ਦੀਆਂ ਹੂਰਾਂ ਤੇ ਕਿੱਥੇ ਇਹ ਪੱਥਰ ਦੇ ਬੁੱਤ। ਵਕੀਲ ਸਾਹਬ ਨੂੰ ਮੌਲਵੀਆਂ ਦੇ ਵਾਅਜ਼ ਚੇਤੇ ਆਣ ਲੰਗ ਪਏ। ਦਫ਼ਾ ਦੂਰ, ਮੈਂ ਕਿਉਂ ਕੁਫ਼ਰ ਤੋਲਾਂ? ਰੱਬ ਨੇ ਸਭ ਕੁਝ ਤੇ ਦਿੱਤਾ ਹੈ, ਨਾਸ਼ੁਕਰੀ ਕਿਉਂ ਕਰਾਂ? ਯੂਰੋਆਂ ਪਿੱਛੇ ਆਪਣੀ ਆਕਬਤ (ਅੰਤ) ਤੇ ਖ਼ਰਾਬ ਨ੍ਹੀਂ ਨਾ ਕਰਨੀ! ਇਹ ਸੋਚਾਂ ਸੋਚ ਕੇ ਵਕੀਲ ਸਾਹਬ ਦਾ ਜਜ਼ਬਾ -ਏ- ਇਮਾਨੀ (ਧਾਰਮਕ ਰੌਂ ) ਤਾਜ਼ਾ ਹੋ ਗਿਆ।

--- ਪੁੱਤਰ ਇਹ ਬੁਤਾਂ ਦਾ ਕੰਮ ਨਿਰਾ ਗੁਨਾਹ ਏ। ਇਹ ਕੰਮ ਦਿਲੋਂ ਕੱਢ ਦੇ। ਤੂੰ ਤਸਵੀਰਾਂ ਦੀ ਆਰ੍ਟ ਗੈਲਰੀ ਬਣਾ, ਮੈਂ ਤੇਰਾ ਸਭ ਕੁਝ ਦੋ ਦਿਨਾਂ ਵਿੱਚ ਸਿੱਧਾ ਕਰਾ ਦਿਆਂਗਾ।

ਮੁੰਡੇ ਨੇ ਹਾਰ ਨਾ ਮੰਨੀ।

--- ਸਰ ਇਹ ਗੱਲ ਹੈਗੀ ਏ ਮੇਰੇ ਦਿਮਾਗ਼ ਵਿੱਚ। ਪਰ ਇਹ ਗੱਲਾਂ ਤੇ ਬੰਦਾ ਤਦ ਸੋਚੇ ਨਾ ਜਦੋਂ ਕਾਨੂੰਨ ਵਿੱਚ ਇਹਦੀ ਇਜਾਜ਼ਤ ਹੋਵੇ। ਤੁਸੀਂ ਰਿਸਰਚ ਕਰ ਕੇ ਇਹ ਦਸ ਦਿਓ ਬਈ ਕਾਨੂੰਨ ਇਹਦੇ ਬਾਰੇ ਕੀ ਕਹਿੰਦਾ ਏ? ਜੇ ਕਾਰੋਬਾਰ ਗ਼ੈਰ ਕਾਨੂੰਨੀ ਏ ਤੇ ਗਲ ਏਥੇ ਈ ਠੱਪੀ ਜਾਏਗੀ। ਜੇ ਇਜਾਜ਼ਤ ਹੋਈ ਤੇ ਮੌਲਵੀ ਸਾਹਬ ਨਾਲ ਵੀ ਸਲਾਹ ਕਰ ਲਵਾਂਗੇ। ਤੁਸੀਂ ਬਸ ਕਾਨੂੰਨੀ ਪੋਜ਼ੀਸ਼ਨ ਚੰਗੀ ਤਰ੍ਹਾਂ ਵੇਖ਼ ਲਵੋ। ਫ਼ੀਸ ਦਾ ਕੋਈ ਮਸਲਾ ਨ੍ਹੀਂ ਸਰ। ਕੰਮ ਕਰਨਾ ਏ ਯਾਂ ਨ੍ਹੀਂ, ਇਹ ਬਾਅਦ ਦੀਆਂ ਗੱਲਾਂ ਨੇ।

ਵਕੀਲ ਸਾਹਬ ਫਿਰ ਥਿੜਕ ਗਏ। ਗੱਲ ਮੁੰਡੇ ਦੀ ਮਾਕੂਲ (ਜਚਵੀਂ) ਸੀ। ਕਿਹੜਾ ਓਹਨਾ ਦੇ ਕਹਿਣ ਤੇ ਕਾਰੋਬਾਰ ਛੋਹ ਪੈਣਾ ਸੀ? ਓਹਨਾ ਤੇ ਰਿਸਰਚ ਹੀ ਕਰਨੀ ਸੀ ਨਾ! ਜੇ ਇਜਾਜ਼ਤ ਨਾ ਨਿਕਲੀ ਤੇ ਸੱਤੇ ਖ਼ੈਰਾਂ, ਤੇ ਜੇ ਨਿਕਲ ਆਈ ਤੇ ਮੁੰਡੇ ਨੂੰ ਮੱਤ ਦਿਆਂਗਾ ਬਈ ਬੰਦਾ ਬਣ, ਕਿਨ੍ਹਾਂ ਚਕਰਾਂ ਵਿੱਚ ਪਿਆ ਏਂ। ਪਹਿਲਾਂ ਫ਼ੀਸ ਤੇ ਖਰੀ ਕਰਾਂ।

--- ਠੀਕ ਏ ਪੁੱਤਰ, ਜਿਵੇਂ ਤੇਰੀ ਮਰਜ਼ੀ। ਇੱਕ ਹਫ਼ਤਾ ਦੇ ਮੈਨੂੰ, ਮੈਂ ਸਾਰੀ ਰਿਸਰਚ ਕਰ ਦਿਆਂਗਾ। ਪਰ ਕੰਮ ਬਹੁਤਾ ਏ।

--- ਬੜੀ ਮਿਹਰਬਾਨੀ ਸਰ। ਐਹ ਲੱਖ ਰੁਪੇ ਦਾ ਚੈੱਕ ਤੁਸੀਂ ਐਡਵਾਂਸ ਰੱਖੋ, ਬਾਕੀ ਫ਼ੀਸ ਕੰਮ ਹੁੰਦੇ ਈ।

ਸਲਾਮ ਦੁਆ ਕਰ ਕੇ ਤੁਰ ਗਿਆ। ਵਕੀਲ ਸਾਹਬ ਨੇ ਖ਼ੁਸ਼ੀ ਖ਼ੁਸ਼ੀ ਚੈੱਕ ਬਟਵੇ 'ਚ ਪਾਇਆ ਤੇ ਬਾਕੀ ਦੀਆਂ ਫ਼ਾਈਲਾਂ ਫਰੋਲਣ ਲੱਗ ਪਏ। ਉਹਨਾਂ ਤੇ ਸੋਚਿਆ ਸੀ ਸਾਰੇ ਕੰਮ ਦੀ ਫ਼ੀਸ ਇੱਕ ਲੱਖ ਮੰਗਾਂਗਾ, ਜਿੱਥੇ ਵੀ ਸੌਦਾ ਹੋ ਜਾਏ। ਇੱਥੇ ਤੇ ਨਿਰਾ ਐਡਵਾਂਸ ਈ ਲੱਖ ਦਾ ਆ ਗਿਆ ਸੀ। ਫ਼ਾਈਲਾਂ ਵਿੱਚ ਧਿਆਨ ਹੁਣ ਘੱਟ ਹੋ ਗਿਆ ਸੀ ਤੇ ਵਾਰ ਵਾਰ ਯੂਰੋ, ਬਾਕੀ ਕਿੰਨੀ ਫ਼ੀਸ ਲੈਣੀ ਏ, ਤੇ ਕਿਹੜੇ ਕਿਹੜੇ ਕਾਨੂੰਨ ਵੇਖਣੇ ਨੇਂ, ਦੇ ਖਿਆਲ ਦਮਾਗ਼ ਵਿੱਚ ਘੁੰਮੀ ਜਾਂਦੇ ਸਨ। ਕੰਮ ਨਿਪਟਾ ਕੇ ਘਰ ਆਏ, ਅੰਨ ਪਾਣੀ ਕੀਤਾ, ਘਰ ਵਾਲਿਆਂ ਨਾਲ ਗੱਪ ਸ਼ੱਪ ਲਾਈ, ਥੋੜਾ ਟੀਵੀ ਵੇਖਿਆ ਤੇ ਸੌਣ ਤੁਰ ਪਏ। ਪਲਸੇਟੇ ਮਾਰਨ ਲੱਗ ਪਏ, ਨੀਂਦਰ ਨਾ ਆਵੇ। ਹਨੇਰੇ ਵਿੱਚ ਕਬਰ ਦਾ ਹਨੇਰਾ ਚੇਤੇ ਆ ਗਿਆ। ਰੱਬ ਚੇਤੇ ਆ ਗਿਆ। ਸੋਚਣ ਲੱਗ ਪਏ ਪੈਸਿਆਂ ਲਈਂ ਬਦਬਖ਼ਤ ਬੁਤਾਂ ਦਾ ਕੰਮ ਕਰਨ ਲੱਗਾਂ ਵਾਂ! ਮੌਲਵੀਆਂ ਦੇ ਵਾਅਜ਼ ਚੇਤੇ ਆਣ ਲੱਗ ਪਏ। ਬੁੱਤ ਹਰਾਮ ਨੇਂ। ਨ੍ਹੀਂ, ਉਹ ਇਹ ਕੰਮ ਨਹੀਂ ਕਰਣਗੇ। ਉਹ ਰੱਬ ਦੇ ਹੁਕਮ ਖ਼ਿਲਾਫ਼ ਇਹ ਰਿਸਰਚ ਨ੍ਹੀਂ ਕਰਣ ਗੇ । ਫ਼ੀਸ ਖੁਸਦੀ ਏ ਤੇ ਖੁਸ ਜਾਏ। ਖਸਮਾਂ ਨੂੰ ਖਾਏ। ਉਹ ਸਵੇਰੇ ਹੀ ਫ਼ੀਸ ਮੋੜ ਦੇਣ ਗੇ।

ਫ਼ਟਾ ਫ਼ਟ ਰੱਬ ਨੂੰ ਯਾਦ ਕੀਤਾ। ਬੁਤਾਂ ਉੱਤੇ ਹਜ਼ਾਰ ਲਾਅਨਤ ਭੇਜੀ। ਜੀਅ ਖ਼ੁਸ਼ ਹੋ ਗਿਆ। ਇੰਜ ਲੱਗਿਆ ਜਿਵੇਂ ਰੱਬ ਨੇ ਥਾਪੜੀ ਦਿੱਤੀ ਹੋਵੇ। ਡੂੰਘੀ ਪੁਰ ਸਕੂਨ ਨੀਂਦਰ ਸੌਂ ਗਏ।

ਸਵੇਰੇ ਅਦਾਲਤ ਗਏ ਤੇ ਇੰਜ ਮਹਿਸੂਸ ਹੁੰਦਾ ਸੀ ਜਿਵੇਂ ਸਿਰ ਤੇ ਤਾਜ ਪਿਆ ਹੋਵੇ। ਹਰ ਬੰਦਾ ਉਹਨਾਂ ਦੇ, ਰੱਬ ਦੀ ਖ਼ਾਤਿਰ ਫ਼ੀਸ ਮੋੜਨ ਉੱਤੇ ਤਾੜੀਆਂ ਮਾਰਦਾ ਹੋਵੇ। ਜਜ ਦੇ ਸਾਹਮਣੇ ਆਕੜ ਕੇ ਬਹਿ ਗਏ, ਮੂੰਹ ਤੇ ਫ਼ਾਤਿਹਾਨਾ ਮੁਸਕਾਨ। ਨਾਲ ਬੈਠੇ ਵਕੀਲਾਂ ਨਾਲ ਹਸ ਹਸ ਕੇ ਇਸ਼ਾਰਿਆਂ ਵਿੱਚ ਸਲਾਮ ਦੁਆ ਕਰਦੇ ਕੇਸ ਕਾਲ ਹੋਣ ਨੂੰ ਉਡੀਕਦੇ ਰਹੇ।

ਕੇਸ ਕਾਲ ਹੋਇਆ, ਵਕੀਲ ਸਾਹਬ ਬੜੇ ਜੋਸ਼ ਨਾਲ ਉੱਠ ਖਲੋਤੇ। ਦੂਜੀ ਨੁੱਕਰ ਤੋਂ ਦੂਜਾ ਵਕੀਲ ਵੀ ਉੱਠ ਆਇਆ। ਓਥੇ ਰੋਸਟ੍ਰਮ ਤੇ ਅਪੜ ਕੇ ਦੂਜੇ ਵਕੀਲ ਨੇ ਫ਼ਾਈਲ ਖੋਲ ਲਈ, ਇੱਥੇ ਵਕੀਲ ਸਾਹਬ ਦੇ ਪੈਰ ਸਿੱਥਲ ਜਹੇ ਹੋ ਗਏ, ਫ਼ਾਈਲ ਫੜ ਕੇ ਕੁਰਸੀ ਲੱਤਾਂ ਦੀ ਧਿੱਕ ਨਾਲ ਪਿੱਛੇ ਕਰ ਕੇ ਸਾਈਡ ਤੋਂ ਨਿਕਲ ਆਣਾ ਰੋਜ਼ ਦੀ ਗੱਲ ਸੀ, ਪਰ ਉਸ ਵੇਲੇ, ਖ਼ਵਰੇ ਕਿਸ ਤਰ੍ਹਾਂ, ਸਭ ਕੁਝ ਹੀ ਰਲ ਮਿਲ ਜਿਹਾ ਗਿਆ। ਤਿੰਨ ਚਾਰ ਸਕਿੰਟ ਇਸੇ ਕੰਮ ਤੇ ਲੱਗ ਗਏ। ਦੂਜਾ ਵਕੀਲ ਜਜ ਸਾਹਬ ਸਾਹਮਣੇ ਤਿਆਰ ਖਲੋਤਾ ਸੀ ਤੇ ਹੁਣ ਜਜ ਸਾਹਬ ਵੀ ਉਹਨਾਂ ਵਲ ਹੀ ਪਏ ਵੇਖਦੇ ਸਨ ਕਿ ਵਕੀਲ ਸਾਹਬ ਆਣ ਤੇ ਕਾਰਵਾਈ ਛੋਹੀ ਜਾਵੇ। ਵਕੀਲ ਸਾਹਬ ਨੂੰ ਹੋਰ ਘਾਬਰ ਪੈ ਗਈ। ਨਾਲ ਦੀ ਕੁਰਸੀ ਵਾਲੇ ਵਕੀਲ ਨੇ ਮਦਦ ਕੀਤੀ ਤੇ ਵਕੀਲ ਸਾਹਬ ਕੁਰਸੀਆਂ ਦੇ ਗੁੰਝਲ ਵਿੱਚੋਂ ਨਿਕਲ ਕੇ ਜਜ ਸਾਹਬ ਵਲ ਵੱਧੇ। ਕੁਝ ਹੈਰਾਨ ਹੋਏ। ਜਿੰਨੀ ਤੇਜ਼ੀ ਨਾਲ ਤੁਰਨਾ ਪਏ ਚਾਹੁੰਦੇ ਸਨ, ਓਨੀ ਤੇਜ਼ੀ ਨਾਲ ਤੁਰਨਾ ਨ੍ਹੀਂ ਸੀ ਪਿਆ ਹੁੰਦਾ। ਸਗੋਂ ਇੱਕ ਵਾਰੀ ਤੇ ਲੜਖੜਾ ਵੀ ਗਏ। ਇੰਜ ਕਦੇ ਨਹੀਂ ਸੀ ਹੋਇਆ, ਪਰ ਇਹ ਵੇਲਾ ਇਹਨਾਂ ਨਿੱਕੀਆਂ ਨਿੱਕੀਆਂ ਗਲਾਂ ਉੱਤੇ ਧਿਆਨ ਦੇਣ ਦਾ ਨ੍ਹੀਂ ਸੀ। ਯੁੱਧ ਦਾ ਤਬਲ ਵੱਜ ਚੁੱਕਿਆ ਸੀ। ਰੋਸਟ੍ਰਮ 'ਤੇ ਅਪੜ ਕੇ ਹੌਲੀ ਜਿਹੀ ਸਿਰ ਝੁਕਾ ਕੇ ਜਜ ਸਾਹਬ ਨੂੰ ਸਲਾਮ ਕੀਤਾ। ਜਜ ਸਾਹਬ ਵਕੀਲਾਂ ਦੀ ਰੋਜ਼ ਦਿਹਾੜੇ ਦੀ ਕਿੱਲ ਕਿੱਲ ਸੁਣ ਕੇ ਅਵਾਜ਼ਾਰ ਬੈਠੇ ਸਨ, ਉਹਨਾਂ ਦੂਜੇ ਵਕੀਲ ਨੂੰ ਇਸ਼ਾਰਾ ਕੀਤਾ ਬਈ ਕਾਰਵਾਈ ਸ਼ੁਰੂ ਕਰੋ। ਦੂਜੇ ਵਕੀਲ ਨੇ ਕਾਨੂੰਨੀ ਨੁਕਤਿਆਂ ਦੀ ਬੰਬਾਰੀ ਛੋਹ ਦਿੱਤੀ।

ਵਕੀਲ ਸਾਹਬ ਨੇ ਲੰਮਾ ਸਾਹ ਖਿੱਚਦਿਆਂ ਫ਼ਾਈਲ ਦੇ ਲਿਫ਼ਾਫ਼ੇ ਵਿੱਚੋਂ ਕਾਗ਼ਜ਼ ਕੱਢੇ। ਦੂਜਾ ਵਕੀਲ ਖ਼ਵਰੇ ਕੀ ਬੋਲੀ ਜਾਂਦਾ ਸੀ, ਪਰ ਕੋਈ ਸਿਆਪਾ ਨ੍ਹੀਂ ਸੀ, ਆਪਣੇ ਸਾਰੇ ਪੁਆਇੰਟ ਵਕੀਲ ਸਾਹਬ ਨੇ ਤਿਆਰ ਰੱਖੇ ਹੋਏ ਸਨ, ਭਾਵੇਂ ਜੋ ਮਰਜ਼ੀ ਭੌਂਕਦਾ ਰਵ੍ਹੇ, ਉਹਨਾਂ ਤੇ ਕੇਸ ਆਪਣੀਆਂ ਦਲੀਲਾਂ ਉੱਤੇ ਜਿਤਣਾ ਸੀ। ਓਹ ਗੱਲ ਕਰ ਲਵੇ ਫਿਰ ਆਪਣੀ ਵਾਰੀ ਤੇ ਵਕੀਲ ਸਾਹਬ ਨੇ ਬਹਿਸ ਕਰਨੀ ਸੀ। ਇੱਕ ਪੰਨੇ ਉੱਤੇ ਵਕੀਲ ਸਾਹਬ ਨੇ ਸਾਰੇ ਪੁਆਇੰਟ ਲਿੱਖ ਰੱਖੇ ਸਨ, ਓਹ ਖ਼ਵਰੇ ਕਿੱਥੇ ਸੀ? ਓਹਨਾਂ ਕਾਗ਼ਜ਼ ਫਰੋਲੇ, ਪਰ ਓਹ ਕਾਗ਼ਜ਼ ਨਾ ਲੱਭਾ। ਇੱਕ ਦੰਮ ਪਰੇਸ਼ਾਨ ਹੋ ਗਏ। ਜ਼ਰਾ ਤੇਜ਼ੀ ਨਾਲ ਪੰਨੇ ਇੱਧਰ ਉੱਧਰ ਕਰਨ ਦੀ ਕੀਤੀ ਤੇ ਕਾਗ਼ਜ਼ਾਂ ਵਿੱਚ ਗੁੰਝਲ ਪੈਣ ਲਗ ਪਏ। ਹੁਣ ਤੇ ਭਾਜੜ ਪੈ ਗਈ। ਹੁਣੇ ਬਹਿਸ ਕਰਨੀ ਸੀ ਤੇ ਤਿਆਰੀ ਹੀ ਗਵਾਚੀ ਪਈ ਸੀ। ਖਲੋਤੇ ਪੈਰੀਂ ਬਹਿਸ ਕਿਸ ਤਰ੍ਹਾਂ

ਹੋਵੇਗੀ? ਤੜਫ਼ੜਾਹਟ ਵਿੱਚ ਪੰਨੇ ਫਰੋਲੇ ਤੇ ਕਿੰਨੇ ਸਾਰੇ ਥੱਲੇ ਜਾ ਡਿੱਗੇ। ਇਹ ਅੱਜ ਹੁੰਦਾ ਕੀ ਪਿਆ ਸੀ? ਖ਼ੈਰ ਹੋਈ, ਜਜ ਸਾਹਬ ਨੇ ਪੰਨਿਆਂ ਦੇ ਡਿੱਗਣ ਦਾ ਕੋਈ ਨੋਟਸ ਨ੍ਹੀਂ ਲਿਆ, ਓਹ ਦੂਜੇ ਵਕੀਲ ਸਾਹਬ ਦੀ ਬਹਿਸ ਵਿੱਚ ਡੁੱਬੇ ਸਨ। ਸ਼ਰਮਿੰਦਗੀ ਤੇ ਘਬਰਾਹਟ ਕਾਰਨ ਪੁੰਗਰੀ ਐਂਗਜ਼ਾਈਟੀ ਨਾਲ ਵਕੀਲ ਸਾਹਬ ਕਾਗ਼ਜ਼ ਚੁੱਕਣ ਲਈ ਝੁਕੇ।

ਦੂਜੇ ਵਕੀਲ ਸਾਹਬ ਦੀ ਬਹਿਸ ਵਿਚਕਾਰ ਹੀ ਰਹਿ ਗਈ। ਥੜਾਪ ਦੀ ਆਵਾਜ਼ ਨਾਲ ਰੋਸਟ੍ਰਮ ਵਿੱਚ ਜਿਵੇਂ ਭੁਚਾਲ ਜਿਹਾ ਆ ਗਿਆ ਸੀ। ਸਾਰੇ ਵਕੀਲ ਇਕੱਠੇ ਹੋ ਗਏ। ਜਜ ਸਾਹਬ ਵੀ ਖਲੋ ਗਏ। ਵਕੀਲ ਸਾਹਬ ਬੇਹੋਸ਼ ਪਏ ਸਨ।

ਪਹਿਲਾ ਹਫ਼ਤਾ ਤੇ ਵਕੀਲ ਸਾਹਬ ਨੂੰ ਕੁਝ ਸਮਝ ਈ ਨਾ ਆਇਆ। ਦਵਾਈਆਂ, ਟੀਕਿਆਂ ਦੇ ਅਸਰ ਤੋਂ ਸੁੱਤੇ ਜਾਗਦੇ ਹੀ ਰਹੇ। ਅੱਖ ਖੁਲਦੀ ਤੇ ਹੱਥਾਂ ਉੱਤੇ ਤਾਰਾਂ ਅਤੇ ਨੱਕ ਵਿੱਚ ਨਾਲੀਆਂ ਛੇੜਦੇ ਡਾਕਟਰ ਤੇ ਨਰਸਾਂ ਦਿਸਦੀਆਂ, ਫਿਰ ਸੌਂ ਜਾਂਦੇ। ਕੁਝ ਵਲ ਹੋਏ, ਨਾਲੀਆਂ, ਤਾਰਾਂ ਘੱਟ ਹੋਈਆਂ, ਤੇ ਪਤਾ ਲੱਗਾ ਬਈ ਸੱਜੇ ਪਾਸੇ ਫ਼ਾਲਿਜ ਡਿੱਗ ਪਿਆ ਸੀ। ਤੁਰਨ ਫਿਰਨ ਤੋਂ ਵੀ ਰਹਿ ਗਏ ਸਨ, ਮਸਾਂ ਹੀ ਜਾਨ ਬਚੀ ਸੀ। ਕਿੱਥੇ ਰੋਜ਼ ਅਦਾਲਤਾਂ ਵਿੱਚ ਭਜ ਨਸ ਕਰਨੀ ਤੇ ਕਿੱਥੇ ਹੁਣ ਬਿਸਤਰੇ ਤੇ ਪੈ ਗਏ ਸਨ। ਜਿੰਦੜੀ ਖਲੋ ਜਿਹੀ ਗਈ ਸੀ। ਠਾਠਾਂ ਮਾਰਦੇ ਦਰਿਆ ਤੋਂ ਇੱਕ ਦੰਮ ਛੱਪੜ ਬਣ ਗਈ ਸੀ। ਤਿੰਨ ਹਫ਼ਤੇ ਪਿੱਛੋਂ ਹਸਪਤਾਲ ਤੋਂ ਛੁੱਟੀ ਹੋ ਗਈ। ਜਿਹੜਾ ਥੋੜਾ ਬਹੁਤ ਆਹਰ ਡਾਕਟਰਾਂ ਨਰਸਾਂ ਦੇ ਆਣ ਜਾਣ ਨਾਲ ਲੱਗਿਆ ਰਹਿੰਦਾ ਸੀ, ਓਹ ਵੀ ਮੁੱਕ ਗਿਆ। ਸਾਕ ਬੇਲੀ ਵੀ ਸਾਰੇ ਹਸਪਤਾਲ ਵਿੱਚ ਹੀ ਭੁਗਤਾ ਗਏ ਸਨ। ਘਰ ਆਕੇ ਤੇ ਜਿਵੇਂ ਵੇਲਾ ਜੰਮ ਹੀ ਗਿਆ ਸੀ।

ਬੰਦਾ ਵੀ ਬੜਾ ਹੀ ਹਰਾਮਦਾ ਹੁੰਦਾ ਏ। ਕਹਿੰਦਾ ਰਹਿੰਦਾ ਏ, ਇਹ ਹੋ ਗਿਆ ਤੇ ਮਰ ਜਾਂਗਾ, ਓਹ ਨਾ ਹੋਇਆ ਤੇ ਮਰ ਜਾਂਗਾ, ਪਰ ਵੇਲੇ ਸਿਰ ਸਭ ਕੁਝ ਹੀ ਜਰ ਜਾਂਦਾ ਏ। ਦੋ ਮਹੀਨੇ ਲੰਘ ਗਏ, ਹੁਣ ਚੌਲ ਸ਼ੋਰਾ (ਤਰੀ) ਖਾਣ ਲੱਗ ਪਏ ਸਨ। ਸਾਰਾ ਦਿਨ ਇਕੱਲੇ ਪਏ ਰਹਿਣ ਦੀ ਆਦਤ ਵੀ ਹੋ ਗਈ ਸੀ। ਕਦੀ ਕਧਾਰ ਕੋਈ ਆ ਜਾਂਦਾ ਤੇ ਕੁਝ ਗੱਪ ਸ਼ੱਪ ਹੋ ਜਾਂਦੀ, ਨ੍ਹੀਂ ਤੇ ਸਾਰਾ ਦਿਨ ਟੀਵੀ ਅੱਗੇ ਪਏ ਰਹਿੰਦੇ, ਕਦੀ ਕੋਈ ਪ੍ਰੋਗਰਾਮ ਵੇਖ ਲੈਂਦੇ, ਕਦੀ ਆਪਣੀਆਂ ਸੋਚਾਂ ਵਿੱਚ ਡੁੱਬੇ ਰਹਿੰਦੇ । ਸੋਚਾਂ ਵੀ ਕੀ ਸਨ, ਸਾਰੀ ਉਮਰ ਕੰਮ ਦੇ ਇਲਾਵਾ ਤੇ ਕੁਝ ਕੀਤਾ ਹੀ ਨ੍ਹੀਂ ਸੀ, ਨਾ ਕੋਈ ਸ਼ੌਕ ਪਾਲਿਆ ਸੀ ਨਾ ਕਦੀ ਖ਼ਿਆਲ ਆਇਆ ਸੀ ਇਹ ਦੁਨੀਆ ਕੀ ਜਾਦੂ ਨਗਰੀ ਏ ਜਿਹਦੇ ਵਿੱਚ ਜੰਮ ਪਿਆ ਵਾਂ ਤੇ ਇਹਦੇ ਬਾਝੋਂ ਕੀ ਹੋਣਾ? ਸੋਚਾਂ ਆਂਦੀਆਂ ਵੀ, ਤੇ ਆਪਣੇ ਕੇਸਾਂ ਬਾਰੇ। ਕਿਹੜਾ ਔਖਾ ਕੇਸ ਜਿੱਤਿਆ ਸੀ ਤੇ ਕਿੰਨੀ ਵਾਹਵਾਹ ਹੋਈ ਸੀ, ਤੇ ਕਿਹੜਾ ਹਰ ਗਿਆ ਸਾਂ।

ਇੱਕ ਦਿਨ ਬੈਠੇ ਸਨ, ਸੱਜੇ ਗੋਡੇ ਤੇ ਸੱਜਾ ਹੱਥ ਧਰਿਆ ਸੀ, ਦੋਵੇਂ ਬੇਜਾਨ। ਓਹਨਾਂ ਨੂੰ ਵੇਖਦੇ ਵੇਖਦੇ ਖ਼ਿਆਲ ਆਇਆ ਹੱਥ ਪੈਰ ਤੇ ਜਿਵੇਂ ਪੱਥਰ ਦੇ ਹੀ ਬਣ ਗਏ ਨੇਂ। ਪੱਥਰ ਤੋਂ ਸੋਚ ਆਈ ਕਿ ਓਹਨਾਂ ਦਾ ਸੱਜਾ ਪਾਸਾ ਤੇ ਬੁੱਤ ਹੀ ਬਣ ਗਿਆ ਹੋਇਆ ਏ। ਓਹ ਤੇ ਅੱਧੇ ਬੁਤ ਬਣ ਗਏ ਹੋਏ ਸਨ! ਬਿਜਲੀ

ਦੇ ਲਿਸ਼ਕਾਰੇ ਵਾਂਗ ਓਹਨਾਂ ਨੂੰ ਓਹ ਬੁਤਾਂ ਵਾਲਾ ਮੁੰਡਾ ਚੇਤੇ ਆ ਗਿਆ। ਫਿਰ ਓਹ ਮੁੰਡਾ ਜਿਵੇਂ ਵਕੀਲ ਸਾਹਬ ਦੇ ਦਿਮਾਗ਼ ਨਾਲ ਚੰਬੜ ਹੀ ਗਿਆ।

ਵਕੀਲ ਸਾਹਬ ਨੂੰ ਚੇਤੇ ਆਣ ਲੱਗ ਪਿਆ ਕਿਸ ਤਰ੍ਹਾਂ ਓਹ ਬੜੇ ਹੀ ਜੋਸ਼ ਤੇ ਅਕੀਦਤ ਨਾਲ ਮੂਰਤੀਆਂ ਦੀਆਂ ਗੱਲਾਂ ਕਰਦਾ ਸੀ। ਜਦ ਸ਼ਿਵ ਦੇ ਬੁਤ ਦੀ ਗੱਲ ਕਰਦਾ ਤੇ ਇੰਜ ਝੁਕ ਜਿਹਾ ਜਾਂਦਾ ਜਿਵੇਂ ਨਟਰਾਜ ਓਹਦੇ ਸਾਹਮਣੇ ਹੀ ਹੋਣ ਤੇ ਓਹ ਉਹਨਾਂ ਦੇ ਚਰਨ ਪਿਆ ਛੂੰਹਦਾ ਹੋਵੇ। ਅਤੇ ਹਜ਼ਰਤ ਮੂਸਾ ਦੇ ਬੁੱਤ ਦੀ ਗੱਲ ਕਰਦਿਆਂ ਇੰਜ ਸਿਰ ਝੁਕਾਂਦਾ ਜਿਵੇਂ ਹਜ਼ਰਤ ਮੂਸਾ ਓਹਦੇ ਸਾਹਮਣੇ ਖਲੋਤੇ ਹੋਣ ਤੇ ਮੁੰਡਾ ਓਹਨਾਂ ਨੂੰ *ਸ਼ਲੋਮ* ਪਿਆ ਕਰਦਾ ਹੋਵੇ। ਸੋਚਦੇ ਸੋਚਦੇ ਵਕੀਲ ਸਾਹਬ ਦੇ ਖੱਬੇ ਹੱਥ ਵਿੱਚ ਖੁਜਲੀ ਹੋਈ। ਕੀ ਕਰਦੇ? ਖੱਬਾ ਹੱਥ ਹੀ ਪੱਥਰ ਦੇ ਹੱਥ ਨਾਲ ਰਗੜਨ ਲੱਗ ਪਏ। ਮੁੰਡਾ ਜਦ ਵੀ ਕਿਸੇ ਬੁੱਤ ਦੀ ਗੱਲ ਕਰਦਾ ਸੀ ਓਹਦੀਆਂ ਅੱਖਾਂ ਵਿੱਚੋਂ ਅੱਗ ਦੀਆਂ ਲਾਟਾਂ ਨਿਕਲਦੀਆਂ ਸਨ। ਰਗੜ ਨਾਲ ਪੱਥਰ ਦਾ ਹੱਥ ਗੋਡੇ ਤੋਂ ਡਿੱਗ ਪਿਆ। ਵਕੀਲ ਸਾਹਬ ਦੀਆਂ ਸੋਚਾਂ ਨੂੰ ਡੱਕਾ ਲੱਗ ਗਿਆ । ਬੁਤਾਂ ਨੇ ਬੁਤ ਬਣਾ ਛੱਡਿਆ ਸੀ! ਓਹ ਜਿਵੇਂ ਪੂਰੇ ਦੇ ਪੂਰੇ ਪੱਥਰ ਦੇ ਹੋ ਗਏ। ਬੁੱਤ ਬਣ ਗਏ। ਓਸੇ ਵੇਲੇ ਓਹਨਾਂ ਦੀ ਵਹੁਟੀ ਅੰਦਰ ਵੜੀ।

--- ਇਹ ਦਵਾਈ ਖਾ ਲਵੋ, ਟੈਮ ਹੋ ਗਿਆ ਜੇ। ਨਹੀਂ ਤੇ ਪਤਾ ਏ ਨਾ ਫ਼ੇਰ ਕਿਸ ਤਰ੍ਹਾਂਰਾਂ ਰੋਣ ਲਗ ਪੈਂਦੇ ਜੇ।

ਵਕੀਲ ਸਾਹਬ ਨੇ ਚੁੱਪ ਚੁਪੀਤੇ ਗੋਲੀ ਮੂੰਹ ਵਿੱਚ ਪਾਕੇ ਪਾਣੀ ਨਾਲ ਨਿਗਲ ਲਈ। ਓਹਨਾਂ ਦੇ ਦਿਮਾਗ਼ ਵਿੱਚ ਝਖੜ ਪਏ ਚਲਦੇ ਸਨ। ਗੋਲੀ ਨੇ ਜਦੋਂ ਤੀਕਰ ਓਹਨਾ ਨੂੰ ਸੁਆ ਨ੍ਹੀਂ ਦਿੱਤਾ, ਓਹ ਬੁਤਾਂ ਬਾਰੇ ਈ ਸੋਚਦੇ ਰਹੇ।

ਅਗਲਾ ਸਾਰਾ ਦਿਨ ਓਹਨਾਂ ਦੇ ਚਾਰ ਚੁਫ਼ੇਰੇ ਬੁੱਤ ਈ ਨਚਦੇ ਗਜਦੇ ਰਹੇ। ਜਿਵੇਂ ਜਿਵੇਂ ਓਸ ਦਿਨ ਦਿਆਂ ਗੱਲਾਂ ਓਹਨਾਂ ਚੇਤੇ ਆਂਦੀਆਂ, ਓਹਨਾਂ ਨੂੰ ਪੱਕ ਹੋਈ ਜਾਂਦਾ ਕਿ ਬੁਤ ਵੱਡੇ ਦੇਵਤਾ ਨੇਂ, ਤੇ ਓਹ ਮੁੰਡਾ ਬੁਤਾਂ ਦਾ ਪੁਜਾਰੀ ਸੀ --- ਜਿਹਨੂੰ ਵਕੀਲ ਸਾਹਬ ਨੇ ਨਰਾਜ਼ ਕਰ ਦਿੱਤਾ ਸੀ। ਵਹੁਟੀ ਨੇ ਇੱਕ ਹੋਰ ਗੋਲੀ ਖਵਾਈ ਤੇ ਓਹਨਾਂ ਨੂੰ ਸਮਝ ਆਈ ਬਈ ਬੁੱਤ ਤੇ ਓਹਨਾਂ ਦੀਆਂ ਸੋਚਾਂ ਵੀ ਪੜ੍ਹ ਲੈਂਦੇ ਨੇਂ। ਓਸ ਦਿਨ ਜੋ ਕੁਝ ਓਹਨਾਂ ਸੋਚਿਆ ਸੀ, ਬੁਤਾਂ ਦੇ ਕਾਫ਼ਿਰ ਹੋਣ ਬਾਰੇ ਤੇ ਫ਼ੀਸ ਪੁਜਾਰੀ ਨੂੰ ਮੋੜਨ ਬਾਰੇ, ਓਹ ਸਭ ਕੁਝ ਓਹਨਾ ਨੂੰ ਪਤਾ ਲੱਗ ਗਿਆ ਸੀ। ਤੇ ਓਸ ਸਾਰੀ ਗੁਸਤਾਖ਼ੀ ਦੀ ਸਜ਼ਾ ਵਿੱਚ ਬੁਤਾਂ ਵਕੀਲ ਸਾਹਬ ਨੂੰ ਅੱਧਾ ਬੁੱਤ ਬਣਾ ਛੱਡਿਆ ਸੀ। ਵਕੀਲ ਸਾਹਬ ਦਾ ਰਤ ਜੰਮ ਗਿਆ। ਇਹ ਓਹ ਕੀ ਕਰ ਬੈਠੇ ਸਨ? ਗੁਨਾਹ ਦੇ ਇਸ ਭਾਰ ਥੱਲੇ ਓਹ ਫਿਰ ਸੌਂ ਗਏ ।

ਉੱਠੇ ਤੇ ਸਭ ਗ਼ਾਇਬ ਸੀ। ਕੋਈ ਬੁੱਤ ਨ੍ਹੀਂ ਸੀ, ਨਾ ਨਚਦਾ, ਨਾ ਗਜਦਾ। ਚਾਰ ਚੁਫ਼ੇਰੇ ਹਨੇਰਾ ਤੇ ਇਕਲਾਪਾ। ਵਕੀਲ ਸਾਹਬ ਨੂੰ ਪੱਕ ਹੋ ਗਿਆ ਕਿ ਬੁਤਾਂ ਨੇ ਪਹਿਲਾਂ ਆਪਣੀ ਬੇ ਇੱਜ਼ਤੀ ਦਾ ਬਦਲਾ ਲੈਣ ਲਈ ਓਹਨਾਂ ਨੂੰ ਅੱਧਾ ਬੁੱਤ ਬਣਾ ਦਿੱਤਾ, ਫਿਰ ਦਮਾਗ਼ ਵਿੱਚ ਵੜ ਕੇ ਇਹ ਗੱਲ ਓਹਨਾਂ ਨੂੰ ਚੇਤੇ

ਕਰਾਈ, ਤੇ ਹੁਣ ਵਕੀਲ ਸਾਹਬ ਨੂੰ ਤੜਫ਼ਦਾ ਛੱਡ ਕੇ ਗ਼ਾਇਬ ਹੋ ਗਏ ਨੇ। ਵਕੀਲ ਸਾਹਬ ਨੂੰ ਡਾਕਟਰਾਂ ਦੇ ਦਿਲਾਸੇ ਝੂਠ ਲੱਗਣ ਲੱਗ ਪਏ।

ਦੋ ਦਿਨ ਏਸੇ ਤਰ੍ਹਾਂ ਕਰਬ ( ਪੀੜ, ਤਕਲੀਫ਼ ) ਵਿੱਚ ਲੰਘ ਗਏ। ਇੱਕ ਦਿਨ ਵਕੀਲ ਸਾਹਬ ਦਾ ਜੀਅ ਕੀਤਾ ਓਹ ਆਪਣਾ ਸਿਰ ਪਾੜ ਲੈਣ। ਬੁਤਾਂ ਤੋਂ ਮਾਫ਼ੀ ਓਹਨਾਂ ਦਾ ਪੁਜਾਰੀ ਦਵਾ ਸਕਦਾ ਸੀ। ਇਹ ਖ਼ਿਆਲ ਓਹਨਾ ਨੂੰ ਪਹਿਲਾਂ ਕਿਉਂ ਨਹੀਂ ਆਇਆ? ਓਸੇ ਵੇਲੇ ਚੈਂਬਰ ਫ਼ੋਨ ਕਰਾ ਕੇ ਮੁਨਸ਼ੀ ਨੂੰ ਸੱਦਿਆ। ਮੁਨਸ਼ੀ ਨੂੰ ਬੁਤਾਂ ਦਾ ਪੁਜਾਰੀ ਮੁੰਡਾ ਚੇਤੇ ਕਰਾਂਦਿਆਂ ਵੀ ਅੱਧਾ ਘੰਟਾ ਲੱਗ ਗਿਆ। ਓਹਨੂੰ ਚੇਤੇ ਆਇਆ ਤੇ ਵਕੀਲ ਸਾਹਬ ਦਾ ਫਿਰ ਜੀਅ ਕੀਤਾ ਆਪਣਾ ਗਾਟਾ ਕੱਟ ਲੈਣ। ਮੁਨਸ਼ੀ ਨੇ ਛੁਟਦੇ ਈ ਕਿਹਾ:

--- ਓਹ ਤੁਹਾਡੇ ਮਲਿਕ ਸਾਹਬ ਨੇ ਜਿਹੜਾ ਘਲਿਆ ਸੀ?

ਕੇਸ ਤੇ ਸਾਰੇ ਕਲਾਇੰਟ ਹੀ ਦੂਜੇ ਵਕੀਲਾਂ ਕੋਲ ਲੈ ਗਏ ਸਨ, ਪਰ ਮਲਿਕ ਸਾਹਬ ਨਾਲ ਤਾਅਲੁਕ ਬੜਾ ਪੁਰਾਣਾ ਸੀ। ਓਹਨਾਂ ਕਿਹਾ ਮੁੰਡਾ ਬਰਖ਼ੁਰਦਾਰ ਏ, ਜੋ ਮਰਜ਼ੀ ਪੁੱਛੋ, ਕਲ ਤੁਹਾਡੇ ਕੋਲ ਹੋਵੇਗਾ।

ਅਗਲੇ ਦਿਨ ਮੁੰਡਾ ਆ ਗਿਆ।

--- ਸਰ ਬੜਾ ਦੁਖ ਹੋਇਆ ਸੀ ਤੁਹਾਡੀ ਬਿਮਾਰੀ ਦਾ ਸੁਣ ਕੇ। ਰੱਬ ਤੁਹਾਨੂੰ ਚੰਗਾ ਕਰੇ।

--- ਹਾਂ ਪੁੱਤਰ, ਬਸ ਡਾਹਡਿਆਂ ਦੀਆਂ ਓਹੀ ਜਾਣਨ। ਬੰਦਾ ਕੀ ਕਰ ਸਕਦਾ ਏ।

--- ਜੀ, ਸਹੀ ਗੱਲ ਏ ਸਰ।

--- ਓਹ ਪੁੱਤਰ ਤੇਰੀ ਆਰ੍ਟ ਗੈਲਰੀ ਦਾ ਕੀ ਬਣ ਰਿਹਾ ਏ?

--- ਜੀ ਮਲਿਕ ਸਾਹਬ ਨੇ ਇੱਕ ਹੋਰ ਵਕੀਲ ਸਾਹਬ ਦਾ ਦੱਸਿਆ ਸੀ, ਓਹੀ ਹੁਣ ਵੇਖਦੇ ਪਏ ਨੇ ਕਾਨੂੰਨੀ ਮੁਆਮਲੇ।

--- ਚੰਗਾ ਏ, ਚੰਗਾ ਏ। ਫ਼ੇਰ, ਕਦੋਂ ਬਣਾਓਗੇ ਅਜ਼ੀਮ ਬੁਤ ਸਾਹਬ?

--- ਜੀ...? ਓਹ... ਵੇਖਨੇ ਆਂ।

--- ਤੁਸੀਂ ਦੋ ਬੁਤਾਂ ਦਾ ਤੇ ਜ਼ਿਕਰ ਕੀਤਾ ਸੀ, ਸ਼ਿਵ ਜੀ ਤੇ ਹਜ਼ਰਤ ਮੂਸਾ, ਹੋਰ ਕਿਹੜੇ ਬੁਤ ਬਣਾਓਗੇ ?

--- ਜੀ ... ਕੋਈ ਵੀ ਨਹੀਂ।

--- ਕਿਉਂ???

--- ਓਹ ਮੈਂ ਤੁਹਾਡੇ ਨਾਲ ਗੱਲ ਕਰਨ ਪਿੱਛੋਂ ਇੱਕ ਮੌਲਵੀ ਸਾਹਬ ਨੂੰ ਪੁਛਿਆ ਸੀ।

--- ਫ਼ੇਰ?

--- ਓਹਨਾਂ ਕਿਹਾ ਬੁਤ ਬਨਾਣਾ ਕੁਫ਼ਰ ਏ।

--- ਹੁੰਹ! ਫ਼ੇਰ?

--- ਫੇਰ ... ਮੈਂ ਸੋਚਿਆ ਦਫ਼ਾ ਕਰਾਂ ਬੁਤਾਂ ਦੇ ਏਸ ਭੈੜੇ ਕੰਮ ਨੂੰ। ਹੁਣ ਮੈਂ ਨਿਰੀ ਤਸਵੀਰਾਂ ਦੀ ਗੈਲਰੀ ਬਣਾਵਾਂਗਾ।

ਬੁਤਾਂ ਦਾ ਭੈੜਾ ਕੰਮ? ਦੋ ਕੁ ਮਿੰਟ ਤੇ ਵਕੀਲ ਸਾਹਬ ਦੇ ਪੱਲੇ ਹੀ ਨਾ ਪਿਆ, ਮੁੰਡਾ ਕਹਿੰਦਾ ਕੀ ਪਿਆ ਸੀ। ਫਿਰ ਓਹਨਾਂ ਨੂੰ ਇੰਜ ਜਾਪਿਆ ਜਿਵੇਂ ਨਟਰਾਜ ਤੇ ਹਜ਼ਰਤ ਮੂਸਾ ਦੇ ਬੁੱਤ ਓਹਨਾਂ ਦੇ ਸਾਹਮਣੇ ਖਲੋਤੇ ਠੱਠੇ ਪਏ ਮਾਰਦੇ ਹੋਣ। ਓਹਨਾ ਨੂੰ ਸਮਝ ਹੀ ਨਾ ਆਈ ਹੁਣ ਕਰਨ ਕੀ? ਠੱਠੇ ਮਾਰਦੇ ਬੁਤਾਂ ਨਾਲ ਹਸਣ ਯਾਂ ਰੋਅ ਰੋਅ ਕੇ ਮਾਫ਼ੀ ਮੰਗਣ। ਇੰਜ ਹੀ ਖ਼ੁਸ਼ੀ ਗ਼ੰਮੀ ਦੀ ਦੁਵਿਧਾ ਵਿੱਚ ਫਸਿਆਂ ਨੂੰ ਹੀ ਏਨੀ ਜ਼ੋਰ ਦਾ ਦਿਲ ਦਾ ਦੌਰਾ ਪਿਆ ਕਿ ਇੱਕੋ ਦੰਮ ਦਿਲ ਬੰਦ ਹੋ ਗਿਆ। ਤੜਫ਼ਨ ਦਾ ਵੇਲ੍ਹ ਵੀ ਨਾ ਲੱਭਿਆ। ਬੈਠੇ ਬੈਠੇ ਈ ਬਸ ਲੋਥ ਬਣ ਗਏ। ਸਭ ਕੁਝ ਏਂਨੀ ਛੇਤੀ ਹੋਇਆ ਕਿ ਖ਼ੁਸ਼ੀ ਗ਼ੰਮੀ ਦਾ ਰਲਿਆ ਮਿਲਿਆ ਗੁੰਝਲ ਵੀ ਨਾ ਖੁਲ ਸਕਿਆ, ਤੇ ਜਜ਼ਬਾਤ ਦਾ ਇਹ ਗੁੰਝਲ ਵਕੀਲ ਸਾਹਬ ਦੇ ਮੂੰਹ ਤੇ ਜੋਕਰ ਦੇ ਮਾਸ੍ਕ ਵੰਗਰ ਪੱਕਾ ਹੀ ਹੋ ਗਿਆ।

ਮੁੰਡੇ ਨੇ ਓਸ ਮੂੰਹ ਵਲ ਵੇਖਿਆ ਤੇ ਓਹਨੂੰ ਜਾਪਿਆ ਜਿਸ ਤਰ੍ਹਾਂ ਮਾਈਕਲ ਐਂਜਲੋ ਤੋਂ ਵੀ ਵੱਡੇ ਕਲਾਕਾਰ ਨੇ ਇੱਕ ਸ਼ਾਹਕਾਰ ਬੁੱਤ ਬਣਾਇਆ ਹੋਏ। ਓਹਦਾ ਜੀਅ ਕੀਤਾ ਇਸ ਸ਼ਾਹਕਾਰ ਬੁੱਤ ਦੀ ਕਾਪੀ ਬਣਾਏ!

# ਸਵੇਰ

ਠੰਡ ਨਾਲ ਠਰ ਗਿਆ।

ਟੱਬ ਵਿੱਚ ਤੱਤਾ ਪਾਣੀ ਭਰ ਕੇ ਫ਼ਟਾ ਫ਼ਟ ਲੀੜੇ ਲਾਹੇ, ਤੇ ਠਰ ਗਿਆ, ਠੰਡ ਨਾਲ। ਅਲੈਕਟ੍ਰਿਕ ਗੀਜ਼ਰ ਦੀ ਹੁਣ ਬਸ ਹੋ ਗਈ ਸੀ। ਆਪਣੀ ਲਾਲ ਬੱਤੀ ਬਾਲ੍ਹ ਕੇ ਉਹ ਪੈਪ ਵਿੱਚ ਠੰਡੇ ਪਾਣੀ ਦਾ ਮੂਤਰ ਕਰਣ ਲੱਗ ਪਿਆ ਸੀ। ਨਲ ਬੰਦ ਕਰ ਕੇ ਪਾਣੀ ਵਿੱਚ ਹਥ ਪਾਇਆ, ਤੱਤਾ ਸੀ। ਸ਼ਾਵਰ ਤੋਂ ਦੋ ਕੂ ਫੁਟ ਉੱਤੇ ਟੰਗੇ, ਨੀਂਕੀ ਬਾਲਟੀ ਜਿੱਨੇ ਇਸ ਚਿੱਟੇ ਆਂਡੇ ਨੂੰ ਘੂਰੀ ਕਰਾਈ। ਫ਼ਿਟੇ ਮੂੰਹ, ਵੱਡਾ ਗੀਜ਼ਰ ਬਣਿਆ ਫਿਰਦਾ ਹੈ।

--- ਕੁਝ ਵਾਧੂ ਹੀ ਤੱਤਾ ਹੈ, ਸਾੜ ਹੀ ਨਾ ਦਏ। ਥੋੜ੍ਹਾ ਠੰਡਾ ਪਾਣੀ ਨਾ ਪਾ ਲਵਾਂ?

ਇਹ ਸੋਚਦੇ ਉਹਨੇ ਨਲ ਤੇ ਹੱਥ ਪਾਇਆ।

ਪ੍ਲਾਸਟਿਕ ਦਾ ਢੋਲ ਜਿਹਾ ਨਲ ਦਾ ਹੈਂਡਲ ਠੰਡਾ ਸੀ, ਪਰ ਉਹਨਾ ਠੰਡਾ ਨ੍ਹੀਂ ਜਿੰਨਾ ਸਰਾਮਿਕ ਦਾ ਸਿੰਕ। ਪੈਪ ਦਾ ਪਛੋਕੜ ਕੰਧ ਨਾਲ ਲਗਦੇ ਹੀ ਉਤਾਂ ਨੂੰ ਨਸਦਾ ਸੀ, ਜਿਸ ਤਰ੍ਹਾਂ ਅਮੀਰ ਬਾਲਾਂ ਦੇ ਕੈਰੀਅਰ ਡਿਗਰੀਆਂ ਫੜਦੇ ਹੀ ਅਸਮਾਨਾਂ ਵਲ ਸ਼ੂਟ ਮਾਰ ਦਿੰਦੇ ਨੇਂ। ਪੁਰਾਣੇ ਘਰਾਂ ਦੇ ਵੀ ਆਪਣੇ ਹੀ ਭੰਬਲ ਭੂਸੇ ਹੁੰਦੇ ਨੇਂ। ਅੱਧੀ ਸਦੀ ਦਾ ਵੇਲਾ ਤੇ ਬੰਦੇ ਖਾ ਜਾਂਦਾ ਹੈ, ਪੈਪਾਂ ਵਿਚਾਰੀਆਂ ਕੋਲੋਂ ਕਿੱਥੇ ਝੱਲਣ ਹੁੰਦੈ। ਖ਼ਵਰੇ ਕਿੱਥੋਂ ਕਿੱਥੋਂ ਪਾਟ ਗਈਆਂ ਹੋਈਆਂ ਸਨ। ਗੈਸ ਦਾ ਗੀਜ਼ਰ ਲਵਾਇਆ ਸੀ, ਬੜੇ ਚਾਅ ਨਾਲ, ਬਈ ਇਸ ਵਾਰੀ ਠੰਡ ਵਿੱਚ ਵੌਹਟੀ ਨੂੰ ਉਬਲਦੇ ਪਾਣੀ ਦੀਆਂ ਬਾਲਟੀਆਂ ਨਾਂ ਚੁਕਣੀਆਂ ਪੈਣ। ਨਲ ਖੋਲੋ ਤੇ ਬਸ ਤੱਤਾ ਪਾਣੀ ਸ਼ੁਪੜ ਸ਼ੁਪੜ ਵੱਗਣ ਲਗ ਪਵੇ। ਸਾਰੇ ਸੁਫ਼ਣੇ ਧਰੇ ਦੇ ਧਰੇ ਰਹਿ ਗਏ। ਤਿੰਨ ਪ੍ਲੰਬਰ ਸੱਦੇ, ਦੋ ਤੇ ਨਿਰੇ ਨਲ ਹੀ ਸਣ, ਕਹਿ ਤੁਰੇ ਬਈ ਨਵੀਂ ਪੈਪਾਂ ਪੁਆਓ, ਹੋਰ ਕੋਈ ਉਪਾਏ ਨ੍ਹੀਂ। ਇੰਨੇ ਪੈਸੇ ਕਿੱਥੋਂ ਆਂਦੇ? ਪਹਿਲਾਂ ਹੀ ਗੀਜ਼ਰ ਉੱਤੇ ਕਿੰਨਾ ਪੈਸਾ ਉਜੜ ਗਿਆ ਸੀ। ਤੀਜਾ ਕਰੂ ਸੀ। ਉਹਨੇ ਟੈਂਕੀ ਤੋਂ ਇੱਕ ਨਵਾਂ ਪੈਪ ਕੱਢਿਆ ਤੇ ਉੱਤੋਂ ਉੱਤੇ ਹੀ

ਸਿੱਧਾ ਉਹਨਾਂ ਦੇ ਗ਼ੁਸਲਖ਼ਾਨੇ ਲਿਆ ਕੇ ਮਾਰਿਆ। ਸਾਰੀਆਂ ਪੈਪਾਂ ਦਾ ਖ਼ਰਚਾ ਵੀ ਬੱਚ ਗਿਆ ਤੇ ਕੰਧਾਂ ਫ਼ਰਸ਼ਾਂ ਦੀ ਤੋੜ ਭਜ ਵੀ।

ਫਿਰ ਜਦੋਂ ਇਹ ਅਲੈਕਟ੍ਰਿਕ ਆਂਡਾ ਲਵਾਇਆ ਤੇ ਇੰਜ ਟੈਂਸ ਸੀ ਜਿਵੇਂ ਦਸਵੀਂ ਦਾ ਨਤੀਜਾ ਆਣਾ ਹੋਵੇ। ਇਹ ਨਾ ਹੋਏ ਹੁਣ ਵੀ ਤੱਤਾ ਪਾਣੀ ਨਾ ਆਏ, ਪਿਛਲੇ ਪੈਸੇ ਵੀ ਖੁਸ ਜਾਣ ਤੇ ਇਹ ਵਾਲੇ ਵੀ। ਜਦ ਸ਼ੁਪੜ ਸ਼ੁਪੜ ਤੱਤਾ ਪਾਣੀ ਨਲ ਵਿੱਚੋਂ ਵੱਗਣ ਲੱਗਾ ਤੇ ਉਹਦਾ ਜੀਅ ਕੀਤਾ ਪ੍ਲੰਬਰ ਨੂੰ ਜੱਫੀ ਪਾ ਕੇ ਉਹਦੀ ਚੁੰਮੀ ਲੈ ਲਵੇ। ਉਸ ਰਾਤ ਉਹਨੇ ਵੌਹਟੀ ਨੂੰ ਬੜੀ ਜ਼ੋਰ ਦਾ ਯੱਧਿਆ। ਉਹਨੂੰ ਇੰਜ ਜਾਪਦਾ ਸੀ ਜਿਵੇਂ ਗ਼ੁਸਲਖ਼ਾਨੇ ਵਿੱਚ ਤੱਤਾ ਪਾਣੀ ਚਾਲੂ ਹੋਣ ਨਾਲ ਵੌਹਟੀ ਉੱਤੇ ਉਹਦੀ ਮਰਦਾਨਗੀ ਇੱਕ ਵਾਰੀ ਫਿਰ ਗੱਜ ਵੱਜ ਕੇ ਸਾਬਤ ਹੋ ਗਈ ਹੋਵੇ।

ਹੁਣ ਮਸਲਾ ਇਹ ਹੋਇਆ ਕਿ ਅਲੈਕਟ੍ਰਿਕ ਗੀਜ਼ਰ ਸਭ ਤੋਂ ਨਿੱਕੇ ਸੈਜ਼ ਦਾ ਸੀ, ਜਿਹਦੇ ਵਿੱਚ ਅੱਧਾ ਟਬ ਈ ਭਰ ਸਕਦਾ ਸੀ। ਜੇ ਪੂਰਾ ਟਬ ਭਰਨਾ ਹੋਏ ਤੇ ਅੱਧਾ ਭਰ ਕੇ ਦਸ ਮਿੰਟ ਉਡੀਕੋ, ਫਿਰ ਮੁੜ ਭਰੋ। ਪਰ ਇਹ ਦਸ ਮਿੰਟ ਆਂਡੇ ਗੀਜ਼ਰ ਦੇ ਸਿਰ ਉੱਤੇ ਹੀ ਖਲੋਣਾ ਪੈਂਦਾ ਸੀ। ਜੇ ਲਾਲ ਬੱਤੀ ਬੰਦ ਹੁੰਦੇ ਹੀ ਟਬ ਮੁੜ ਨਾ ਭਰੋ ਤੇ ਪਿਛਲਾ ਪਾਣੀ ਠਰ ਜਾਂਦਾ ਸੀ, ਤੇ ਟਬ ਖ਼ਾਲੀ ਕਰਕੇ ਮੁੜ ਵੌਂਟਰ ਸਾਈਕਲ ਛੋਹਣੀ ਪੈਂਦੀ ਸੀ।

ਦੋ ਵਾਰੀ ਭਰਨ ਨਾਲ ਟਬ ਉੱਤੋਂ ਤੀਕਰ ਭਰਿਆ ਸੀ, ਪਾਣੀ ਕਿੱਥੇ ਪੈਂਦਾ। ਨਲ ਉੱਤੇ ਪਾਇਆ ਹੱਥ ਖਿੱਚ ਲਿਆ।

ਠੰਡ ਭਾਰੋਂ ਹੱਥ ਛੇਤੀ ਕਰਦਾ, ਤੇ ਪਾਣੀ ਦੇ ਤੱਤ ਪੁਣੇ ਭਾਰੋਂ ਝਕਦਾ। ਮਿਸਿੰਗ ਕਰਦੀ ਮੋਟਰ ਵਾਂਗ ਡੌਂਗਾ ਟਬ ਵਿੱਚ ਡੋਬਿਆ। ਸੋਚਨ ਸਮਝਣ ਦਾ ਟੈਮ ਲੀੜੇ ਲਾਂਹਦੇ ਹੀ ਲੰਘ ਚੁੱਕਿਆ ਸੀ। ਛੇਤੀ ਛੇਤੀ ਸਿਰ ਉੱਤੇ ਡੌਂਗੇ ਉਲਟਾਈ ਗਿਆ। ਤੱਤੇ ਪਾਣੀ ਦੀ ਚੱਦਰ ਚੰਮੜੀ ਸਾੜਦੀ ਗ਼ੈਬ ਹੋ ਜਾਂਦੀ, ਜਾਂਦੇ ਜਾਂਦੇ ਚੰਮੜੀ ਦਾ ਹੱਥ ਫਿਰ ਠੰਡ ਨੂੰ ਫੜਾ ਜਾਂਦੀ। ਠੰਡ-ਸਾੜ ਠੰਡ-ਸਾੜ ਕਰਦੇ ਅੱਧਾ ਟਬ ਮੁੱਕ ਗਿਆ। ਨਾ ਸ਼ੈਂਪੂ ਕੀਤਾ ਸੀ, ਨਾ ਸਾਬਣ ਮਲੀ ਸੀ। ਹਿੱਕ ਅਤੇ ਕੰਡ ਉੱਤੇ ਝੱਗ ਮਲਦੇ ਫਿਰ ਠਰਨ ਲੱਗ ਪਿਆ। ਹੁਣ ਪਾਣੀ ਵੀ ਕੋਸਾ ਹੋ ਗਿਆ ਸੀ। ਰੁਕੂਅ ਵਿੱਚ, ਪੱਟਾਂ ਉੱਤੇ ਤੌਲੀਆ ਰਗੜਦੇ ਚੇਤੇ ਆਇਆ, ਦੰਦ ਤੇ ਮਾਂਝੇ ਹੀ ਨ੍ਹੀਂ। ਮਰ ਗਏ ਬਈ। ਗਿੱਲਾ ਤੌਲੀਆ ਹੀ ਵਲ੍ਹੇਟ ਕੇ ਛੇਤੀ ਛੇਤੀ ਦੰਦਾ ਤੇ ਬੁਰਸ਼ ਫੇਰਨ ਲੱਗ ਪਿਆ। ਦਫ਼ਤਰੋਂ ਵੀ ਦੇਰੀ ਨਾ ਹੋ ਜਾਏ। ਤੱਤੇ ਪਾਣੀ ਦੀਆਂ ਸਾੜਨੀਆਂ ਨੇ ਖੱਲ, ਠੰਡ ਤੋਂ ਹੋਰ ਵੀ ਸੈਨਸਿਟਿਵ ਕਰ ਛੱਡੀ ਸੀ। ਉਹ ਹੁਣ ਕੰਬਣ ਹੀ ਲੱਗ ਪਿਆ।

ਬੂਹੇ ਤੇ ਠਾਹ ਠਾਹ ਹੋਈ। ਠੰਡ ਨਾਲ ਟੈਨਸ਼ਨ ਵੀ ਰਲ ਗਈ। ਖ਼ੈਰ ਹੋਏ ਸਹੀ। ਬੁਰਸ਼ ਮਾਰਦੇ ਦਾ ਧਿਆਨ ਬੇਸਨ ਉੱਤੇ ਲੱਗੇ ਹਨੇਰੇ ਜਹੇ ਗੋਲ ਸ਼ੀਸ਼ੇ ਤੋਂ ਉਡਾਰੀ ਮਾਰ ਕੇ ਬੂਹੇ ਨਾਲ ਜਾ ਲੱਗਿਆ। ਪੰਜ ਕੁ ਸਕਿੰਡ ਲੰਗ ਗਏ। ਨਾ ਕੋਈ ਵਾਜ ਆਈ, ਨਾ ਹੀ ਬੂਹਾ ਮੁੜ ਖੜਕਿਆ। ਬੁਰਸ਼ ਦੰਦਾ ਵਿੱਚ ਫੜ ਕੇ ਝੱਗ ਭਰੇ ਮੂੰਹ ਨਾਲ "ਕੌਣ ਏ" ਦੀ ਮਾੜੀ ਜੇਹੀ ਆਵਾਜ਼ ਵੀ ਮਾਰੀ। ਕੋਈ ਜਵਾਬ ਨਾ

ਆਇਆ। ਪਰਿਸ਼ਾਨ ਹੋ ਕੇ ਮੂੰਹ ਦੀ ਖੁਡ ਵਿੱਚ ਤੇਜ਼ ਤੇਜ਼ ਬੁਰਸ਼ ਮਾਰਨ ਲੱਗ ਪਿਆ। ਠੰਡ ਦੇ ਟੌਰਚਰ/t or t ur e, ਦਫ਼ਤਰ ਜਾਣ ਦੀ ਕਾਹਲ, ਤੇ ਗ਼ੁਸਲਖ਼ਾਨੇ ਦੇ ਬਾਹਰ ਦੀ ਪਰਿਸ਼ਾਨੀ ਵਿੱਚ ਬੁਰਸ਼ ਮਸੂੜ੍ਹੇ ਤੇ ਜਾ ਵਜਿਆ। ਪੀੜ ਦੇ ਜ਼ੋਰ ਨੇ ਹੱਥ ਡੱਕ ਲਿਆ। ਬਘਿਆੜ ਦੰਦਾਂ ਦੀਆਂ ਜੜਾਂ ਇੰਨੀਆਂ ਨਾਜ਼ੁਕ ਕਿਉਂ ਹੁੰਦੀਆਂ ਨੇਂ? ਪੀੜ ਤੇ ਕੌੜ ਨਾਲ ਬੂਥਾ ਸੁਕੜ ਗਿਆ। ਜੀਅ ਕੀਤਾ ਹਲ੍ਕ/hul k ਵਾਂਗ ਮੁੱਕਾ ਮਾਰ ਕੇ ਬੇਸਨ ਟੋਟੇ ਟੋਟੇ ਕਰ ਦਵੇ।

ਬੂਹਾ ਫਿਰ ਖੜਕਿਆ। ਉਹਨੂੰ ਪੀੜ ਭੁੱਲ ਗਈ। ਰੱਬ ਖ਼ੈਰ ਕਰੇ। ਬਾਹਰ ਡਾਕੂ ਤੇ ਨ੍ਹੀਂ ਆ ਵੜੇ? ਇੱਕ ਵਾਰੀ ਅਖ਼ਬਾਰ ਵਿੱਚ ਸੁਬਾਹ ਸਵੇਰ ਦੇ ਡਾਕੇ ਦੀ ਖ਼ਬਰ ਪੜ੍ਹੀ ਸੀ। ਉਸ ਵੇਲੇ ਸਭ ਨੂੰ ਕੰਮਾਂ ਤੇ ਜਾਣ ਦੀ ਪਈ ਹੁੰਦੀ ਹੈ, ਕੋਈ ਬਹੁਤਾ ਧਿਆਨ ਨ੍ਹੀਂ ਦਿੰਦਾ ਬਈ ਕੋਣ ਕਹਿੜੇ ਘਰ ਵੜਦਾ ਪਿਆ ਹੈ, ਤੇ ਨਾ ਹੀ ਆਪਣੇ ਬੂਹੇ ਵੱਲ ਲੋਕਾਂ ਦਾ ਧਿਆਨ ਹੁੰਦਾ ਹੈ। ਕੰਮ ਵਾਲੀ ਮਾਸੀ ਲਈ ਵੌਹਟੀ ਸਵੇਰੇ ਹੀ ਬੂਹਾ ਖੋਲ ਦਿੰਦੀ ਸੀ। ਯਾਂ ਫਿਰ ਨਾਸ਼ਤਾ ਬਣਾਦੇ ਵੌਹਟੀ ਨੂੰ ਕਰੰਟ ਨਾ ਲੱਗ ਗਿਆ ਹੋਵੇ। ਛੇਤੀ ਵਿੱਚ ਤੇ ਬਿਲਕੁਲ ਟੀਨ ਏਜਰਾਂ ਵਾਂਗ ਵਾਅ ਵਰੋਲੀ ਹੋ ਜਾਂਦੀ ਹੈ। ਯਾਂ ਡਿੱਗ ਨਾ ਪਈ ਹੋਏ। ਬਾਲੜੀ ਦੇ ਸੀ ਸੈਕਸ਼ਨ ਪੀੱਛੋਂ ਕੰਮਰ ਦਾ ਵੀ ਮਸਲਾ ਹੀ ਰਹਿਣ ਲੱਗ ਪਿਆ ਸੀ, ਖ਼ਾਸ ਕਰ ਕੇ ਠੰਡ ਵਿੱਚ।

--- ਪਾਪਾ!

ਇਸ ਵਾਰੀ ਨਿੱਮ੍ਹੀ ਜੇਹੀ ਆਵਾਜ਼ ਉਹਦੇ ਕੰਨੀ ਪਈ। ਉਹ ਰੀਲੈਕ੍ਸ ਕਰ ਗਿਆ। ਬਾਲੜੀ ਦੀ ਆਵਾਜ਼ ਘਬਰਾਈ ਨ੍ਹੀਂ ਸੀ ਜਾਪਦੀ।

--- ਪਾਪਾ! ਮੇਰੀ ਗੁੱਡੀ ਕਿੱਥੈ?

ਸਵੇਰੇ ਵੌਹਟੀ ਉਹਦੇ ਬੁਲ੍ਹ ਚੁੰਮ ਕੇ ਚਾਅ ਬਣਾਨ ਗਈ ਤੇ ਉਹ ਵੀ ਉਠੱਣ ਲੱਗਾ। ਬਾਲੜੀ ਨੇ ਰਾਤੀ ਕਿਸੇ ਵੇਲੇ ਲੱਤਾਂ ਮਾਰ ਮਾਰ ਕੇ ਆਪਣੇ ਤੋਂ ਰਜ਼ਾਈ ਲਾਹ ਸੁੱਟੀ ਸੀ। ਤਿੱਨੇਂ ਗੁੱਛਾ ਹੋ ਕੇ ਸੌਂਦੇ ਸਨ, ਰਾਤੀ ਕਿਸੇ ਵੇਲੇ ਗਰਮੀ ਲੱਗੀ ਹੋਣੀ ਹੈ। ਹੁਣ ਠਰਦੀ ਪਈ ਸੀ। ਉਹਨੇ ਚੰਗੀ ਤਰਹਾਂ ਰਜ਼ਾਈ ਵਲ੍ਹੇਟ ਕੇ ਬਾਲੜੀ ਦਾ ਸ਼ੁਆਰਮਾ ਜਿਹਾ ਬਣਾ ਦਿੱਤਾ, ਤੇ ਸੁੱਤੀ ਕੁੜੀ ਦਾ ਮੱਥਾ ਚੁੰਮ ਕੇ ਗ਼ੁਸਲਖ਼ਾਨੇ ਵੜ ਗਿਆ।

--- ਕੀ? ਕੀ ਹੋਇਆ ਏ?

--- ਪਾਪਾ ਮੇਰੀ ਗੁੱਡੀ।

ਪੀੜ ਤੇ ਠੰਡ ਫ਼ੋਰ ਫ਼੍ਰੰਟ ਤੇ ਆ ਖਲੋਤੇ। ਬਿਨਾਂ ਵਜ੍ਹਾ ਹੀ ਮਸੂੜ੍ਹਾ ਜ਼ਖ਼ਮਾ ਲਿਆ।

ਬਾਲੜੀ ਦੀ ਅੱਖ ਖੁੱਲੀ। ਰਜ਼ਾਈ ਵਿੱਚ ਨਿੱਘੀ ਪਈ ਸੀ। ਕੱਲੀ। ਇਤਵਾਰ ਛੱਡ ਕੇ ਰੋਜ਼ ਦੀ ਗੱਲ ਸੀ। ਕਰੋਨਾ ਕਰਕੇ ਸ੍ਕੂਲ ਜੋ ਬੰਦ ਸਨ। ਕਿੱਨੇ ਹੀ ਸਕਿੰਡ ਬੁਤ ਬਣੀ ਪਈ ਰਹੀ। ਨੀਂਦਰ ਪੂਰੀ

ਖੁੱਲੀ ਨ੍ਹੀਂ ਸੀ, ਨਾ ਹੀ ਸੁਫ਼ਨਾ ਭੁੱਲਿਆ ਸੀ। ਅਜੇ ਨਿੱਕਾ ਜਿਹਾ ਦਮਾਗ਼ ਇਹ ਫ਼ੈਸਲਾ ਨ੍ਹੀਂ ਸੀ ਕਰ ਪਾ ਰਿਹਾ ਬਈ ਸੁਫ਼ਨਾ ਟੁੱਟਾ ਹੈ ਯਾਂ ਛੋਹਿਆ ਹੈ। ਸੁਫ਼ਨੇ ਦਾ ਜੱਗ ਫ਼ੇਡ ਆਊਟ ਹੋ ਗਿਆ ਤੇ ਪੁੱਠੀ ਮਾਰ ਕੇ ਸੱਪ ਵਾਂਗ ਸਿਰ ਚੁੱਕਿਆ। ਕੋਈ ਵੀ ਨ੍ਹੀਂ ਸੀ, ਗੁੱਡੀ ਵੀ ਨ੍ਹੀਂ। ਉੱਠ ਕੇ ਬਹਿ ਗਈ। ਚਾਰੇ ਪਾਸੇ ਨਜ਼ਰ ਮਾਰੀ। ਰਾਤੀ ਤੇ ਉਹਦੇ ਨਾਲ ਹੀ ਜੱਫੀ ਪਾ ਕੇ ਸੁੱਤੀ ਸੀ। ਉਹ ਤੇ ਜਾਂਦੀ ਵੀ ਕਿੱਥੇ ਨ੍ਹੀਂ, ਨਾ ਦਫ਼ਤਰ ਨਾ ਰਸੋਈ।

--- ਗੁੱਡੀ!

ਕੋਈ ਜਵਾਬ ਨਾ ਸਨੀਜਾ।

--- ਮਾਮਾ!

ਰਸੋਈ ਤੀਕਰ ਕਿੱਥੇ ਜਾਣੀ ਸੀ ਆਵਾਜ਼। ਰਸੋਈ ਵਲ ਤੁਰ ਪਈ।

--- ਮਾਮਾ, ਗੁੱਡੀ!

--- ਓਏ, ਐਨੀ ਸਵੇਰੇ ਉੱਠ ਗਈ ਏਂ? ਜਾ ਮੇਰੀ ਰਾਣੀ, ਬਿਸਤ੍ਰੇ 'ਚ ਵੜ ਜਾ, ਠੰਡ ਲੱਗ ਜਾਊ।

ਮਾਂ ਫ਼੍ਰਾਈ ਪੈਨ 'ਚ ਆਂਡਾ ਪਲਟਾ ਕੇ ਕਰਛੀ ਨਾਲ ਦੱਬਣ ਲੱਗੀ।

ਕੁੜੀ ਨੂੰ ਸੁਝਿਆ ਨਾ ਕੀ ਕਰੇ। ਬਿਸਤਰੇ ਵਿੱਚ ਗੁੱਡੀ ਤੇ ਹੇਗੀ ਹੀ ਨ੍ਹੀਂ ਸੀ, ਉੱਥੇ ਜਾ ਕੇ ਕੀ ਕਰਨਾ ਸੀ। ਖਲੋਤੀ ਰਹੀ।

ਜ਼ਰਾ ਕੂ ਝੁੱਕ ਕੇ ਚੁਲ੍ਹੇ ਦੀ ਅੱਗ ਤੇਜ਼ ਕਰਦੇ ਸੂ ਲਾ ਲਈ, ਅੰਬੀ ਜੇਹੀ ਉੱਥੇ ਹੀ ਜੱਮੀ ਸੀ।

--- ਜਾ ਪੁੱਤਰ, ਪਾਪੇ ਨੂੰ ਭੇਜ ਕੇ ਹੁਣੇ ਨਾਸ਼ਤਾ ਦੇਨੀ ਆਂ।

ਆਂਡਾ ਬ੍ਰਾਉਨ ਹੋ ਰਿਹਾ ਸੀ। ਮਾਂ ਨੇ ਫਿਰ ਝੁੱਕ ਕੇ ਅੱਗ ਨਿੱਮ੍ਹੀ ਕੀਤੀ ਤੇ ਟੋਸ੍ਟ ਫੜ ਕੇ ਟੋਸ੍ਟਰ ਵਲ ਮੁੜੀ।

ਆਪਣੀ ਦਾਦੀ ਦੀ ਗੱਲ ਮਾਂ ਨੇ ਪੱਲੇ ਬਨ੍ਹੀ ਹੋਈ ਸੀ ਬਈ ਬੰਦੇ ਦੇ ਜੀਅ ਦਾ ਰਾਹ ਉਹਦੇ ਢਿੱਡੋਂ ਲੰਘਦਾ ਹੈ। ਉਹਦੇ ਬੰਦੇ ਨੇਂ ਕਿੰਨੀ ਵਾਰੀ ਆਖਿਆ ਮਾਸੀ ਰਖ ਲੈ, ਖਾਣਾ ਭਾਂਵੇ ਨਾ ਪਕਵਾਈਂ, ਹੈਲ੍ਪ ਲਈ ਰਖ ਲੈ। ਭਾਂਡੇ ਮਾਂਝਣੇ, ਸਬਜ਼ੀ ਕਟਣੀ, ਆਟਾ ਗੁਣਨਾ, ਹੋਰ ਥੋੜੀਆਂ ਖੇਚਲਾਂ ਹੁੰਦੀਆਂ ਰਸੋਈ ਦੀਆਂ? ਰੱਖ ਵੀ ਲਈ ਸੀ ਇੱਕ। ਦੂਜੇ ਮਹੀਨੇ ਹੀ ਕੱਢ ਦਿੱਤੀ। ਖ਼ੌਂਦ ਘਰ ਹੁੰਦਾ ਤੇ ਮਟਕ ਮਟਕ ਕੇ ਤੁਰਦੀ, ਜਾਣ ਜਾਣ ਕੇ ਉਹਦੇ ਅੱਗੋਂ ਲੰਘਦੀ। ਪਤਾ ਨ੍ਹੀਂ ਕਰਦੀ ਸੀ ਯਾਂ ਉਹਨੂੰ ਜਾਪਦਾ ਹੀ ਸੀ, ਉਹਨੇ ਰਿਸ੍ਕ ਨਾ ਲਿਆ। ਕੋਈ ਮਸਲਾ ਨ੍ਹੀਂ ਸੀ ਕੰਮ ਦਾ। ਬੇਬੇ ਨੇ ਚੰਗਾ ਫੰਡ ਕੇ ਤਿਆਰ ਕੀਤੀ ਹੋਈ ਸੀ, ਸੌਹਰੇ ਘਰ ਸਾਂਭਣ ਲਈ।

ਕੋਈ ਵੱਡੀ ਉਮਰ ਦੀ ਲੱਭੀ ਫਿਰ ਰੱਖ ਲਵਾਂ ਗੀ।

ਇਹ ਟੋਸ੍ਟਰ ਓਦੋਂ ਹੀ ਲੈ ਕੇ ਦਿੱਤਾ ਸੀ ਖ਼ੌਂਦ ਨੇ। ਕਹਿਣ ਲੱਗਾ ਮਾਸੀ ਨ੍ਹੀਂ ਰਖਣੀ ਤੇ ਇਹ ਮਾਸੜ ਰੱਖ ਲੈ, ਕੁਝ ਤੇ ਕੰਮ ਹੌਲਾ ਹੋਏ ਤੇਰਾ। ਠੰਡ ਵਿੱਚ ਗੈਸ ਆਂਦੀ ਨ੍ਹੀਂ, ਇੱਕੋ ਚੁਲ੍ਹਾ ਬਲਦਾ ਹੈ, ਉਸੇ ਤੇ ਕਦੀ ਆਂਡਾ ਤਲਨੀ ਹੈਂ, ਕਦੀ ਚਾਅ ਬਣਾਨੀ ਹੈਂ, ਤੇ ਕਦੀ ਟੋਸ੍ਟ ਸੇਕਨੀ ਹੈਂ।

ਉਹ ਹਸ ਪਈ। ਕਿਉਂ ਬਿਨਾਂ ਕਾਰਨ ਹੀ ਪੈਸੇ ਰੋੜ੍ਹਦੇ ਪਏ ਹੋ। ਬਹੁਤਾ ਹੀ ਪਿਆਰ ਆ ਰਹਿਆ ਹੈ ਮੇਰੇ ਉੱਤੇ ਤੇ ਇੱਕ ਸੂਟ ਹੀ ਲੈ ਦਿਓ। ਟੋਸ੍ਟਰ ਇੰਨਾ ਬੇਕਾਰ ਵੀ ਨ੍ਹੀਂ ਸੀ। ਖ਼ਾਸ ਕਰ ਸਰਦੀਆਂ ਵਿੱਚ ਤੇ ਅਸਲੋਂ ਬੜੇ ਕੰਮ ਆਂਦਾ, ਜਦੋਂ ਚੁੱਲ੍ਹਾ ਇੱਕੋ ਬਲ੍ਹਦਾ।

ਟੋਸ੍ਟਰ ਵਲ ਮੁੜੀ ਤੇ ਵੇਖਿਆ ਕੁੜੀ ਅਜੇ ਤੀਕਰ ਉੱਥੇ ਹੀ ਸੀ।

ਇੱਕੋ ਚੁੱਲ੍ਹੇ ਤੇ ਨਾਸ਼ਤਾ ਬਨਾਣਾ, ਉਹ ਵੀ ਇਸ ਤਰ੍ਹਾਂ ਕਿ ਹੋਵੇ ਵੀ ਸੁਆਦੀ ਤੇ ਰੈਡੀ ਵੀ ਟੈਮ ਸਿਰ ਹੋਵੇ, ਸੌਖਾ ਕੰਮ ਤੇ ਨ੍ਹੀਂ। ਪੰਦਰਾਂ ਕੁ ਮਿੰਟ ਲਈ ਤੇ ਬੰਦਾ ਭੌਂਤਰ ਹੀ ਜਾਂਦਾ ਹੈ।

--- ਓਏ, ਤੂੰ ਗਈ ਨ੍ਹੀਂ? ਨੰਗੈ ਪੈਰੀ ਆ ਗਈਂ ਏਂ? ਜਾ ਬਿਸਤਰੇ ਵਿੱਚ!

ਅਜੇ ਪਿਛਲੇ ਮਹੀਨੇ ਹੀ ਠੰਡ ਲਵਾ ਬੈਠੀ ਸੀ। ਮਸਾਂ ਤੇ ਐਂਟੀ ਬਾਇਔਟਿਕ ਤੋਂ ਜਾਣ ਛੁੱਟੀ ਸੀ।

ਬਿਟਰ ਬਿਟਰ ਵੇਖਦੀ ਰਹੀ। ਖ਼ਵਰੇ ਮਾਂ ਕੀ ਬੋਲੀ ਜਾਂਦੀ ਸੀ? ਠੰਡ ਤੇ ਹੈ ਹੀ ਨ੍ਹੀਂ, ਲਗਣੀ ਕਿੱਥੇ ਹੈ। ਗੁੱਡੀ ਵੀ ਨ੍ਹੀਂ ਹੈ। ਕਲ ਪਾਪੇ ਨੇ ਦੱਸਿਆ ਸੀ ਸ੍ਟ੍ਰੇਂਜਰ ਲੋਕੀ ਭੈੜੇ ਲੋਕੀ ਹੁੰਦੇ ਨੇਂ, ਉਹ ਬਾਲਾਂ ਨੂੰ ਚੁੱਕ ਲਿਜਾਂਦੇ ਨੇਂ, ਫਿਰ ਉਹਨਾ ਦੇ ਹੱਥ ਪੈਰ ਵੱਢ ਕੇ ਭੀਕ ਮੰਗਾਂਦੇ ਨੇਂ।

ਹੱਥ ਪੈਰ ਵੱਢਣ ਦੀ ਗੱਲ ਸੁਣ ਕੇ ਕਲ ਵੀ ਬਾਲੜੀ ਦਾ ਜੀ ਚਿਰ ਗਿਆ ਸੀ। ਹੁਣ ਵੀ ਇਹ ਗੱਲ ਚੇਤੇ ਆਂਦੇ ਹੀ ਉਹਨੂੰ ਮੂਤਰ ਆ ਗਿਆ। ਕਿਤੇ ਗੁੱਡੀ ਨੂੰ ਭੈੜੇ ਸ੍ਟ੍ਰੇਂਜਰ ਤੇ ਨ੍ਹੀਂ ਚੁੱਕ ਲੈ ਗਏ? ਉਹਦੇ ਹੱਥ ਪੈਰ ਵੱਢ ਦੇਣ ਗੇ....... ਮੂਤਰ ਨੇ ਫਿਰ ਜ਼ੋਰ ਮਾਰਿਆ।

ਖ਼ੌਂਦ ਦੇ ਦਿਲ ਨੂੰ ਜਾਂਦੇ ਰਾਹ ਦਾ ਰੋਜ਼ ਦਿਹਾੜੀ ਤਿੰਨ ਵਾਰੀ ਪੈਂਡਾ ਕਰਨਾ ਪੈਂਦਾ ਹੈ, ਉਹ ਵੀ ਫ਼ਿਕ੍ਸ ਟੈਮ ਤੇ। ਉੱਤੋਂ ਸਵੇਰੇ ਗੈਸ ਵੀ ਇੱਕੋ ਚੁੱਲ੍ਹੇ ਜੋਗੀ ਆਂਦੀ ਹੈ। ਤੇ ਹੁਣ ਇਹ ਬਿਸਤਰੇ ਚੋਂ ਨਿਕਲ ਕੇ ਨੰਗੇ ਪੈਰੀਂ ਆ ਖਲੋਤੀ ਹੈ। ਜੀ ਕਰਦਾ ਹੈ ਰੱਖ਼ ਕੇ ਰੈਬ੍ਟਾ ਲਾਵਾਂ।

ਗੱਲ ਵੀ ਨ੍ਹੀਂ ਸੁਣਦੀ। ਖ਼ਵਰੇ ਅੱਜ ਦੀ ਪੌਦ ਨੂੰ ਹੋ ਕੀ ਗਿਆ ਹੈ। ਅਸੀਂ ਤੇ ਮਾਂਪਿਆਂ ਅੱਗੇ ਚੂੰ ਵੀ ਨ੍ਹੀਂ ਸੀ ਕਰ ਸਕੀ ਦਾ। ਇੰਨਾ ਰੋਅਬ ਹੁੰਦਾ ਸੀ। ਜੇ ਕਦੀ ਕੋਈ ਅੱਖੜ ਅੜੀ ਕਰਦਾ ਵੀ ਤੇ ਚੰਡਾ ਖਾ ਕੇ ਆਪੇ ਹੀ ਸਿੱਧਾ ਹੋ ਜਾਂਦਾ। ਇਹ ਨਵੇਂ ਜ਼ਮਾਨੇ ਦੀਆਂ ਗੱਲਾਂ ਤੇ ਬਾਲਾਂ ਨੂੰ ਵਿਗਾੜਦੀਆਂ ਹੀ ਪਈਆਂ ਨੇਂ। ਇਸੇ ਲਈ ਤੇ ਗੋਰਿਆਂ ਦੇ ਬਾਲ ਬੁੱਢੇ ਮਾਂਪਿਆਂ ਨੂੰ ਓਲ੍ਡ ਹੋਮਾਂ ਵਿੱਚ ਸੁੱਟ ਜਾਂਦੇ ਨੇਂ।

ਸਮਝਦੀ ਹੀ ਨ੍ਹੀਂ ਝੱਲੀ ਜਿਹੀ। ਠੰਡ ਲਗ ਜਾਊ ਤੇ ਬਿਮਾਰ ਪੈ ਜਾਣੀ ਹੈ। ਪਹਿਲਾਂ ਹੀ ਖਾਂਦੀ ਪੀਂਦੀ ਕੱਖ ਨ੍ਹੀਂ। ਸੁਕਦੀ ਜਾਂਦੀ ਹੈ। ਪਹਿਲਾਂ ਵੀ ਠੰਡ ਲੱਗ ਗਈ ਸੀ ਤੇ ਕਿੰਨਾ ਸਿਆਪਾ ਪਿਆ ਸੀ। ਮਸਾਂ ਜਾਨ ਬਚੀ ਸੀ।

ਖੜਕ ਕਰ ਕੇ ਟੋਸ੍ਟਾਂ ਨੇ ਉਤਾਂ ਨੂੰ ਛਾਲ ਲਾ ਕੇ ਬਾਹਰ ਝਾਤੀ ਪਾਈ ਤੇ ਮਾਂ ਫਿਰ ਟੋਸ੍ਟਰ ਵਲ ਮੁੜੀ। ਬਾਲੜੀ ਉੱਥੇ ਹੀ ਖਲੋਤੀ ਸੀ। ਹੁਣ ਮਾਂ ਦੀ ਬਸ ਹੋ ਗਈ।

--- ਚਲੀ ਜਾ ਐਥੋਂ ਨ੍ਹੀਂ ਤਾਂ ਲੱਤਾਂ ਤੋੜ ਦਊ!!

ਬਾਲੜੀ ਦੀ ਸੇਹਤ ਦਾ ਫ਼ਿਕਰ, ਉਹਦੀ ਨਾ ਫ਼ਰਮਾਨੀ ਦੀ ਫ਼ਰਸਟ੍ਰੇਸ਼ਨ, ਤੇ ਖ਼ੌਂਦ ਦੇ ਨਾਸ਼ਤੇ ਦੀ ਕਾਹਲੀ ਨੇ ਮਾਂ ਦੀ ਝਾੜ ਵਿੱਚ ਇੰਨਾ ਕੁ ਜ਼ੋਰ ਪਾ ਦਿੱਤਾ ਸੀ ਕਿ ਬਾਲੜੀ ਦੀ ਹੋਂਦ ਹੀ ਖੜਕ ਗਈ। ਮੂਤਰ ਵੱਗ ਗਿਆ। ਹੋਰ ਡਰ ਗਈ। ਮਾਂ ਨੇ ਦੱਸਿਆ ਸੀ ਜਿਹੜੇ ਬਾਲ ਲੀੜ੍ਹੇਆਂ ਵਿੱਚ ਮੂਤਰ ਕਰਦੇ ਨੇਂ, ਉਹਨਾਂ ਦੀ ਮੂਤਰ ਥਾਂ ਸੜ ਜਾਂਦੀ ਹੈ ਤੇ ਬਹੁਤ ਪੀੜ ਹੁੰਦੀ ਹੈ। ਕੁਝ ਕਤਰੇ ਹੀ ਵਗੇ ਸਨ ਤੇ ਉਹਨੇ ਮਾਂ ਦੇ ਡਰ ਭਾਰੋਂ ਡੱਕ ਲਿਆ। ਮੂਤਰ ਥਾਂ ਤੇ ਜ਼ੋਰ ਦੀ ਪੀੜ ਉੱਠੀ। ਮਾਂ ਸੱਚੀ ਸੀ, ਹੁਣ ਉਹਦੀ ਮੂਤਰ ਥਾਂ ਸੜ ਜਾਊ ਤੇ ਪੀੜ ਹੋਊ। ਉਹ ਹੋਰ ਡਰ ਗਈ। ਜੀ ਕੀਤਾ ਚੀਕਾਂ ਮਾਰਦੀ ਮਾਂ ਦੀ ਗੋਦੀ ਵਿੱਚ ਜਾ ਲੁਕੇ। ਮਾਂ ਦੇ ਡਰ ਭਾਰੋਂ ਇਹ ਵੀ ਨ੍ਹੀਂ ਸੀ ਹੋ ਸਕਦਾ। ਹੋਂਦ ਢੈ ਪਈ।

ਭੂੰ ਭੂੰ ਰੋਂਦੀ ਕੰਮਰੇ ਨੂੰ ਮੁੜ ਆਈ।

ਰਾਹ 'ਚ ਪ੍ਲਾਸਟਿਕ ਦੀ ਹਰੀ ਗੇਂਦ ਦਿੱਸੀ। ਰੋਣਾ ਡੁੱਲ ਕੇ ਗੇਂਦ ਫੜੀ, ਹੱਸ ਪਈ। ਮੂਤਰ ਵੀ ਮੁੜ ਗਿਆ ਹੋਇਆ ਸੀ। ਕੰਮਰੇ ਅਪੜ ਕੇ ਬਿਸਤਰਾ ਵੇਖਿਆ ਤੇ ਫਿਰ ਗੁੱਡੀ ਚੇਤੇ ਆ ਗਈ। ਮਾਂ ਦੀ ਚੀਕ ਬਰਫ਼ ਦੀ ਸੀਖ਼ ਵਾਂਗ ਉਹਦੇ ਗੇਂਦੇ ਦੇ ਫੁੱਲ ਜਹੇ ਦਮਾਗ਼ ਵਿੱਚ ਅਜੇ ਵੀ ਪਰੋਈ ਸੀ। ਸੈੱਲ ਵਾਲੇ ਬਾਂਦਰ ਵਾਂਗ ਬਿਸਤਰੇ ਤੇ ਚੜ੍ਹਦੇ ਪਾਣੀ ਦੀ ਆਵਾਜ਼ ਕੰਨੀ ਪਈ। ਵੌਸ਼ ਰੂਮ। ਪਾਪਾ ਹੀ ਹੋਊ। ਗੁੱਡੀ ਫਿਰ ਸਿਰੇ ਚੜ੍ਹ ਗਈ। ਬੂਹੇ ਨਾਲ ਸਿਰ ਟਿਕਾ ਕੇ ਪਿਓ ਨਾਲ ਬਾਤ ਪਾਣ ਲੱਗ ਪਈ।

--- ਪਾਪਾ! ਮੇਰੀ ਗੁੱਡੀ। ਪਾਪਾ ਗੁੱਡੀ ਕਿੱਥੇ? ਬਿਸਰੇ 'ਚ ਨ੍ਹੀਂ।

ਬਿਸਤਰੇ ਦੇ ਨਾਂ ਤੋਂ ਫਿਰ ਮਾਂ ਦੀ ਯਖ਼ ਠੰਡੀ ਚੀਕ ਦਮਾਗ਼ 'ਚ ਭਖ਼ ਪਈ। ਚੁੱਪ ਕਰ ਗਈ। ਕੀ ਕਰੇ? ਅੰਦਰ ਪਾਣੀ ਡੁੱਲਿਆ।

--- ਪਾਪਾ। ਗੁੱਡੀ। ਮਾਮਾ ਚੀਕੀ।

ਪਾਪਾ ਜ਼ਰੂਰ ਲੱਭੂ। ਲਬ ਜੂ/lub joo ਪਾਪਾ ਕਹਿੰਦੇ ਹੀ ਪਾਪਾ ਝੱਲਾ ਹੋਕੇ ਚੁੰਮਣ ਲੱਗ ਪੈਂਦਾ ਸੀ।

--- ਪਾਪਾ ਪਾਪਾ, ਲਬ ਜੂ।

--- ਪਾਪਾ ਸਟੇਂਜਰ ਗੁੱਡੀ ਫੜ ਲਊ। ਹੱਥ ਪੈਰ ਕਟ ਦਊ। ਪਾਪਾ ਗੁੱਡੀ।

ਪਾਣੀ ਚੱਲੀ ਜਾਂਦਾ ਸੀ। ਭੈੜਾ। ਸਿਰ ਬੂਹੇ ਨਾਲ ਟਿਕਾਏ ਹੀ ਬਿਸਤਰੇ ਵੱਲ ਵੇਖ਼ਦੇ ਬੂਹੇ ਨੂੰ ਦੋ ਠੁੱਡੇ ਲਾਏ। ਅੰਦਰੋਂ ਪਿਓ ਦੀ ਗੂੰ ਗ਼ਾਂ ਸੁਨੇਜੀ।

--- ਪਾਪਾ ਗੁੱਡੀ। ਮਾਮਾ ਐੱਗ/egg ਪਕਾਇਆ।

ਗੇਂਦ ਸੁੱਟ ਕੇ ਦੀਵਾਨੀ, ਲੱਗੀ ਬੂਹੇ ਤੇ ਧੱਪੇ ਮਾਰਨ। ਅੰਦਰੋਂ ਫਿਰ ਪਿਓ ਦੀਆਂ ਬੇ ਵਸ ਜੇਹੀਆਂ ਭੱਝੀਆਂ ਭੱਝੀਆਂ ਆਵਾਜ਼ਾਂ ਆਈਆਂ।

--- ਪਾਪਾ ਲਬ ਜੂ ਪਾਪਾ। ਗੁੱਡੀ ਪਾਪਾ!

ਉਹਨੂੰ ਹੁਣ ਆਸ ਲੱਗ ਗਈ ਸੀ, ਜ਼ੋਰ ਜ਼ੋਰ ਦੇ ਧੱਪੇ ਮਾਰਨ ਲੱਗ ਪਈ।

--- ਨਾ ਕਰ ਗੁੱਡੀ!!! ਮਾਂ ਕੋਲ ਜਾ!

ਮਾਂ ਦੀ ਚੀਕ ਵੀ ਤੇਜ਼ ਸੀ, ਪਰ ਪਿਓ ਦੀ ਧਾੜ ਹੜ ਦੇ ਵੈਹਸ਼ੀ ਰੇਲੇ ਵਾਂਗ ਵੱਜੀ। ਬਾਲੜੀ ਦੀ ਹੋਂਦ ਰੇਤਲੀ ਮਿੱਟੀ ਵੰਗਰ ਖਿਲਰ ਗਈ। ਆਵਾਜ਼ ਹਿੱਕ ਵਿੱਚ ਪੱਥਰ ਬਣ ਡੁਬ ਗਈ। ਭੁੱਲ ਗਈ ਉੱਥੇ ਕਿਉਂ ਖਲੋਤੀ ਸੀ। ਭੁਲੇਖੇ ਵਿੱਚ ਵੀ ਹੱਥ ਪੈਰ ਸਿਆਣੇ ਰਹੇ। ਨਾ ਧੱਪਾ, ਨਾ ਠੁੱਡਾ। ਕੀ ਮੂਸਾ ਨੇ ਤਜੱਲੀ ਜਰੀ ਹੋਣੀ ਹੈ, ਤੂਰ ਦੇ ਪਹਾੜ ਉੱਤੇ, ਜੋ ਬਾਲੜੀ ਉੱਤੇ ਬੀਤ ਗਈ। ਜ਼ਰਾ ਕੂ ਧਾੜ ਦੀ ਧੁੰਦ ਛੱਟੀ ਤੇ ਮਾਂ ਦੀ ਚੀਕ ਫਿਰ ਭੱਖ਼ ਪਈ। ਬਿਸਤਰੇ ਵੱਲ ਤੁਰ ਪਈ। ਚੂਹੇ ਵਾਂਗ ਰਜ਼ਾਈ 'ਚ ਵੜਦੇ ਗੁੱਡੀ ਹੱਥ ਲੱਗ ਗਈ। ਸਿੱਧੀ ਪਤਰੀ ਹੋਕੇ ਉਹਦੇ ਨਾਲ ਗੱਲਾਂ ਕਰਨ ਲੱਗ ਪਈ। ਹੌਲੀ ਹੌਲੀ ਇਕਲਾਪੇ ਤੇ ਝਾਣਾ ਦੀਆਂ ਗੱਲਾਂ ਮੁਕਦੀਆਂ ਗਈਆਂ, ਤੇ ਆਂਡੇ ਤੇ ਹਰੀ ਗੇਂਦ ਦੀਆਂ ਗੱਲਾਂ ਛੋਹ ਪਈਆਂ।

--- ਗੁਡ ਮੌਰਨਿੰਗ ਬੇਬੀ।

ਮਾਂ ਹੱਥ ਵਿੱਚ ਨਾਸ਼ਤਾ ਫੜੀ ਮੁਸਕਾਂਦੀ ਬੂਹਾ ਲੰਘੀ ਤੇ ਬਾਲੜੀ ਥਿੜਕ ਗਈ। ਇੱਕ ਪੱਲ ਲਈ ਮੱਥੇ ਉੱਤੇ ਤੀਊੜੀ ਪਈ, ਫਿਰ ਗੁੱਡੀ ਸੁੱਟ ਕੇ ਖਲੋ ਗਈ। ਬਾਲੜੀ ਨੂੰ ਭੁੱਕ ਲੱਗੀ ਸੀ। ਭੁੱਕ ਦੇ ਸ਼ੈਤਾਨ ਨੂੰ ਮਾਂਪੇ ਹੀ ਢਾ ਸਕਦੇ ਸਣ। ਬਾਹਵਾਂ ਉਡਦੇ ਪੰਛੀ ਵਾਂਗ ਖਲਾਰ ਦਿੱਤੀਆਂ। ਮਾਂ ਨੇ ਅੱਗੇ ਵੱਧ ਕੇ ਜੱਫੀ ਪਾ ਲਈ। ਪ੍ਲਾਸਟਿਕ ਦੇ ਹਰੇ ਗੇਂਦ ਤੋਂ ਵੀ ਨਿੱਕੇ ਕੋਮਲ ਦਿਲ ਉੱਤੇ ਦੋ ਨਵੇਂ ਕਾਲੇ ਧੱਬੇ ਉਸਰੇ ਪਏ ਸਣ। ਇਹਨਾਂ ਵਿੱਚ ਦੋ ਨਵੇਂ ਖ਼ੌਫ਼ ਬੰਦ ਸਣ। ਬਾਲੜੀ ਦੀ ਦੇਵੀ ਤੇ ਦੇਵ੍ਤਾ ਦੇ ਕ਼ਹਿਰ ਦੇ ਖ਼ੌਫ਼। ਚੀਕ ਤੇ ਧਾੜ ਦੇ ਖ਼ੌਫ਼। ਬੀਬੀ ਬਾਲੜੀ ਬਨ ਕੇ ਮੂੰਹ 'ਚ ਬੁਰਕੀਆਂ ਪੁਾਂਦੀ ਬਿਟਰ ਬਿਟਰ ਮਾਂ ਵੱਲ ਵੇਖੀ ਜਾਏ, ਕਿੱਥੇ ਕੋਈ ਗ਼ਲਤੀ ਹੋ ਗਈ ਤੇ ਮਾਂ ਫਿਰ ਚੀਕੇ ਗੀ।

--- ਮੇਰੀ ਸੋਹਣੀ ਸ਼ਹਿਜ਼ਾਦੀ ਕਿੰਨੀ ਸਮਝਦਾਰ ਏ।

ਬੁਰਕੀਆਂ ਖੁਆਂਦੇ ਮਾਂ ਸਦਕੇ ਵਾਰੀ ਜਾਏ।

# ਪੱਖਾ

ਛੱਤ ਨਾਲ ਪੁੱਠਾ ਟੰਗਿਆ ਭੌਂਦਾ ਰਹਿੰਦਾ ਹੈ।

ਚਲਦੇ ਨੂੰ ਵੇਖ ਕੇ ਜਾਪਦਾ ਹੈ ਤਿੰਨੇ ਪਰ ਇੱਕ ਦੂਜੇ ਪਿੱਛੇ ਨਸਦੇ ਨੇਂ। ਖਲੋਤੇ ਵਿੱਚ ਕੋਈ ਕਿਸੇ ਦੇ ਪਿੱਛੇ ਨ੍ਹੀਂ ਨਸਦਾ। ਬਿਜਲੀ ਬਿਨਾਂ ਪਰ ਬੰਦੇ ਦੇ ਪੁੱਤਰ ਬਣ ਕੇ ਰਹਿੰਦੇ ਨੇਂ, ਆਪਣੀ ਆਪਣੀ ਥਾਂ ਤੇ ਸਕੂਨ ਨਾਲ ਖਲੋਤੇ। ਬਟਨ ਦਬਦੇ ਹੀ ਭੌਂਤਰ ਜਾਂਦੇ।

ਬੰਦ ਪੱਖਾ ਵੇਖ ਕੇ ਇਹ ਵੀ ਨ੍ਹੀਂ ਦੱਸਿਆ ਜਾ ਸਕਦਾ ਕਿ ਕੌਣ ਕਿਹਦੇ ਪਿੱਛੇ ਵੇ। ਇਹ ਤਾਂ ਪੱਖੇ ਦੀ ਚਾਲ ਦਸਦੀ ਏ ਕੌਣ ਅੱਗੇ ਹੋਵੇ ਗਾ, ਤੇ ਕੌਣ ਪਿੱਛੇ। ਪੰਖ ਖ਼ਵਰੇ ਸਮਝਦੇ ਹੋਣ ਓਹ ਆਪਣੀ ਮੇਹਨਤ ਤੇ ਲਗਨ ਨਾਲ ਅੱਗੇ ਨਿਕਲਦੇ ਨੇਂ। ਓਨ੍ਹਾਂ ਕੀ ਪਤਾ ਕਿ ਓਹ ਤੇ ਨਿਰੇ ਮਸ਼ੀਨੀ ਪੁਰਜ਼ੇ ਨੇਂ ਜਿਨ੍ਹਾਂ ਦੇ ਹੱਥ ਭੌਂਦੇ ਰਹਿਣ ਬਾਝੋਂ ਕੁਝ ਵੀ ਨ੍ਹੀਂ।

ਕਮਾਲ ਤਾਂ ਅਸਲ ਵਿੱਚ ਪੱਖੇ ਦੀ ਮੋਟਰ ਦਾ ਹੈ। ਮੋਟਰ, ਜਿਹਦੇ ਭੀਤਰ ਤਾਰਾਂ ਦੇ ਇੰਨੇ ਚੱਕਰ ਨੇਂ ਕਿ ਸਮਝਣ ਦੀ ਕੋਸ਼ਿਸ਼ ਕਰੋ ਤਾਂ ਆਪ ਨੂੰ ਚੱਕਰ ਆਜਾਣ। ਜੇ ਮੋਟਰ ਪੁੱਠੀ ਚਲਣ ਲੱਗ ਪਵੇ ਤਾਂ ਅੱਗੇ ਵਾਲੇ ਪਿੱਛੇ, ਤੇ ਪਿੱਛੇ ਵਾਲੇ ਅੱਗੇ ਕਰ ਦਵੇ।

ਹੌਲੀ ਸਪੀਡ ਉੱਤੇ ਹੌਲੀ ਹੌਲੀ ਤੁਰਦੇ ਨੇਂ, ਜਿਵੇਂ ਇਕੱਠੇ ਹੋਕੇ ਬਾਗ਼ ਦੀ ਸੈਰ ਤੇ ਆਏ ਹੋਣ; ਗੱਪਾਂ ਮਾਰਦੇ, ਆਪਣੀਆਂ ਲੁਕਾਈਆਂ ਹੋਈਆਂ ਬਿਮਾਰੀਆਂ ਅਤੇ ਪੀਣਾ ਆਪਣੇ ਭੀਤਰ ਢੋਂਦੇ। ਕੋਈ ਬਵਾਸੀਰ ਬੁੰਡ ਵਿੱਚ ਲੈ ਕੇ ਫਿਰਦਾ ਹੋਵੇ ਤਾਂ ਕੋਈ ਦਿਲ ਵਿੱਚ ਕੈਲਿਸਟਰੌਲ, ਕੋਈ ਜੋੜਾਂ ਦੀ ਪੀੜ ਭਝਾਣ ਲਈ ਆਇਆ ਹੋਵੇ ਤਾਂ ਕੋਈ ਲਨ ਦੀ ਸੁਸਤੀ। ਉੱਤੋਂ ਹਸਦੇ, ਅੰਦਰੋਂ ਡਰਦੇ, ਆਪਣੀਆਂ ਅੰਦਰੂਨੀ ਲਾਅਨਤਾਂ ਨੂੰ ਝਾੜ ਸੁੱਟਨ ਦੇ ਸੁਫ਼ਨੇ ਵੇਖਦੇ, ਹੌਲੀ ਹੌਲੀ ਤੁਰਦੇ। ਬਾਗ਼ਾਂ ਵਿੱਚ ਸੁਫ਼ਨੇ ਵੀ ਜੰਨਤਾਂ ਦੇ ਹੀ ਆਣੇ ਹੋਏ। ਸੁਫ਼ਨੇ ਵਿੱਚ ਜਵਾਨੀ, ਤਾਕਤ ਨਾਲ ਫਿੱਟਿਆ ਜੁੱਸਾ ਅਤੇ ਰੰਡੀਆਂ ਦੇ ਲਾਟਾਂ ਮਾਰਦੇ ਬਦਨ ਵੇਖਦੇ, ਤੁਰੇ ਜਾਂਦੇ, ਹੌਲੀ ਹੌਲੀ, ਹੌਲੀ ਹੌਲੀ।

ਫ਼ੁੱਲ ਸਪੀਡਾਂ ਤੇ ਅਪੜ ਕੇ ਲਗਦਾ ਜਿਸ ਤਰ੍ਹਾਂ ਕੋਕਲਾ ਛੱਪਾਕੀ ਖੇਡਦੇ ਹੋਣ। ਫਿਰ ਜਦੋਂ ਇਹ ਕੋਕਲਾ ਛੱਪਾਕੀ ਚੱਲੀ ਹੀ ਜਾਂਦੀ ਹੈ, ਲਗਦੈ ਇਹ ਖੇਡ ਨ੍ਹੀਂ, ਕਿਸੇ ਵੱਡੇ ਮਕਸਦ ਨੂੰ ਅਚੀਵ/achi eve ਕਰਣ ਲਈ ਜਿੱਦੋ ਜੋਹਦ ਪਈ ਹੁੰਦੀ ਹੋਵੇ; ਆਪਣੇ ਜੀਵਨ ਨੂੰ ਸਫਲ ਕਰਣ ਵਾਸਤੇ ਉੱਚੀਆਂ ਵਾਅਵਾਂਅ ਵਿੱਚ ਭੌਂਦ ਭੌਂਦ ਕੇ। ਇੰਨੀ ਉੱਤੇ, ਇੰਨੀ ਤੇਜ਼ ਭੌਂਦੇ, ਓਹ ਵੀ ਪੁੱਠੇ, ਕਿਸਨੂੰ ਚੇਤਾ ਆ ਸਕਦਾ ਹੈ ਬਈ ਓਹ ਕੀ ਪਿਆ ਕਰਦਾ ਹੈ, ਤੇ ਕਿਉਂ। ਉਸ ਸਿੱਚੁਏਸ਼ਨ/si t uat i on ਵਿੱਚ ਭਝਣਾ ਨਸਣਾ ਤਰੱਕੀ ਦੀ ਦੌੜ ਤੋਂ ਨਿਕਲ ਕੇ ਹੋਂਦ ਦੀ ਦੌੜ ਬਣ ਜਾਂਦਾ ਹੈ। ਅੱਗੇ ਨਾ ਵੀ ਵਧਣਾ ਚਾਹੋ, ਫਿਰ ਵੀ ਤੁਹਾਨੂੰ ਭਜਣਾ ਪੈਂਦਾ ਹੈ, ਨ੍ਹੀਂ ਤਾਂ ਪਿਛਲੇ ਵਾਲੇ ਫੇਅ ਕੇ ਲੰਗ ਜਾਂਦੇ ਨੇਂ।

ਖਵਰੇ ਓਹਨੂੰ ਚਲਨਾ ਕਿਉਂ ਆਖਦੇ ਨੇਂ? ਸ਼ਾਇਦ ਇਸ ਲਈ ਕਿ ਪੁਰਾਣਿਆਂ ਜ਼ਮਾਨਿਆਂ ਵਿੱਚ ਪੱਖੇ ਦੀਆਂ ਸਪੀਡਾਂ ਨ੍ਹੀਂ ਸਨ ਹੁੰਦੀਆਂ। ਜਾਂ ਪੱਖਾ ਚਲਦਾ ਸੀ, ਜਾਂ ਫਿਰ ਨ੍ਹੀਂ ਸੀ ਚਲਦਾ। ਇਹ ਤੇਜ਼ ਹੌਲੀ ਚੱਲਣ ਦੀਆਂ ਸਹੂਲਤਾਂ ਤਾਂ ਜੁੰਮਾਂ ਜੁੰਮਾਂ ਅੱਠ ਦਿਨ ਹੋਏ ਆਈਆਂ ਨੇਂ। ਸ੍ਪੀਡਾਂ ਨਿਰੀਆਂ ਪੱਖਿਆਂ ਦੀ ਹੀ ਨ੍ਹੀਂ ਕੰਟਰੋਲ ਹੋਈਆਂ, ਬੰਦਿਆਂ ਦੀਆਂ ਵੀ ਹੋ ਗਈਆਂ ਨੇਂ। ਇਸ ਰੈਗੂਲੇਟਿਡ/r egul at ed ਸਪੀਡ ਤੋਂ ਪਹਿਲਾਂ ਜਾਂ ਬੰਦਾ ਖੁਸ਼ ਕਿਸਮਤ ਹੁੰਦਾ ਸੀ ਜਾਂ ਬਦ ਕਿਸਮਤ, ਪਰ ਹੁਣ ਤੇ ਬੜਾ ਕੁਝ ਹੁੰਦਾ ਹੈ, ਤੇ ਹਰ ਵੇਲੇ ਹੁੰਦਾ ਈ ਰਹਿੰਦਾ ਹੈ। ਕਦੀ ਅੱਗੇ ਨਿਕਲ ਜਾਂਦਾ ਹੈ ਕਦੀ ਪਿੱਛੇ ਰਹਿ ਜਾਂਦਾ ਏ, ਕਦੀ ਉਤਾਂ ਨੂੰ ਨਿਕਲ ਜਾਂਦਾ ਏ ਤਾਂ ਕਦੀ ਥੱਲੇ ਨੂੰ ਡਿੱਗ ਪੈਂਦਾ ਏ। ਪੱਖਾ ਵੀ ਪਹਿਲਾਂ ਜਾਂ ਚਲਦਾ ਸੀ ਜਾਂ ਬੰਦ ਰਹਿੰਦਾ ਸੀ, ਹੁਣ ਤੇ ਤੇਜ਼ ਵੀ ਚਲਦਾ ਏ ਤੇ ਹੌਲੀ ਵੀ, ਬਹੁਤ ਤੇਜ਼ ਵੀ ਤੇ ਬਹੁਤ ਹੌਲੀ ਵੀ। ਓਹਨਾ ਹੀ ਤੇਜ਼ ਭੌਂਦਾ ਏ ਜਿੰਨਾ ਓਹਦਾ ਗਰਾਰੀ ਰੈਗੁਲੇਟਰ ਇਜਾਜ਼ਤ ਦਿੰਦਾ ਏ। ਇੱਕ ਨਿੱਕੀ ਜਿਹੀ ਗਰਾਰੀ, ਕਦੀ ਗ਼ੌਰ ਨਾਲ ਵੇਖੋ ਤਾਂ ਜਾਪਦਾ, ਬਿਨਾਂ ਪਰਾਂ ਦਾ ਮਿਨੀ ਪੱਖਾ; ਕਿਸ ਤਰ੍ਹਾਂ ਗਭਰੂ ਪੱਖੇ ਨੂੰ ਇਹ ਛਿਲਤਰ ਨੱਚ ਨੱਚ ਕੇ ਨਚਾਉਂਦੀ ਏ।

ਪਹਿਲਾਂ ਇਹ ਗਰਾਰੀ ਇੰਨੀ ਨਿੱਕੀ ਨ੍ਹੀਂ ਸੀ ਹੁੰਦੀ। ਇਹ ਕਰਿਸ਼ਮਾ ਵੀ ਅਸੀਂ ਸੈਂਸ/sci ence ਤੋਂ ਕਰਾਇਆ ਏ।

ਇਹ ਬਟਨ ਨਾਲ ਚੱਲਣ ਵਾਲਾ ਪੱਖਾ ਵੀ ਜਾਦੂਗਰੀ ਏ। ਉਂਜ ਬਿਜਲੀ ਦੀ ਇਜਾਦ ਤੋਂ ਪਹਿਲਾਂ ਵੀ ਪੱਖੇ ਹੁੰਦੇ ਸਣ, ਸਿਸਟਮ ਥੋੜਾ ਵਖਰਾ ਸੀ। ਮਸ਼ੀਨਾਂ ਓਸ ਵੇਲੇ ਵੀ ਹੁੰਦੀਆਂ ਸਨ, ਪਰ ਮੋਟਰ ਦੀ ਥਾਂ ਓਨ੍ਹਾਂ ਵਿੱਚ ਬੰਦੇ ਲਗਦੇ ਸਨ। ਇੰਨੇ ਐਫ਼ੀਸ਼ੈਂਟ ਨ੍ਹੀਂ ਸਣ ਹੁੰਦੇ ਉਹ ਵਾਲੇ, ਪੁਰਾਣੇ ਪੱਖੇ। ਚਲਦੇ ਵੀ ਹੌਲੀ ਹੌਲੀ ਸਣ ਤੇ ਤੁਹਾਡੇ ਸੌਂ ਜਾਣ ਪਿੱਛੋਂ ਕਦੀ ਕਧਾਰ ਮੋਟਰ ਵੀ ਸੌਂ ਜਾਦੀ ਸੀ; ਕਈ ਵਾਰੀ ਮੋਟਰ ਥੱਕੀ ਹੁੰਦੀ ਸੀ। ਫਿਰ ਪੱਖੇ ਦਾ ਪਰ ਵੀ ਇੱਕੋ ਹੁੰਦਾ ਤੇ ਮੋਟਰ ਨਾਲ ਗਰਾਰੀ ਵੀ ਨ੍ਹੀਂ ਸੀ ਹੁੰਦੀ। ਸ੍ਪੀਡ ਤੇਜ਼ ਕਰਣ ਵਾਸਤੇ ਗਰਾਰੀ ਘੁਮਾਣ ਦੀ ਲਗ਼ਯਰੀ/l uxur y ਨ੍ਹੀਂ ਸੀ ਹੁੰਦੀ, ਬੜੀ ਖੇਚਲ ਕਰਨੀ ਪੈਂਦੀ ਸੀ। ਪਹਿਲਾਂ ਚੀਕ ਚੀਕ ਕੇ ਮੋਟਰ ਨੂੰ ਆਵਾਜ਼ਾਂ ਲਾਣੀਆਂ ਪੈਂਦੀਆਂ ਸਣ, ਤੇ ਜੇ ਮੋਟਰ ਦੀ ਅੱਖ ਲੱਗ ਗਈ ਹੋਵੇ ਤਾਂ ਬਿਸਤਰੇ ਤੋਂ ਉੱਠ ਕੇ, ਕੰਮਰੇ ਦੇ ਬਾਹਰ, ਪੱਖੇ ਦਾ ਰੱਸਾ ਫੜ ਕੇ ਸੁੱਤੀ

ਪਈ ਮੋਟਰ ਦੇ ਢਿੱਡ ਵਿੱਚ ਠੁੱਡੇ ਮਾਰਨੇ ਪੈਂਦੇ ਸਨ। ਕਈ ਵਾਰੀ ਠੁੱਡੇ ਮੋਟਰ ਦੀ ਤਿੱਲੀ ਪਾੜ ਦਿੰਦੇ ਤੇ ਓਹ ਖ਼ੂਨ ਦੀ ਉਲਟੀ ਕਰ ਕੇ ਮਰ ਜਾਂਦੀ।

ਪਹਿਲਾਂ ਵੀ ਪੱਖਿਆਂ ਦੀਆਂ ਸ੍ਪੀਡਾਂ ਬੰਦੇ ਮਾਰ ਦਿੰਦੀਆਂ ਸਣ, ਤੇ ਹੁਣ ਵੀ। ਹੁਣ ਬਸ ਦਿਸਦਾ ਕੁਝ ਨ੍ਹੀਂ, ਨਾ ਠੁੱਡੇ ਨਾ ਖ਼ੂਨ ਦੀਆਂ ਉਲਟੀਆਂ। ਨਿਰੀ ਪੱਖੇ ਨਾਲ ਟੰਗੀ ਇੱਕ ਲੋਥ ਦਿਸਦੀ ਏ, ਪੁੱਠੇ ਟੰਗੇ ਪੱਖੇ ਨਾਲ ਲੰਮਕਦੀ, ਸਿੱਧੀ ਲੋਥ!

# ਅੰਨ੍ਹੀ

ਮੌਤ ਇਸ ਜੱਗ ਦੀ ਸ਼ੈਅ ਨ੍ਹੀਂ, ਦੂਜੇ ਜੱਗ ਦੀ ਰਾਹ ਹੈ। ਇਸ ਜੱਗ ਵਿੱਚ ਕੁਝ ਵੀ ਮੋਇਆ ਨ੍ਹੀਂ ਹੁੰਦਾ। ਘਰ ਵੀ ਨ੍ਹੀਂ, ਘਰਾਂ ਦੇ ਕੰਮਰੇ ਵੀ ਨ੍ਹੀਂ। ਹਰ ਕੰਮਰਾ ਜੀਊਂਦਾ ਹੈ, ਆਪਣੇ ਆਪ ਵਿੱਚ ਇੱਕ ਦੁਨੀਆ, ਤਲਿੱਸਮ ਹੋਸ਼ੁਰਬਾ ਦੀ ਦੁਨੀਆ। ਇੰਨੀ ਡੂੰਘੀ ਕਿ ਨਿਰਿਆਂ ਅੱਖਾਂ ਨਾਲ ਉਹਦੀਆਂ ਸਾਰੀਆਂ ਤੈਹਵਾਂ ਨ੍ਹੀਂ ਵੇਖ਼ੀਆ ਜਾ ਸਕਦੀਆਂ। ਹਰ ਸ਼ੈਅ ਵਿੱਚ ਇੱਕ ਆਪਣੀ ਦੁਨੀਆ ਵਸਦੀ ਹੈ।

ਅੱਫ਼ੀ ਬਾਜੀ ਦਾ ਭ੍ਰਾ ਮੈਨੂੰ ਕਹਿ ਰਿਹਾ ਸੀ। ਇਹੋ ਜਿਹੀਆਂ ਗੱਲਾਂ ਅਕਸਰ ਕਰਦਾ ਹੈ ਮੇਰੇ ਨਾਲ। ਗੁਆਂਡੀ ਨੇਂ, ਉੱਤੋਂ ਮੇਰਾ ਦਿਲ ਰੱਖਣ ਲਈ ਸਿਰ ਖਪਾਂਦਾ ਰਹਿੰਦਾ ਹੈ, ਮੈਂ ਬੁਲ੍ਹ ਵੱਟੀ ਸੁਣਦੀ ਰਹਿੰਦੀ ਹਾਂ। ਪਰ ਉਸ ਦਿਨ ਮੇਰੀ ਜੀਬ ਦੰਦਾ ਦੀ ਜੇਲ੍ਹ ਤੋੜ ਹੀ ਬੈਠੀ।

ਆਮਿਰ ਭਾਈ ਦੀਆਂ ਗੱਲਾਂ ਤੋਂ ਮੈਨੂੰ ਹਮੇਸ਼ਾ ਖਿੱਜ ਹੀ ਚੜ੍ਹਦੀ ਹੈ। ਸਤਾਰਾਂ ਵਰ੍ਹਿਆਂ ਦੀ ਹੋਣ ਨੂੰ ਫਿਰਨੀ ਹਾਂ, ਬਾਲੜੀ ਤੇ ਨ੍ਹੀਂ। ਉਹ ਹਰ ਵੇਲੇ ਮੈਨੂੰ ਇਸ ਤਰਹਾਂ ਦਸਦੇ ਰਹਿੰਦੇ ਨੇਂ ਜਿਸ ਤਰਹਾਂ ਅੱਖਾਂ ਰੱਬ ਨੇ ਬੰਦਿਆਂ ਨੂੰ ਏਵੇਂ ਹੀ ਲਾ ਛੱਡੀਆਂ ਹੋਣ, ਕੰਮ ਉਹਨਾ ਦਾ ਕੁਝ ਵੀ ਨਾ ਹੋਵੇ। ਮੈਂ ਚੁਪ ਵੱਟੀ ਸੁਣੀ ਜਾਂਦੀ ਸਾਂ, ਉਂਜ ਵੀ ਇੱਕ ਅੱਨ੍ਹੀ ਨੇ ਕੀ ਕਹਿਣਾ ਹੈ ਵੇਖਣ ਬਾਰੇ। ਪਰ ਉਸ ਦਿਨ ਮੈਂ ਭਰੀ ਬੈਠੀ ਸਾਂ। ਅੱਖਾਂ ਵਲੋਂ ਤੇ ਰੱਬ ਡੱਕਾ ਲਾ ਹੀ ਛੱਡਿਆ ਸੀ, ਪਰ ਕੱਨਾਂ ਥਾਨੀਂ ਹੀ ਦੁਨੀਆ ਬਥੇਰੇ ਠੂਏਂ ਮਾਰ ਲੈਂਦੀ ਹੈ। ਫੁੱਫੀ ਮੇਰੇ ਬਾਰੇ ਅੱਨ੍ਹੀ ਅੱਨ੍ਹੀ ਕਰ ਕੇ ਗੱਲ ਪਈ ਕਰਦੀ ਸੀ।

ਉਸ ਦਿਨ ਫਿਰ ਲੱਗੇ ਸਨ ਬਈ ਦਿਸਦਾ ਅੱਖਾਂ ਨ੍ਹੀਂ, ਦਮਾਗ਼ ਨਾਲ ਹੈ।

--- ਅੱਖਾਂ ਵਾਲਿਆਂ ਲਈ ਗੱਲਾਂ ਕਰਨੀਆਂ ਸੌਖੀਆਂ ਨੇਂ, ਤੁਸੀਂ ਵੀ ਅੰਨ੍ਹੇ ਹੋ ਜਾਓ ਤੇ ਫਿਰ ਪਤਾ ਲੱਗੇ।

ਬੋਲਦੇ ਹੀ ਮੈਨੂੰ ਜਾਪ ਪਿਆ ਮੈਂ ਗੱਲ ਕੁਝ ਬਹੁਤ ਹੀ ਕੌੜੀ ਕਰ ਬੈਠੀ ਸਾਂ। ਫੁੱਫੀ ਦਾ ਸਾੜ ਮੈਂ ਇਸ ਨਿਮਾਣੇ ਉੱਤੇ ਕੱਢ ਦਿੱਤਾ। ਉਹ ਵਿਚਾਰਾ ਤੇ ਪਹਿਲਾਂ ਹੀ ਆਪਣੇ ਵਲੋਂ ਮੇਰੇ ਫਟਣਾ ਤੇ ਮਲ੍ਹਮ ਰੱਖਣ ਢਿਆ ਸੀ। ਉਹਦੇ ਉੱਤੇ ਏਵੇਂ ਜ਼ਹਿਰ ਕੱਢ ਦਿੱਤਾ। ਮੇਰਾ ਜੀਅ ਹੋਰ ਦੁੱਖ ਗਿਆ। ਸਮਝ ਨ੍ਹੀਂ ਪਈ ਆਂਦੀ ਸੀ ਹੁਣ ਕਰਾਂ ਕੀ? ਦੋ ਕੁ ਮਿੰਟ ਅੱਗੋਂ ਵੀ ਚੁੱਪ ਹੀ ਰਹੀ। ਆਮਿਰ ਭਾਈ ਵੀ ਜਿਵੇਂ ਸਕਤੇ ਵਿੱਚ ਤੁਰ ਗਏ ਸਨ, ਉਹ ਵੀ ਇੰਨੀ ਔਖੀ ਗਲ ਨ੍ਹੀਂ ਸਨ ਐਕ੍ਸਪੈਕਟ/expect ਪਏ ਕਰਦੇ।

--- ਸੌਰੀ ਆਮਿਰ ਭਾਈ।

ਉਹ ਕੁਝ ਨਾ ਬੋਲੇ।

--- ਮੇਰਾ ਇਹ ਮਤਲਬ ਨ੍ਹੀਂ ਸੀ।

ਉਹ ਫਿਰ ਵੀ ਕੁੱਝ ਨਾ ਬੋਲੇ। ਜੀ ਮੇਰਾ ਅੱਗੇ ਹੀ ਫੱਟੜ ਸੀ, ਹੁਣ ਗੱਲ ਮੇਰੇ ਵੱਸੋਂ ਨਿਕਲ ਗਈ। ਮੇਰਾ ਰੋਣਾ ਵੱਗ ਗਿਆ, ਤੇ ਮੈਂ ਭੂੰ ਭੂੰ ਕਰ ਕੇ ਰੋਣ ਲੱਗ ਪਈ।

ਉਹ ਮੇਰੇ ਸਿਰ ਤੇ ਹੱਥ ਰੱਖ ਕੇ ਮੈਨੂੰ ਚੁੱਪ ਕਰਾਣ ਲੱਗ ਪਏ।

--- ਬਸ ਚੁੱਪ ਕਰ ਜਾ, ਮੇਰੀ ਸੋਹਣੀ ਭੈਣ। ਕੋਈ ਗੱਲ ਨ੍ਹੀਂ, ਮੈਂ ਤੇ ਤੇਰੀ ਕਿਸੇ ਗੱਲ ਦਾ ਬੁਰਾ ਨ੍ਹੀਂ ਮਨਾਂਦਾ।

ਮੈਂ ਹੋਰ ਜ਼ੋਰ ਦੀ ਚੀਕਾਂ ਮਾਰਨ ਢੈ ਪਈ। ਅੱਫ਼ੀ ਬਾਜੀ ਤੇ ਅੱਮਾਂ ਵੀ ਮੈਨੂੰ ਚੁੱਪ ਕਰਾਣ ਲੱਗ ਪਈਆਂ। ਕੋਈ ਨਵੀਂ ਗਲ ਨ੍ਹੀਂ ਸੀ, ਹਰ ਦੂਜੇ ਦਿਹਾੜੇ ਮੇਰੀ ਬਸ ਹੋਈ ਹੁੰਦੀ ਹੈ। ਦੋ ਕੁ ਮਿੰਟ ਰੋ ਕੇ ਮੇਰਾ ਵੀ ਕੁਝ ਮੰਨ ਹੌਲਾ ਹੋ ਗਿਆ। ਮੈਂ ਚੁੱਪ ਕੀਤੀ ਤੇ ਅੱਫ਼ੀ ਬਾਜੀ ਅਤੇ ਅੱਮਾਂ ਫਿਰ ਫੁੱਫੀ ਕੋਲ ਸਾਹਮਣੇ ਵਾਲੇ ਸੋਫ਼ੇ ਉੱਤੇ ਜਾ ਬੈਠੀਆਂ।

--- ਕੀ ਗੱਲ ਹੈ ਆਸੀ, ਕਿਸੇ ਕਿਹਾ ਹੈ ਕੁਝ?

ਆਮਿਰ ਭਾਈ ਪੁੱਛਿਆ।

ਮੇਰੀਆਂ ਅੱਖਾਂ ਵਿੱਚ ਫਿਰ ਅਥਰੂ ਪੁੰਗਰ ਪਏ।

--- ਉਹ ਫੁੱਫੋ....

--- ਉਹ ਸਾਰੇ ਸਾਹਮਣੇ ਹੀ ਬੈਠੇ ਨੇਂ, ਹੌਲੀ ਬੋਲੀਂ।

ਮੈਂ ਦੱਬੀ ਆਵਾਜ਼ ਵਿੱਚ ਸਾਰੀ ਬਿਪਤਾ ਕਹਿ ਸੁਣਾਈ।

--- ਹਰ ਗੱਲ ਧਿਆਨ ਦੇਣ ਜੋਗੀ ਨ੍ਹੀਂ ਹੁੰਦੀ!

ਆਵਾਜ਼ ਤੋਂ ਹੀ ਪਤਾ ਲੱਗ ਗਿਆ ਭਾਈ ਜਾਨ ਨੂੰ ਫੁੱਫੀ ਉੱਤੇ ਵਾਹਵਾ ਕੌੜ ਚੜ੍ਹ ਬੈਠੀ ਸੀ। ਮੇਰਾ ਜੀਅ ਖਿੱਲ ਪਿਆ।

ਕੁਝ ਚਿਰ ਫਿਰ ਖ਼ਾਮੋਸ਼ੀ ਰਹੀ, ਫਿਰ ਉਹਨਾਂ ਸਾਹਮਣੇ ਗੱਪਾਂ ਮਾਰਦੀਆਂ ਸੁਆਣੀਆਂ ਵਿੱਚੋਂ ਅੱਫ਼ੀ ਨੂੰ ਆਵਾਜ਼ ਮਾਰੀ।

--- ਅੱਫ਼ੀ, ਉਹ ਦਸ ਸਾਹਮਣੇ ਕੀ ਹੈ?

--- ਕਿੱਥੇ?

--- ਉਹ ਕੰਧ ਉੱਤੇ।

--- ਸ਼ੀਸ਼ਾ ਹੈ।

--- ਹੋਰ?

--- ਹੋਰ ਕੀ ਭਾਈ, ਬਸ ਸ਼ੀਸ਼ਾ ਹੀ ਤਾਂ ਹੈ।

--- ਸ਼ੀਸ਼ੇ ਵਿੱਚ ਕੁਝ ਦਿਸਦਾ ਹੈ?

--- ਲੈਂਪ ਹੈ, ਹੋਰ ਕੀ?

--- ਠੀਕ ਹੈ, ਬਸ ਜਾ।

--- ਇਹ ਕੀ ਗੱਲ ਹੋਈ, ਸੱਦਿਆ ਕਿਉਂ ਸੀ ਮੈਨੂੰ?

--- ਤੂੰ ਜਾ ਕੇ ਗੱਪਾਂ ਮਾਰ ਫੁੱਫੀ ਨਾਲ, ਮੈਂ ਆਸੀ ਨੂੰ ਇਲ੍ਮ ਉਲ ਕਲਾਮ ਬਾਰੇ ਕੁਝ ਸਮਝਾਣਾ ਹੈ।

ਫੁੱਫੀ ਉਹਨਾ ਫਿਰ ਇਸ ਤਰ੍ਹਾਂ ਚੱਬ ਕੇ ਕਿਹਾ ਕੇ ਇੱਕ ਵਾਰੀ ਹੋਰ ਠੰਡ ਪੈ ਗਈ।

--- ਸੁਣਿਆ ਈ ਅੱਫ਼ੀ ਨੇ ਕੀ ਵੇਖਿਆ ਹੈ?

--- ਜੀ।

--- ਅੱਖਾਂ ਕੁਝ ਨਈਉਂ ਵੇਖਦੀਆਂ। ਕਿੰਨੇ ਈ ਜਮਾਂਦਰੂ ਅੰਨ੍ਹਿਆਂ ਦੀਆਂ ਅੱਖਾਂ ਜਵਾਨੀ ਵਿੱਚ ਬਣੀਆਂ ਤੇ ਕਈ ਦਿਨ ਉਹਨਾਂ ਕੁਝ ਸਮਝ ਹੀ ਨਾ ਆਈ ਕਿ ਉਹ ਕੀ ਵੇਖਦੇ ਸਨ। ਉਹਨਾ ਵੇਖਣਾ ਹੀ ਨ੍ਹੀਂ ਸੀ ਆਂਦਾ।

--- ਮੈਂ ਵੀ ਇਹੋ ਸੋਚਨੀ ਹਾਂ, ਜੇ ਕਦੀ ਮੈਨੂੰ ਦਿੱਸਣ ਲੱਗ ਪਿਆ ਤੇ ਮੈਂ ਨਾ ਕਿਸੇ ਜੀਅ ਨੂੰ ਸਿਹਾਣ ਸਕਣਾ ਹੈ, ਨਾ ਕਿਸੇ ਥਾਂ ਨੂੰ। ਖ਼ਵਰੇ ਜਗ ਕੀ ਹੈ ਤੇ ਮੈਂ ਆਪਣੇ ਦਮਾਗ਼ ਵਿੱਚ ਕੀ ਜਾਦੂ ਨਗਰੀ ਬਣਾ ਰੱਖੀ ਹੈ।

ਦੋ ਮਿੰਟ ਲਈ ਫਿਰ ਖ਼ਾਮੋਸ਼ੀ ਛਾ ਗਈ।

--- ਕੀ ਹੋਇਆ ਆਮਿਰ ਭਾਈ?

--- ਠੀਕ ਕਹਿੰਦੀ ਪਈ ਹੈਂ। ਨੀਊਰੋ ਸਾਇਕੌਲੋਜੀ/neuro psychology ਵੀ ਇਹੋ ਕਹਿੰਦੀ ਹੈ। ਅੱਖਾਂ ਰਿਐਲਿਟੀ/reality ਦਾ ਨਿਰਾ ਸ੍ਕੈਚ/sketch ਹੀ ਵਿਖਾਂਦੀਆਂ ਨੇਂ, ਪਰ੍ਸੈਪਸ਼ਨ/perception ਅਸਲੋਂ ਤੇ ਦਮਾਗ਼ ਬਣਾਦਾ ਹੈ।

ਇੰਨੀ ਔਖੀ ਗੱਲ ਪੂਰੀ ਤੇ ਮੇਰੇ ਪੱਲੇ ਨਾ ਪਈ, ਪਰ ਜਟਕੀ ਗੱਲ ਸਮਝ ਆ ਗਈ। ਪਹਿਲੀ ਵਾਰ ਮੈਨੂੰ ਲੱਗਿਆ ਉਹ ਨਿਰਾ ਮੇਰਾ ਦਿਲ ਰੱਖਣ ਲਈ ਦਲਾਸੇ ਨ੍ਹੀਂ ਸਨ ਦਿੰਦੇ, ਸਗੋਂ ਮੈਨੂੰ ਕੁਝ ਦਸਣਾ ਚਾਹੁੰਦੇ ਸਨ। ਐਕ੍ਸਾਈਟਮੈਂਟ/excitement ਨਾਲ ਮੇਰੇ ਦਿਲ ਨੇ ਇੱਕ ਨਿੱਕੀ ਜਿੰਨੀ ਛਾਲ ਮਾਰੀ।

--- ਸਮਝੀ ਏਂ?

ਮੈਂ ਹੌਲਾ ਜਿਹਾ ਸਿਰ ਮਾਰ ਛੱਡਿਆ।

--- ਤੂੰ ਸੁਣ ਲਿਆ ਏ ਅੱਫ਼ੀ ਨੇ ਕੀ ਦੱਸਿਆ ਏ, ਹੁਣ ਤੂੰ ਹੱਥ ਲਾ ਕੇ ਵੇਖ।

ਮੈਂ ਚੁੱਪ ਕਰ ਕੇ ਉੱਠੀ। ਸ਼ੀਸ਼ੇ ਦਾ ਮੈਨੂੰ ਘਰ ਦੀ ਹਰ ਸ਼ੈਅ ਵਾਂਗ ਪਤਾ ਸੀ। ਮੈਂ ਬੜੇ ਧਿਆਨ ਨਾਲ ਹੱਥ ਫੇਰੇ।

ਲੱਕੜ ਦਾ ਕਾਰ੍ਵਡ ਫ਼੍ਰੇਮ/carved frame ਸੀ ਜਿਹਦੇ ਨਾਲ ਸ਼ੀਸ਼ੇ ਦਾ ਲੈਂਪ/lamp ਪਿਆ ਸੀ। ਪੁਰਾਣੇ ਜ਼ਮਾਨਿਆਂ ਵਾਂਗ ਦੇ ਸ਼ਮਾਅ ਦਾਨਾਂ ਵਰਗਾ ਸੀ, ਗੋਲ ਗੋਲ। ਲੈਂਪ ਦੇ ਸ਼ੀਸ਼ੇ ਉੱਤੇ ਵੀ ਮੀਨਾਕਾਰੀ ਸੀ, ਖ਼ਵਰੇ ਸੋਨੇ ਦੇ ਪਾਣੀ ਦੀ ਨਕਲ ਵਿੱਚ ਪੀਲੇ ਰੰਗ ਦੀ ਹੋਵੇ। ਉਸ ਵੇਲੇ ਮੈਨੂੰ ਖ਼ਿਆਲ ਆਇਆ ਇਹਦਾ ਰੰਗ ਤੇ ਮੈਂ ਕਦੀ ਪੁੱਛਿਆ ਹੀ ਨ੍ਹੀਂ ਸੀ। ਪੁੱਛ ਕੇ ਕਰਨਾ ਵੀ ਕੀ ਸੀ? ਇਹੋ ਕੁੱਝ ਹੀ ਸੀ, ਹੋਰ ਮੈਂ ਕੀ ਵੇਖ਼ ਸਕਦੀ ਸਾਂ। ਬਾਕੀ ਸਭ ਤਾਂ ਰੰਗਾਂ ਤੇ ਚਾਨਣ ਦੀ ਖੇਡ ਹੁੰਦੀ ਹੈ।

--- ਲੈ ਫਿਰ ਹੁਣ ਮੈਂ ਦਸਨਾਂ ਵਾਂ ਮੈਨੂੰ ਸਾਹਮਣੇ ਕੀ ਪਿਆ ਦਿਸਦਾ ਏ।

ਮੇਰੇ ਕੰਨ ਖ਼ਰਗੋਸ਼ ਵਾਂਗ ਖ੍ਲੋ ਗਏ।

--- ਲੱਕੜ ਦੇ ਇੱਕ ਸੋਹਣੇ ਫ਼੍ਰੇਮ ਵਿੱਚ ਜੜਿਆ ਸ਼ੀਸ਼ਾ ਇਸਰਾਂ ਪਿਆ ਲਿਸ਼ਕਦਾ ਏ ਜਿਸ ਤਰ੍ਹਾਂਰਾਂ ਚਾਨਣ ਬਾਹਰ ਨ੍ਹੀਂ ਉਹਦੇ ਭੀਤਰ ਹੋਵੇ। ਚੋਰੀ ਦੇ ਚਾਨਣ ਨਾਲ ਈ ਸ਼ੀਸ਼ਾ ਚੰਨ ਦਾ ਟੋਟਾ ਏ। ਨਾ ਤੇ ਸ਼ੀਸ਼ੇ ਨੂੰ ਪਤਾ ਏ ਕਿ ਉਹ ਕੰਮਰੇ ਵਿੱਚ ਸਭ ਤੋਂ ਸੋਹਣਾ ਏ, ਨਾ ਉਹਨੂੰ ਇਸ ਗੱਲ ਦੀ ਪਰਵਾਹ ਏ। ਹੋਏ ਵੀ ਕਿਸ ਤਰ੍ਹਾਂ, ਅੰਨ੍ਹਿਆਂ ਦੇ ਦੇਸ ਵਿੱਚ ਸ਼ੀਸ਼ੇ ਦਾ ਕੀ ਕੰਮ?

ਮੇਰੇ ਨਹੁੰ ਤਲੀ ਵਿੱਚ ਖੁੱਬ ਗਏ।

--- ਸੋਹਣ ਕਦੀ ਠੱਗੀ ਲਾਣ ਤੋਂ ਨ੍ਹੀਂ ਚੂਕਦਾ। ਆਪਣੇ ਸੀਨੇ ਉੱਤੇ ਸਿਰ ਟਿਕਾਏ ਲੈਂਪ ਨੂੰ ਇੰਨਾ ਡੂੰਘਾ ਵਿਖਾਂਦਾ ਏ ਕਿ ਪਰਛਾਈਂ ਉੱਤੇ ਅਸਲ ਦਾ ਧ੍ਰੋਂ ਪਵੇ। ਲਾਲ ਸੂਹੇ ਸ਼ੀਸ਼ੇ ਦੇ ਵਿਚਕਾਰ ਗੇੜਾ ਫੂਕਦੇ, ਜੇ ਕਲਾ ਦਾ ਦੇਵਤਾ ਅੱਧੀ ਗੋਲਾਈ ਜ਼ਰਾ ਕੂ ਥੱਲੇ ਡੇਗ ਦੇਂਦਾ ਤੇ ਜਾਪਦਾ ਬਈ ਪਿਛਲੀ ਗੋਲਾਈ ਵਿਚ ਵੜ ਕੇ ਸ਼ਿਵੇ ਨੇ ਅਗਲਾ ਗੇੜਾ ਜੰਨ ਤਾ ਹੋਵੇ। ਬਿਜਲੀ ਦੀ ਐਸ ਲਾਲਟੈਨ ਵਿੱਚ ਵੀ ਪਰਮ ਦੀ ਆਤਮਾ ਵੜੀ ਏ। ਬੇ ਆਤਮਾਈ ਪਰਛਾਈਂ ਵਿੱਚ ਐਸਰਾਂ ਦੀ ਦਿਲ ਕਢਵੀਂ ਖਿੱਚ ਨ੍ਹੀਂ ਹੋਂਦੀ।

ਮੇਰਾ ਜੀਅ ਬਹਿ ਗਿਆ। ਇਹ ਕੀ ਸੀ? ਹਿੱਕ ਚੀਰ ਕੇ ਅਖਰਾਂ ਨੇ ਜਿਵੇਂ ਦਿਲ ਨੂੰ ਹੱਥ ਪਾ ਦਿੱਤਾ ਹੋਵੇ। ਇੰਨੀ ਦਿਲ ਕਢਵੀਂ ਤੇ ਕਵੀਤਾ ਵੀ ਨ੍ਹੀਂ ਹੁੰਦੀ। ਇਹਦੇ ਅੱਗੇ ਉਹਨਾ ਕੀ ਕਿਹਾ, ਕੁਝ ਕਿਹਾ ਵੀ ਯਾਂ ਨ੍ਹੀਂ, ਮੈਨੂੰ ਕੁੱਝ ਪਤਾ ਨ੍ਹੀਂ। ਉਹਨਾ ਅਖਰਾਂ ਨੇ ਮੇਰੇ ਉੱਤੇ ਜਾਦੂ ਹੀ ਕਰ ਦਿੱਤਾ ਸੀ।

ਬੇ ਧਿਆਨੀ ਵਿੱਚ ਮੇਰੀਆਂ ਮੋਈਆਂ ਅੱਖਾਂ ਡ੍ਰੈਂਗ ਰੂਮ/drawing room ਦੇ ਦੂਜੇ ਕੋਨੇ ਵਿੱਚ ਬੈਠੀਆਂ ਸ੍ਵਾਣੀਆਂ ਵਲ ਨੂੰ ਫਿਰ ਗਈਆਂ, ਕਿੱਥੇ ਉਹਨਾ ਕੁਝ ਸੁਣ ਤੇ ਨ੍ਹੀਂ ਸੀ ਲਿਆ? ਸਭ ਖ਼ੈਰ ਸੀ। ਮੇਰੇ ਭਖ਼ਦੇ ਕੰਨਾਂ ਦੇ ਸਿਵਾ ਇਹ ਤਲਿਸਮੀ ਗੱਲਾਂ ਕਿਸੇ ਨੇ ਨ੍ਹੀਂ ਸਨ ਸੁਣੀਆਂ। ਸਭ ਆਪਣੀਆਂ ਗੱਪਾਂ ਵਿੱਚ ਮਸ੍ਤ ਸਣ ਤੇ ਆਮਿਰ ਭਾਈ ਵੀ ਸਕੂਨ ਨਾਲ ਬੈਠੇ ਸਨ।

ਉਸ ਰਾਤ ਮੈਂ ਕਿੰਨਾ ਚਿਰ ਸੁੱਤੀ ਤੇ ਕਿੰਨਾ ਜਾਗਦੀ ਰਹੀ, ਪੱਕ ਨ੍ਹੀਂ। ਕਦੀ ਕੰਨਾਂ ਵਿੱਚ ਉਹ ਅਖੱਰ ਵਜਦੇ, ਕਦੀ ਅੰਨ੍ਹੀਆਂ ਅੱਖਾਂ ਆਮਿਰ ਬਾਈ ਦਾ ਖ਼ਿਆਲੀ ਮੁੱਖ ਵਖਾਂਦੀਆਂ।

ਉਸ ਦਿਨ ਪਹਿਲੀ ਵਾਰੀ ਇਹਸਾਸ ਹੋਇਆ ਕਿ ਮੈਨੂੰ ਆਮਿਰ ਭਾਈ ਦੇ ਨੈਣ ਨਕ੍ਸ਼ ਦਾ ਤੇ ਉੱਕਾ ਈ ਕੁਝ ਨ੍ਹੀਂ ਸੀ ਪਤਾ। ਆਪਣੇ ਅਪਾਹਜ ਪਨ ਉੱਤੇ ਪਹਿਲੀ ਵਾਰ ਇੰਨਾ ਗ਼ੁੱਸਾ ਆਇਆ ਕਿ ਜੀਅ ਕਰੇ ਇਹ ਮੂੰਹ ਉੱਤੇ ਲੱਗੇ ਬੰਟੇ ਭਨ ਦਿਆਂ। ਰੋਣਾ ਤੇ ਉਸ ਵੇਲੇ ਆਇਆ ਜਦੋਂ ਇਹ ਜਾਪਿਆ ਕਿ ਜਿੰਨਾ ਮਰਜ਼ੀ ਗ਼ਲਤ ਸਹੀ, ਮੇਰੇ ਕੋਲ ਕੁਝ ਲੋਕਾਂ ਦੇ ਨਕ੍ਸ਼ ਤੇ ਹੈਣ। ਪਰ ਆਮਿਰ ਭਾਈ ਦਾ ਤੇ ਮੇਰੇ ਕੋਲ ਕੁਝ ਵੀ ਨ੍ਹੀਂ ਸੀ। ਮੈਂ ਕਦੀ ਉਹਨਾ ਦੇ ਮੂੰਹ ਤੇ ਹੱਥ ਫੇਰ ਫੇਰ ਕੇ ਨ੍ਹੀਂ ਸੀ ਵੇਖਿਆ ਕਿ ਉਹ ਕਿਸ ਤਰ੍ਹਾਂ ਦਾ ਹੈ। ਮੇਰੇ ਕੋਲ ਆਮਿਰ ਇੱਕ ਨਾਂ ਹੀ ਸੀ, ਬੇ ਮੂੰਹਾ ਨਾਂ।

ਉਸ ਦਿਨ ਪਿੱਛੋਂ ਮੈਂ ਦਮਾਗ਼ ਨਾਲ ਵੇਖਣ ਦੀ ਕੋਸ਼ਿਸ਼ ਕਰਣ ਲੱਗ ਪਈ। ਨਿਰਾ ਇਹ ਚੇਤੇ ਰੱਖਣ ਦੀ ਥਾਂ ਕਿ ਕਹਿੜੀ ਸ਼ੈਅ ਕਿੰਨੀ ਲੰਮੀ ਚੌੜੀ ਹੈ, ਤੇ ਕਿੱਥੇ ਪਈ ਹੈ, ਮੈਂ ਸ਼ੈਵਾਂ ਬਾਰੇ ਸੋਚਣ ਲੱਗ ਪਈ। ਰੰਗ ਕਿਸਰਾਂ ਦੇ ਹੁੰਦੇ ਹੋਣ ਗੇ? ਮੈਂ ਵਖਰੇ ਰੰਗਾਂ ਦੀਆਂ ਸ਼ੈਵਾਂ ਉੱਤੇ ਹੱਥ ਫੇਰ ਫੇਰ ਕੇ, ਉਹਨਾ ਸੁੰਘ ਸੁੰਘ ਕੇ, ਉਹਨਾ ਵਜਾ ਵਜਾ ਕੇ ਬਥੇਰੀਆਂ ਟ੍ਰਾਈਆਂ ਮਾਰੀਆਂ, ਪਰ ਰੰਗ ਨਾ ਪੱਲੇ ਪਏ, ਬਈ ਲਾਲ ਕੀ ਹੁੰਦਾ ਹੈ ਤੇ ਨੀਲਾ ਕੀ? ਨਾ ਇਹ ਸਮਝ ਆਏ ਬਈ ਅੱਖਾਂ, ਛੂਹੇ ਬਿੰਨਾ ਹੀ ਕਿਸ ਤਰ੍ਹਾਂ ਦੱਸ ਦਿੰਦੀਆਂ ਨੇਂ ਕਿ ਗੇਂਦ ਹੌਲੀ ਹੈ ਅਤੇ ਉਸੀ ਸੈਜ਼/size ਦਾ ਪੱਥਰ ਭਾਰਾ? ਹੁਣ ਮੈਨੂੰ ਜਾਪਣ ਲੱਗਾ ਬਈ ਹੱਥ, ਕੰਨ ਤੇ ਨੱਕ ਨਾਲ ਮੈਂ ਜੇਹੜੀ ਦੁਨੀਆ ਬੁਣ ਰਹੀ ਹਾਂ, ਉਹ ਚਿਮਗਾਦੜ ਦੀ ਹੈ, ਬੰਦਿਆਂ ਦੀ ਨ੍ਹੀਂ।

ਆਪਣੇ ਸਤਾਰਵੇਂ ਵਰ੍ਹੇ ਚੜ੍ਹ ਕੇ ਮੈਨੂੰ ਇਹਸਾਸ ਹੋਇਆ ਕਿ ਮੈਂ ਤੇ ਅਪਾਹਜ ਹਾਂ।

ਉਸ ਦਿਨ ਪਿੱਛੋਂ ਮੈਨੂੰ ਹਰ ਸ਼ੈਅ ਬਾਰੇ ਅਜੀਬ ਜਿਹਾ ਤਜੱਸੁਸ ਹੋਣ ਲੱਗ ਪਿਆ। ਜਿਵੇਂ ਲਾਲਚ ਜੇਹੀ ਪੈ ਗਈ, ਹਰ ਸ਼ੈਅ ਬਾਰੇ ਦਮਾਗ਼ ਵਿੱਚ ਇੱਕ ਤਸਵੀਰ ਘੜਨ ਦੀ। ਹੁਣ ਮੈਂ ਹਰ ਸ਼ੈਅ ਨੂੰ ਆਪਣੇ ਹੱਥਾਂ ਨਾਲ ਜਿਵੇਂ ਚੂਸਣ ਲੱਗ ਪਈ। ਤੇ ਹਰ ਚੂਪੇ ਨਾਲ ਮੇਰਾ ਇਹ ਇਹਸਾਸ ਡੂੰਘਾ ਹੋਈ ਜਾਂਦਾ ਕਿ ਮੈਂ ਦੂਜਿਆਂ ਦੇ ਜਗ ਤੋਂ ਬਾਹਰਲੀ ਸ਼ੈਅ ਹਾਂ। ਉਹਨਾਂ ਦੇ ਜਗ ਦੀ ਉੱਚੀ ਫ਼ਸੀਲ ਅੱਖਾਂ ਦੇ ਪੰਖਾਂ ਬਿਨਾਂ ਪਾਰ ਨ੍ਹੀਂ ਹੋ ਸਕਦੀ ਸੀ। ਇਹ ਫ਼ਸੀਲ ਜਿੰਨੀ ਉੱਚੀ ਜਾਪਦੀ, ਮੇਰੀ ਡਿਪਰੈਸ਼ਨ/depr essi on ਉਨ੍ਹੀ ਹੀ ਡੂੰਘੀ ਹੋਈ ਜਂਦੀ।

ਮੈਂ ਅੱਫ਼ੀ ਅਤੇ ਅੱਮਾਂ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ ਪਰ ਉਹ ਮੇਰੀ ਗੱਲ ਸਮਝਣ ਦੀ ਥਾਂ ਮੈਨੂੰ ਦਿਲਾਸੇ ਦੇਣ ਲੱਗ ਪੈਂਦੀਆਂ। ਇਹਨਾ ਦਿਲਾਸਿਆਂ ਵਿੱਚ ਮੈਨੂੰ ਤਰਸ ਦੀ ਬੋਅ ਆਂਦੀ। ਦਿਆ ਨਾਲ ਮੈਨੂੰ ਨਫ਼ਰਤ ਹੋ ਗਈ।

ਫਿਰ ਮੈਨੂੰ ਆਮਿਰ ਭਾਈ ਉੱਤੇ ਕ੍ਰੋਧ ਆਣ ਲੱਗ ਪਿਆ। ਉਹੀ ਸੀ ਜਿਹਨੇ ਮੈਨੂੰ ਇਹਸਾਸ ਦਵਾਇਆ ਕੇ ਮੈਂ ਬਾਕੀਆਂ ਤੋਂ ਵਖਰੀ ਹਾਂ, ਅਪਾਹਜ! ਉਹਦੀਆਂ ਫ਼ਲਸਫ਼ਿਆਨਾ ਬਕਵਾਸਾਂ ਤੋਂ ਪਹਿਲਾਂ ਮੈਂ ਆਪਣੇ ਜੀਵਨ ਵਿੱਚ ਖ਼ੁਸ਼ ਬਾਸ਼ ਸਾਂ। ਮੈਨੂੰ ਆਪਣਾ ਆਪ ਦੂਜਿਆਂ ਤੋਂ ਵਖਰਾ ਤੇ ਜਾਪਦਾ ਸੀ, ਪਰ ਨਿਰਾ ਵਖਰਾ, ਘੱਟ ਨ੍ਹੀਂ। ਸਗੋਂ ਮੈਨੂੰ ਇੰਜ ਜਾਪਦਾ ਜਿਸ ਤਰ੍ਹਾਂ ਦੂਜੇ ਅਪਾਹਜ ਹੋਣ। ਘਰ ਦੇ ਅੰਦਰ ਤੇ ਮੈਨੂੰ ਤੁਰਨ ਫਿਰਨ ਦੀ ਕੋਈ ਔਖਤ ਨ੍ਹੀਂ ਸੀ ਹੁੰਦੀ, ਬਾਹਰ ਜਾ ਕੇ ਹੀ ਮੁਸ਼ਕਲ ਹੁੰਦੀ। ਪਰ ਮੈਂ ਤੇ ਹਮੇਸ਼ਾ ਕਿਸੇ ਨਾਲ ਹੀ ਬਾਹਰ ਜਾਣਾ ਹੁੰਦਾ, ਉਂਜ ਵੀ ਮੈਂ ਤਾਂ ਕਦੀ ਕਧਾਰ ਹੀ ਬਾਹਰ ਜਾਂਦੀ, ਮੇਰੀ ਜਿੰਦੜੀ ਤੇ ਸਾਰੀ ਘਰ ਦੇ ਭੀਤਰ ਹੀ ਸੀ, ਤੇ ਇੱਥੇ ਮੈਂ ਪਰਧਾਨ ਸਾਂ। ਕਿੰਨੀ ਵਾਰੀ ਇੰਜ ਹੁੰਦਾ ਕਿ ਮੈਨੂੰ ਆਵਾਜ਼ ਯਾਂ ਖ਼ੁਸ਼ਬੋ ਤੋਂ ਕਿਸੇ ਦੇ ਆਣ ਦਾ ਪਤਾ ਲੱਗ ਜਾਂਦਾ, ਪਰ ਮੇਰੇ ਨਾਲ ਵਾਲਿਆਂ ਨੂੰ ਨਾ ਪਤਾ ਲਗਦਾ ਕਿ ਆਣ ਵਾਲਾ ਪਿੱਛੋਂ ਪਿਆ ਆਂਦਾ ਹੁੰਦਾ। ਦੂਜੇ ਜਦੋਂ ਰੰਗ ਓ ਨੂਰ ਦਿਆਂ ਤਮਾਸ਼ਿਆਂ ਵਿੱਚ ਰੁੱਝੇ ਹੁੰਦੇ, ਮੈਂ ਕਾਂ ਕਰੋਲੀਆਂ, ਹਿੱਲਣ ਜੁੱਲਣ ਦੀਆਂ ਆਵਾਜ਼ਾਂ ਤੇ ਜੁੱਸੇ ਦੇ ਵੱਖੋ ਵੱਖ ਅੰਗਾਂ ਤੋਂ ਵਗਦੇ ਰੱਸਾਂ ਦੀਆਂ ਖ਼ੁਸ਼ਬੋਆਂ ਤੋਂ ਉਹ ਕੁਝ ਵੇਖ ਲੈਂਦੀ ਕਿ ਘਰ ਵਿੱਚ ਅਸਲੋਂ ਮੇਰੇ ਸਾਹਮਣੇ ਬਾਕੀ ਅੰਨ੍ਹੇ ਹੀ ਜਾਪਦੇ।

ਸਾਰਾ ਸਿਆਪਾ ਇਸ ਆਮਿਰ ਭਾਈ ਨੇ ਪਾਇਆ ਹੈ। ਮੈਨੂੰ ਇਹ ਯਕੀਨ ਦੁਆਣ ਦੇ ਚੱਕਰ ਵਿੱਚ ਕਿ ਅੱਖੀਆਂ ਵਾਲਿਆਂ ਨੂੰ ਵੇਖਣਾ ਨ੍ਹੀਂ ਆਂਦਾ, ਉਹਨੇ ਮੈਨੂੰ ਮੇਰਾ ਅੰਨ੍ਹਾ ਪਨ ਵਖਾ ਦਿੱਤਾ ਸੀ।

ਹਰ ਵੇਲੇ ਮੈਨੂੰ ਇਹੋ ਖ਼ਿਆਲ ਆਂਦਾ ਰਹਿੰਦਾ ਕਿ ਸਾਰੇ ਵੇਖ਼ ਸਕਦੇ ਨੇਂ ਬਸ ਮੈਂ ਹੀ ਅੱਨ੍ਹੀ ਹਾਂ। ਦੂਜਿਆਂ ਨੂੰ ਦੁਨੀਆ ਕਿਸਰਾਂ ਦੀ ਦਿਸਦੀ ਹੋਣੀ ਹੈ, ਰੰਗ ਕੀ ਹੁੰਦੇ ਨੇਂ, ਕਿਹਦੀ ਸ਼ਕਲ ਕਿਸ ਤਰ੍ਹਾਂ ਦੀ ਹੋਣੀ ਹੈ, ਖ਼ਵਰੇ ਅੱਖੀਆਂ ਵਾਲਿਆਂ ਨੂੰ ਕੁਰਸੀ ਕਿਸ ਤਰ੍ਹਾਂ ਦੀ ਦਿਸਦੀ ਹੋਣੀ ਹੈ? ਇਹ ਤੇ ਇਸੇ

ਤਰਹਾਂ ਦੀਆਂ ਹਜ਼ਾਰਾਂ ਗੱਲਾਂ ਸੋਚ ਸੋਚ ਕਿ ਸਾਰਾ ਦਿਨ ਤੇ ਅੱਧੀ ਰਾਤ ਮੇਰੀ ਮੱਤ ਮਰੀ ਰਹਿੰਦੀ। ਸੋਚ ਸੋਚ ਕੇ ਕੁੱਝ ਹੀ ਦਿਨਾਂ ਵਿੱਚ ਇਹ ਹਾਲਤ ਹੋ ਗਈ ਕਿ ਮੇਰਾ ਦਮਾਗ਼ ਹੀ ਬੰਦ ਹੋ ਗਿਆ।

ਘਰ ਵਾਲਿਆਂ ਨੂੰ ਵੀ ਹੌਲੀ ਹੌਲੀ ਮੇਰੀ ਚੁੱਪ ਰਿੜਕਨ ਲੱਗ ਪਈ। ਪਰ ਕਿਸੇ ਨੂੰ ਸ਼ੱਕ ਵੀ ਨਾ ਪਿਆ ਕਿ ਸਤਾਰ੍ਹਾਂ ਵਰ੍ਹੇ ਆਪਣੇ ਅੰਨ੍ਹੇ ਪਨ ਨਾਲ ਹਸੀ ਖ਼ੁਸ਼ੀ ਗੁਜ਼ਾਰਾ ਕਰਨ ਪਿੱਛੋਂ ਅਚਾਨਕ ਮੇਰੀ ਹੋਂਦ ਨੂੰ ਮੇਰੀਆਂ ਅੰਨ੍ਹੀਆਂ ਅੱਖਾਂ ਚੂਪ ਗਈਆਂ ਸਨ।

ਕਿਸੇ ਨੇ ਕੁਝ ਸੋਚਿਆ, ਕਿਸੇ ਨੇ ਕੁਝ। ਹਰ ਇੱਕ ਨੇ ਆਪਣੀ ਸੋਚ ਮੁਤਾਬਿਕ ਇਲਾਜ ਵੀ ਕੀਤਾ। ਆਪਣੇ ਤੇ ਹਾਸਾ ਮੈਨੂੰ ਉਸ ਵੇਲੇ ਆਇਆ ਜਦੋਂ ਆਮਿਰ ਭਾਈ ਵੀ ਮੇਰੇ ਕੋਲੋਂ ਪੁਛਦੇ ਰਹੇ ਕਿ ਮੈਨੂੰ ਹੋਇਆ ਕੀ ਹੈ? ਮੇਰੇ ਹਾਸਿਆਂ ਦਾ ਕਾਤਿਲ ਇੰਨਾ ਮਾਸੂਮ ਸੀ ਕਿ ਹੁਣ ਮੈਨੂੰ ਉਹਦੇ ਉੱਤੇ ਪਿਆਰ ਆਣ ਲੱਗ ਪਿਆ। ਸਭ ਤੋਂ ਅਨੋਖਾ ਇਲਾਜ ਵੀ ਆਮਿਰ ਭਾਈ ਹੀ ਤਜਵੀਜ਼ ਕੀਤਾ, ਕਿਤਾਬਾਂ ਲਿਆ ਕੇ ਦਿਓ ਇਹਨੂੰ। ਜਦੋਂ ਉਹਨਾਂ ਇਹ ਕਿਹਾ ਤੇ ਮੇਰਾ ਜੀਅ ਬੇ ਇਖ਼ਤਿਆਰ ਰੋਅ ਪਿਆ:

ਅਸ਼ੀਅਤੋਂ ਕੇ ਤਮਾਮ ਨਿਸ਼ਤਰ,

ਮੇਰੀ ਰਗੋਂ ਮੇਂ ਉਤਾਰ ਕਰ ਵੋਹ,

ਬੜੀ ਮੁਹੱਬਤ ਸੇ ਪੂਛਤਾ ਹੈ,

ਤੁਮਹਾਰੀ ਆਂਖੋਂ ਕੋ ਕਿਆ ਹੁਆ?

ਚਲੋ, ਜਿਹਦੇ ਹੱਥੋਂ ਮਰੇ ਹਾਂ, ਕਫ਼ਨ ਦਫ਼ਨ ਵੀ ਉਹਦੇ ਹੱਥੋਂ ਹੀ ਹੋਣ ਦਿਓ। ਮੈਂ ਕੁਝ ਨਾ ਬੋਲੀ। ਪਰ ਜਦੋਂ ਕਿਤਾਬਾਂ ਲਿਆਣ ਦੀ ਜ਼ਿੰਮੇ ਵਾਰੀ ਵੀ ਭਾਈ ਹੁਰਾਂ ਨੇ ਹੀ ਚੁੱਕ ਲਈ ਤੇ ਮੇਰੇ ਕੋਲੋਂ ਰਿਹਾ ਨਾ ਗਿਆ।

--- ਪੇਂਟਿੰਗ/pai nt i ng ਤੇ ਕੋਈ ਕਿਤਾਬ ਲਿਆ ਦੇਣਾ।

ਮੈਂ ਆਪਣੇ ਵਲੋਂ ਬੜੀ ਟੌਂਟ ਮਾਰੀ ਸੀ ਕਿ ਇੱਕ ਅੰਨ੍ਹੀ ਲਈ ਪੇਂਟਿੰਗ ਦੀ ਕੇਹੜੀ ਬ੍ਰੇਲ ਕਿਤਾਬ ਲੈ ਕੇ ਆਣ ਗੇ। ਉਹਨਾਂ ਜਦੋਂ ਖ਼ੁਸ਼ੀ ਖ਼ੁਸ਼ੀ ਹਾਮੀ ਭਰ ਲਈ ਤੇ ਮੈਨੂੰ ਉਹਨਾ ਦੀ ਈਂਨਸੈਨਸੇਟਿਵਿਟੀ/i nsensi t i vi t y ਤੇ ਦੁੱਖ ਹੋਇਆ। ਕੋਈ ਗੱਲ ਨ੍ਹੀਂ, ਮੈਂ ਸੋਚਿਆ, ਕਿਤਾਬ ਲੱਭਣ ਗੇ ਤੇ ਇਹਸਾਸ ਹੋ ਜਾਵੇ ਗਾ ਕੇ ਮੈਂ ਕੀ ਮੰਗਿਆ ਹੈ, ਤੇ ਕਿਉਂ। ਫਿਰ ਉਹਨਾਂ ਪਤਾ ਲੱਗੂ ਬਈ ਮੇਰੇ ਨਾਲ ਕੀਤਾ ਕੀ ਹੈ।

ਦੋ ਦਿਨਾਂ ਬਾਅਦ ਮੇਰੇ ਹੱਥ ਇੱਕ ਕਿਤਾਬ ਲਾ ਫੜਾਈ ਤੇ ਮੈਂ ਹਿਰਾਨ ਹੋ ਗਈ। ਬ੍ਰੈਲ ਵਿਚ ਪੇਂਟਿੰਗਜ਼ ਉੱਤੇ ਕੇਹੜੀ ਕਿਤਾਬ ਫੜ ਲਿਆਂਦੀ ਸੀ? ਮੈਂ ਚੁਪ ਕਰ ਕੇ ਫੜ ਲਈ।

ਰਾਤੀ ਖੋਲੀ ਤੇ ਕਿਤਾਬ ਤੇ ਜਿਵੇਂ ਮੈਨੂੰ ਨਿਗਲ ਹੀ ਗਈ। ਸਾਈਂਨਜ਼ ਐਂਡ ਸਿੰਬਲ੍ਜ਼ ਇੰਨ ਆਰਟ/signs and symbols in art ਦੀ ਕਿਤਾਬ ਸੀ।

ਅਗਲਾ ਸਾਰਾ ਮਹੀਨਾ ਮੈਂ ਕਿਤਾਬ ਵਿੱਚ ਹੀ ਖੁੱਬੀ ਰਹੀ।

ਇੱਕ ਦਿਨ ਆਮਿਰ ਭਾਈ ਮਿਲਣ ਆਏ ਤੇ ਫਿਰ ਉਹੀ ਗੱਲਾਂ ਛੋਹ ਲਈਆਂ, ਵੇਖਣਾ ਅੱਖਾਂ ਦਾ ਕੰਮ ਨ੍ਹੀਂ। ਮੈਂ ਜਾਣ ਬੁੱਝ ਕਿ ਚੁਪ ਵੱਟੀ ਰੱਖੀ, ਹੂੰ ਹਾਂ ਵੀ ਨਾ ਕੀਤੀ। ਥੋੜੇ ਚਿਰ ਵਿੱਚ ਹੀ ਉਹਨਾ ਇਹਸਾਸ ਹੋ ਗਿਆ ਕਿ ਮੈਂ ਗੱਲ ਨ੍ਹੀਂ ਕਰ ਰਹੀ। ਉਹ ਵੀ ਚੁਪ ਕਰ ਗਏ।

--- ਆਮਿਰ ਭਾਈ, ਤੁਸੀਂ ਸਿਗਰਟ ਪਏ ਪੀਂਦੇ ਓ?

--- ਹਾਂ, ਬੰਦ ਕਰ ਦਿਆਂ?

--- ਅੱਧਾ ਹੋ ਗਿਆ ਏ ਨਾਂ?

--- ਹਾਂ।

--- ਸੂਾਹ ਨ੍ਹੀਂ ਝਾੜੀ ਤੁਸੀਂ, ਡਿਗ ਜਾਏ ਗੀ।

--- ਓਹ, ਹਾਂ। ਬੁਝਾ ਦੇਂਦਾ ਆਂ।

--- ਰੈਹਣ ਦਿਓ। ਅੱਗ ਤੇ ਰੱਬੀ ਏ। ਕਫ਼ਨੀ ਕਾਗ਼ਜ਼ ਵਿੱਚ ਵਲ੍ਹੇਟੇ ਤੰਬਾਕੂ ਨੂੰ ਮੋਈ ਸੂਾਹ ਬਣਾਈ ਜਾਂਦੀ ਏ। ਦਮਾਗ਼ੀ ਅੱਖ ਦੀ ਬਾਰੀ ਥਾਨੀਂ ਅੱਗ ਮੇਰੇ ਭੀਤਰ ਵੜੀ ਜਾਂਦੀ ਏ। ਜੀਵਨ ਤੇ ਮੋਈ ਸ਼ੈਵਾਂ ਦੇ ਪਰਾਂ ਤੇ ਪਖ਼ਦਾ ਏ। ਜਦ ਜੀਵਨ ਦਾ ਅੰਤ ਮੌਤ ਈ ਏ ਤੇ ਦੋਵੇਂ ਮੋਢਿਆਂ ਤੇ ਮੌਤ ਚੁੱਕ ਕਿ ਐਹ ਦੋ ਘੜੀ ਦਾ ਤਮਾਸ਼ਾ ਵੇਖਣ ਦਾ ਕੀ ਸੂਾਦ? ਜੀਵਨ ਤੇ ਵੀ ਮੌਤ ਦਾ ਪਰਛਾਵਾਂ ਏ। ਮੈਂ ਵੀ ਇੱਕ ਸਿਗਰਟ ਆਂ। ਜਿੰਦੜੀ ਦਾ ਸ਼ੋਅਲਾ ਭੱਖ਼ਣ ਲਈ ਮੇਰੀ ਹੋਂਦ ਯੱਧੀ ਜਾਂਦਾ ਏ। ਜਿੰਦੜੀ ਦੇ ਸੂਟੇ ਨੇ ਮੈਨੂੰ ਅਸਲੀ ਦੁਨੀਆਂ ਤੋਂ ਕੱਢ ਕੇ ਕੁਆਂਟਮ ਮਕੈਨਿਕ੍ਸ/quantum mechanics ਦੀ ਜਾਦੂ ਨਗਰੀ ਵਿੱਚ ਜਾ ਸੁਟਣਾ ਏ। ਦੋ ਮੌਤਾਂ ਵਿਚਕਾਰ ਘੜੀ ਲਈ ਭਖ਼ਦਾ, ਮੈਂ ਵੀ ਇੱਕ ਸਿਗਰਟ ਈ ਆਂ।

ਦੋ ਕੂ ਮਿੰਟ ਖ਼ਾਮੋਸ਼ੀ ਰਹੀ।

--- ਓਹ, ਸੂਾਹ ਡਿਗ ਗਈ।

ਅਖ਼ੀਰ ਆਮਿਰ ਭਾਈ ਦੀ ਘੁੱਟੀ ਘੁੱਟੀ ਆਵਾਜ਼ ਆਈ।

# ਫ਼ਰਿੱਜ ਵਿੱਚ ਪਿਆ ਟਮਾਟਰ

ਮੈਂ ਕਿਸੇ ਨੂੰ ਦਸਦਾ ਨਹੀਂ। ਜੇ ਦਸ ਦਿੱਤਾ ਤੇ ਇਹਨਾਂ ਮੈਨੂੰ ਰੱਸੇ ਪਾ ਕੇ ਪਾਗਲਾਂ ਦੇ ਡਾਕਟਰ ਕੋਲ਼ ਲੈ ਜਾਣਾ ਹੈ, ਜਿਹਨੇ ਦਵਾਈਆਂ ਖਵਾ ਖਵਾ ਕੇ ਮੇਰੀ ਮੱਤ ਮਾਰ ਛੱਡਣੀ ਹੈ। ਡਾਕਟਰ ਜੋ ਪਾਗਲਾਂ ਦਾ ਹੋਇਆ। ਇਸੇ ਲਈ ਮੈਂ ਇਹਨਾਂ ਨੂੰ ਦਸਦਾ ਨਹੀਂ ਬਈ ਮੈਂ ਠੀਕ ਹੋ ਗਿਆ ਵਾਂ। ਇਹ ਸਾਰੇ ਪਾਗਲ ਜੋ ਹੈਣ। ਇਹਨਾਂ ਨੂੰ ਪਤਾ ਲੱਗ ਗਿਆ ਤੇ ਇਹਨਾਂ ਨੇ ਮੈਨੂੰ ਫਿਰ ਪਾਗਲ ਕਰ ਛੱਡਣਾ ਹੈ।

ਮੈਨੂੰ ਪਹਿਲਾਂ ਹੀ ਲੱਗਣ ਲੱਗ ਪਿਆ ਸੀ ਬਈ ਇਹਨਾਂ ਨੂੰ ਕੁੱਝ ਸ਼ੱਕ ਜਿਹਾ ਪੈ ਗਿਆ ਹੈ। ਕਈ ਵਾਰੀ ਇੰਜ ਹੁੰਦਾ ਕਿ ਦੋ ਤਿੰਨ ਜੀਅ ਖੁਸਰ ਫੁਸਰ ਪਏ ਕਰਦੇ ਹੁੰਦੇ, ਤੇ ਮੈਨੂੰ ਵੇਖਦੇ ਹੀ ਚੁੱਪ ਚਾਂ। ਉੱਤੋਂ ਜੇ ਮੈਂ ਗ਼ੌਰ ਨਾਲ਼ ਵੇਖਦਾ ਤੇ ਅੱਗੋਂ ਓਹ ਵੀ ਮੈਨੂੰ ਗ਼ੌਰ ਗ਼ੌਰ ਨਾਲ਼ ਵੇਖਣ ਲੱਗ ਪੈਂਦੇ।

ਕਲ ਤਾਂ ਹੱਦ ਹੀ ਹੋ ਗਈ। ਮੈਂ ਫ਼ਰਿੱਜ ਵਿੱਚ ਪਏ ਟਮਾਟਰ ਨਾਲ਼ ਗੱਲਾਂ ਪਿਆ ਕਰਦਾ ਸਾਂ, ਤੇ ਉੱਤੋਂ ਅੱਬਾ ਜੀ ਆ ਗਏ। ਪਹਿਲਾਂ ਤੇ ਮੈਨੂੰ ਇੱਕ ਦੋ ਵਾਰੀ ਅਰਾਮ ਨਾਲ਼ ਪੁੱਛਿਆ ਬਈ ਮੈਂ ਕਿਦੇ ਨਾਲ਼ ਗੱਲਾਂ ਪਿਆ ਕਰਦਾਂ ਸਾਂ। ਖ਼ਵਰੇ ਕਦੋਂ ਦੇ ਮੇਰੇ ਪਿੱਛੇ ਖਲੋ ਕੇ ਮੇਰੀਆਂ ਤੇ ਟਮਾਟਰ ਦੀਆਂ ਗੱਲਾਂ ਪਏ ਸੁਣਦੇ ਸਨ। ਜਦੋਂ ਮੈਂ ਕੁੱਝ ਨਾ ਦੱਸਿਆ ਤੇ ਮੇਰੇ ਮੋਢੇ ਫੜ ਕੇ ਜ਼ੋਰ ਜ਼ੋਰ ਦੀ ਮੈਨੂੰ ਝਟਕੇ ਮਾਰਨ ਲੱਗ ਪਏ, ਉੱਤੋਂ ਚੀਕਣ ਲੱਗ ਪਏ, ਦਸ, ਦਸ, ਕਿਦੇ ਨਾਲ਼ ਗੱਲਾਂ ਪਿਆ ਕਰਨਾ ਸਾਂ?

ਮੈਂ ਫਿਰ ਵੀ ਕੁੱਝ ਨਾ ਦੱਸਿਆ। ਹੁਣ ਮੈਂ ਬੇਲੀਆਂ ਨਾਲ਼ ਕੀਤੀਆਂ ਗੰਦੀਆਂ ਗੱਲਾਂ ਕਿਸ ਤਰ੍ਹਾਂ ਦਸਦਾ ਅੱਬੇ ਨੂੰ? ਮੈਂ ਤੇ ਟਮਾਟਰ ਨੂੰ ਪਿਆ ਦਸਦਾ ਸਾਂ ਕਿ ਮੇਰਾ ਮੂਤਰ ਵੀ ਹੁਣ ਮੇਰੇ ਕਹਿਣ ਵਿੱਚ ਨਹੀਂ ਰਿਹਾ। ਧਾਰ ਮੈਂ ਸੱਜੇ ਪਾਸੇ ਨੂੰ ਮਾਰਾਂ ਤੇ ਜਾਂਦੀ ਖੱਬੇ ਪਾਸੇ ਨੂੰ ਹੈ। ਮੈਂ ਇੱਕ ਦਿਨ ਓਹਨੂੰ ਤ੍ਰਾਹਿਆ ਵੀ ਸੀ, ਪਰ ਅਜੇ ਮੈਂ ਛਿਤਰੌਲ ਕਰਨਾ ਹੀ ਪਿਆ ਸਾਂ ਕਿ ਲੋਕੀ ਜ਼ੋਰ ਜ਼ੋਰ ਦੀ ਬੂਹਾ ਪਿੱਟਣ ਲੱਗ ਪਏ। ਮੈਂ ਘਾਬਰ ਕੇ ਚੁੱਪ ਕਰ ਗਿਆ ਕਿ ਫਿਰ ਪੁੱਛਣ ਗੇ ਕਿਦੇ ਉੱਤੇ ਪਿਆ ਚੀਕਨਾਂ ਸਾਂ? ਹੁਣ ਕੀ ਦੱਸਾਂ ਗਾ ਮੈਂ ਇਹਨਾਂ ਪਾਗਲਾਂ ਨੂੰ? ਬੱਸ ਉਸ ਦਿਨ ਦਾ ਤੇ ਮੂਤਰ ਵੀ ਮੇਰਾ ਪਿਓ ਬਣਿਆ ਖਲੋਤਾ ਹੈ। ਕਦੇ ਇੱਧਰ ਤੇ ਕਦੇ ਉੱਧਰ, ਕਦੇ ਇੱਧਰ ਤੇ ਕਦੇ ਉੱਧਰ।

ਮੈਂ ਟਮਾਟਰ ਨੂੰ ਇਹ ਵੀ ਦੱਸਿਆ ਸੀ ਬਈ ਕਿਸ ਤਰ੍ਹਾਂ ਇੱਕ ਦਿਨ ਮੇਰੇ ਹੱਥ ਨੇ ਇੰਜ ਹੀ ਮੈਨੂੰ ਕਿੰਨਾ ਸਤਾਇਆ ਸੀ। ਟੁੱਕਰ ਖਾਂਦੇ ਖਾਂਦੇ ਮੈਂ ਪਾਣੀ ਪੀਣ ਲਈ ਗਲਾਸ ਫੜਨ ਲੱਗਾ ਤੇ ਓਹਨੇ ਕਾਂਟਾ ਫੜ ਲਿਆ। ਜੀ ਤੇ ਮੇਰਾ ਕੀਤਾ ਇੱਕ ਵਾਰੀ ਕੁੱਟ ਸੁੱਟਾਂ ਹਰਾਮਦੇ ਨੂੰ, ਪਰ ਸਾਰੇ ਜੀਅ ਨਾਲ਼ ਹੀ ਬੈਠੇ ਖਾਣਾ ਪਏ ਖਾਂਦੇ ਸਨ। ਓਸ ਵੇਲੇ ਤੇ ਮੈਂ ਓਹਨੂੰ ਝਿੜਕ ਵੀ ਨਹੀਂ ਸਾਂ ਸਕਦਾ, ਕਿਉਂਜੇ ਸਾਰੇ ਪਾਗਲਾਂ ਨੇ ਫਿਰ ਕੱਠੇ ਹੋ ਜਾਣਾ ਸੀ ਕਿ ਕਿਦੇ ਨਾਲ਼ ਗੱਲਾਂ ਪਿਆ ਕਰਨਾ ਏਂ? ਸਾਲ਼ਾ ਮੇਰੀ ਤੇ ਸੁਣੇ ਈ ਕੋਈ ਨਾ। ਮੈਂ ਤੇ ਇਸ ਜੋਗਾ ਵੀ ਨਾ ਰਹਿ ਗਿਆ ਬਈ ਹੱਥ ਕਾਂਟੇ ਤੋਂ ਛਿੰਕ ਕੇ ਮੁੜ ਟੁੱਕਰ ਈ ਖਾਣ ਲੱਗ ਪੈਂਦਾ। ਹੱਥ ਓਥੇ ਹੀ ਜੂ ਜੰਮ ਗਿਆ ਸੀ। ਕੁੱਝ ਚਿਰ ਹੱਥ ਓਥੇ ਹੀ ਜੰਮਿਆ ਰਿਹਾ ਤੇ ਸਭ ਮੇਰੇ ਵੱਲ ਵੇਖਣ ਲੱਗ ਪਏ। ਸੀਨ ਓਸ ਵੇਲੇ ਕੁੱਝ ਇਸ ਤਰ੍ਹਾਂ ਦਾ ਬਣ ਗਿਆ ਸੀ ਕਿ ਮੈਂ ਵੀ ਫਿਰ ਓਨ੍ਹਾਂ ਵੱਲ ਬਿਟਰ ਬਿਟਰ ਵੇਖਣ ਲੱਗ ਪਿਆ। ਵਾਹਵਾ ਹੀ ਚਿਰ ਹੋ ਗਿਆ ਇਸ ਤਰ੍ਹਾਂ ਇੱਕ ਦੂਜੇ ਨੂੰ ਵੇਖਦਿਆਂ ਜਦੋਂ ਅਚਾਨਚੱਕ ਮੈਨੂੰ ਜਾਪਿਆ ਬਈ ਹੱਥ ਠੀਕ ਹੋ ਗਿਆ ਸੀ। ਮੈਂ ਚੁੱਪ ਕਰ ਕੇ ਹੱਥ ਕਾਂਟੇ ਤੋਂ ਛਿੱਕ ਕੇ ਟੁੱਕਰ ਖਾਣ ਲੱਗ ਪਿਆ। ਅੱਖਾਂ ਮੈਂ ਆਪਣੀ ਪਲੇਟ ਵਿੱਚ ਗੱਡ ਲਈਆਂ ਤੇ ਸਾਰਿਆਂ ਦੀਆਂ ਆਪਣੇ ਤੇ ਗੱਡੀਆਂ ਅੱਖਾਂ ਝਟਕਣ ਲਈ ਜ਼ੋਰ ਜ਼ੋਰ ਦੇ ਝਟਕੇ ਮਾਰ ਮਾਰ ਕੇ ਬੁਰਕੀਆਂ ਚੱਬਣ ਲੱਗ ਪਿਆ।

ਅੱਗੋਂ ਟਮਾਟਰ ਵਿਚਾਰਾ ਆਪਣੀ ਹੋਂਦ ਦੇ ਮਸਲਿਆਂ ਤੋਂ ਪ੍ਰੇਸ਼ਾਨ ਸੀ। ਓਹ ਮੈਨੂੰ ਪਿਆ ਦਸਦਾ ਸੀ ਕਿ ਤਿੰਨ ਦਿਨਾਂ ਤੋ ਓਹ ਫ਼ਰਿੱਜ ਵਿੱਚ ਪਿਆ ਸੀ ਤੇ ਓਹਦਾ ਜੁੱਸਾ ਨਰਮ ਪੈ ਗਿਆ ਸੀ। ਹੁਣ ਓਹਨੇ ਕੂੜੇ ਵਿੱਚ ਹੀ ਜਾਣਾ ਸੀ। ਕਹਿੰਦਾ ਸੀ ਨਾ ਓਹਨੇ ਕੀੜੇ ਦਾ ਢਿੱਡ ਭਰਿਆ ਨਾ ਪਖੇਰੂ ਦਾ, ਤੇ ਨਾ ਹੀ ਹੁਣ ਬੰਦੇ ਦਾ। ਓਹਦੀ ਜਿੰਦੜੀ ਦਾ ਮਕਸਦ ਕੀ ਸੀ? ਇਹ ਗੱਲ ਸੁਣ ਕੇ ਸੱਚੀ ਮੈਨੂੰ ਬੜਾ ਰੋਣਾ ਆਇਆ। ਪਰ ਮੈਂ ਡੱਕ ਗਿਆ। ਮੈਂ ਸੋਚਿਆ ਜੇ ਮੈਂ ਰੋਅ ਪਿਆ ਤੇ ਟਮਾਟਰ ਨੇ ਵੀ ਰੋਣ ਲਗ ਪੈਣਾ ਹੈ, ਤੇ ਓਹਦਾ ਰੋਣਾ ਨਹੀਂ ਸੀ ਵੇਖਿਆ ਜਾਣਾ ਮੇਰੇ ਕੋਲੋਂ। ਮੈਂ ਟਮਾਟਰ ਨੂੰ ਕੁਤ ਕੁਤਾਰੀਆਂ ਕਰ ਕੇ ਹਸਾਨਾ ਹੀ ਪਿਆਂ ਸਾਂ ਜਦੋਂ ਪਿੱਛੋਂ ਅੱਬੇ ਨੇ ਮੇਰੀ ਧੌਣ ਫੜ ਲਈ ਸੀ।

ਤੇ ਅੱਜ ਸਵੇਰ ਫਿਰ ਸਾਰੇ ਦੇ ਸਾਰੇ ਜੀਅ ਮੇਰੇ ਦੁਆਲੇ ਹੋ ਖਲੋਤੇ। ਮੈਂ ਓਹਨਾ ਨੂੰ ਤੇ ਕੁੱਝ ਵੀ ਨਹੀਂ ਸਾਂ ਪਿਆ ਕਹਿੰਦਾ। ਮੈਂ ਤੇ ਆਪਣੇ ਢਿੱਡ ਨਾਲ਼ ਪਿਆ ਲੜਦਾ ਸਾਂ। ਓਹ ਗਾਜਰ ਦਾ ਹਲਵਾ ਹੀ ਨਹੀਂ ਸੀ ਪਿਆ ਹਜ਼ਮ ਕਰਦਾ। ਅੱਧੀ ਰਾਤੀਂ ਪਹਿਲਾਂ ਤੇ ਮੈਨੂੰ ਸੁੱਤੇ ਪਏ ਨੂੰ ਉਠਾ ਜਗਾਇਆ। ਮੈਂ ਕਰਵਟ ਲੈ ਲਈ ਤੇ ਸਗੋਂ ਰੋਣ ਲੱਗ ਪਿਆ। ਕਹਿਣ ਲੱਗਾ ਮੈਂ ਇਕੱਲਾ ਆਂ, ਮੈਨੂੰ ਡਰ ਪਿਆ ਆਉਂਦਾ ਹੈ। ਮੈਨੂੰ ਤਰਸ ਆ ਗਿਆ। ਫ਼ਰਿੱਜ ਵਿੱਚ ਹਲਵਾ ਪਿਆ ਵੇਖ ਕੇ ਨਿਆਣਿਆਂ ਵਾਂਗੂੰ ਕਲਪਣ ਲੱਗ ਪਿਆ ਬਈ ਮੈਂ ਇਹੋ ਲੈਣਾ ਹੈ। ਮੈਂ ਉਸੇ ਵੇਲੇ ਆਖ ਦਿੱਤਾ ਸੀ ਬਈ ਮੈਂ ਇਸ ਵੇਲੇ ਕੋਈ ਗਰਮ ਸ਼ਰਮ ਨਹੀਂ ਊ ਕਰਨਾ। ਅੱਗੇ ਹੀ ਅੱਖਾਂ ਨੂੰ ਤੇਰੇ ਡਰ ਦਾ ਵਾਸਤਾ ਦੇ ਕੇ ਔਖਤ ਨਾਲ਼ ਖੁਲਾਇਆ ਹੈ, ਉਹ ਤੇ ਘੜੀ ਮੁੜੀ ਬੰਦ ਹੋਣ ਨੂੰ ਫਿਰਦੀਆਂ ਨੇਂ। ਓਸ ਵੇਲੇ ਤੇ ਹਲਵਾ ਵੇਖ ਕੇ ਛਾਲਾਂ ਪਿਆ ਮਾਰਦਾ ਸੀ ਬਈ ਮੇਰਾ ਮਿਲਨ ਕਰਾ ਦੇ, ਮੈਂ ਇਹਦੇ ਨਾਲ਼ ਹੀ ਜੱਫੀ ਪਾ ਕੇ ਸੌਣਾ ਹੈ। ਜਦ ਮੈਂ ਸਵੇਰੇ ਉਠਿਆ ਤੇ ਪਿੱਟ

ਸਿਆਪਾ ਪਾਇਆ ਹੋਇਆ ਸੀ। ਕਹਿੰਦਾ ਸੀ ਇਸ ਹਲਵੇ ਨਾਲ਼ ਮੇਰੀ ਨਹੀਂ ਏ ਨਿਭਦੀ, ਕੱਢੋ ਇਹਨੂੰ ਇੱਥੋਂ। ਫਿਰ ਮੈਂ ਵੀ ਅੜ ਗਿਆ। ਮੈਂ ਕਿਹਾ ਜੋ ਵੀ ਹੈ, ਜਿਸ ਤਰ੍ਹਾਂ ਵੀ ਹੈ, ਹੁਣ ਨਿਭਾ। ਇਸੇ ਓਏ ਤੋਏ ਤੋਂ ਗੱਲ ਵਧਦੀ ਵਧਦੀ ਵੱਧ ਗਈ ਤੇ ਉਹਨੇ ਮੈਨੂੰ ਗਾਲ੍ਹ ਕੱਢ ਮਾਰੀ। ਮੈਨੂੰ ਵੀ ਫਿਰ ਤੱਪ ਚੜ੍ਹਨੀ ਹੀ ਸੀ। ਮੈਂ ਵੀ ਰੱਖ ਕੇ ਦੋ ਤਿੰਨ ਧੱਪੇ ਲਾ ਦਿੱਤੇ। ਤੇ ਨਾਲ਼ ਹੀ ਸਾਰੇ ਛਾਲਾਂ ਮਾਰਦੇ ਮੇਰੇ ਤੇ ਚੜ੍ਹ ਦੌੜੇ, ਤੇ ਫੜ ਕੇ ਮੈਨੂੰ ਇਸ ਕੰਮਰੇ ਵਿੱਚ ਡੱਕ ਦਿੱਤਾ।

ਮੈਂ ਚੁੱਪ ਕਰ ਕੇ ਫੜੀਚਾ ਗਿਆ ਤੇ ਅਰਾਮ ਨਾਲ਼ ਆ ਕੇ ਕੰਮਰੇ ਵਿੱਚ ਬਹਿ ਗਿਆ। ਬੂਹੇ ਨੂੰ ਤਾਲ਼ਾ ਮਾਰਦੇ ਵੀ ਮੈਂ ਕੁੱਝ ਨਾ ਕੀਤਾ। ਮੈਂ ਓਹਨਾ ਦੀਆਂ ਗੱਲਾਂ ਸੁਣ ਲੱਈਆਂ ਸਨ। ਕਹਿੰਦੇ ਪਏ ਸਨ ਇਹ ਤੇ ਪੂਰਾ ਈ ਪਾਗਲ ਹੋ ਚੱਲਾ ਹੈ, ਇਹਨੂੰ ਪਾਗਲ ਖ਼ਾਨੇ ਦਾਖ਼ਲ ਕਰਾ ਦਈਏ। ਉਹ ਤੇ ਬੇਬੇ ਨੇ ਰੌਲ਼ਾ ਪਾ ਦਿੱਤਾ ਤੇ ਮੈਨੂੰ ਇੱਥੇ ਬੰਦ ਕਰ ਗਏ। ਜੇ ਮੈਂ ਕੋਈ ਚੀਕ ਚਹਾੜਾ ਪਾਂਦਾ, ਯਾਂ ਖਿੱਚ ਧਰੂਕ ਕਰਦਾ ਤੇ ਲੈ ਜਾਂਦੇ ਮੈਨੂੰ ਪਾਗਲ ਖ਼ਾਨੇ।

ਦੁਪਹਿਰੇ ਆਏ ਸਨ ਜਦੋਂ ਮੈਨੂੰ ਪਾਣੀ ਟੁੱਕਰ ਦੇਣ ਤੇ ਪੁਛਦੇ ਸਨ। ਕੀ ਗੱਲ ਹੈ? ਕਿਦੇ ਨਾਲ਼ ਗੱਲਾਂ ਕਰਨਾ ਏਂ? ਕੀ ਲਗਦਾ ਹੈ? ਮੈਂ ਕੁੱਝ ਨਹੀਂ ਦੱਸਿਆ। ਪਾਗਲ ਜਹੇ। ਪਰ ਮੈਂ ਸਾਰੀਆਂ ਗੱਲਾਂ ਦਾਦੇ ਦੀ ਫੋਟੋ ਨੂੰ ਦੱਸ ਦਿੱਤੀਆਂ ਸਨ। ਉਹ ਅੱਗੋਂ ਹਸਦੀ ਸੀ। ਕਹਿੰਦੀ ਸੀ ਤੂੰ ਖ਼ਾਮਖ਼ਾਹ ਫ਼ਿਕਰ ਨਾ ਕਰਿਆ ਕਰ। ਟੁੱਕਰ ਤੇ ਰੱਬ ਸਭ ਨੂੰ ਦਿੰਦਾ ਹੈ। ਪਰ ਮੈਨੂੰ ਪਤਾ ਲੱਗ ਗਿਆ ਹੈ ਇਹ ਸਭ ਜੂਠ ਹੈ। ਰੱਬ ਸ਼ੱਬ ਕੋਈ ਨਹੀਂ ਹੁੰਦਾ। ਤੇ ਟੁੱਕਰ ਵੀ ਕੋਈ ਨਹੀਂ ਦਿੰਦਾ। ਟੁੱਕਰ ਆਪੇ ਖੋ ਕੇ ਲੇਣਾ ਪੈਂਦਾ ਹੈ। ਤੇ ਜਿਹਨੂੰ ਖੋਂਦੇ ਰੋਣਾ ਆਂਦਾ ਹੋਵੇ ਉਹ ਗੰਦੇ ਆਂਡੇ ਵਰਗਾ ਹੁੰਦਾ ਹੈ। ਅੱਬਾ ਕਹਿੰਦਾ ਹੈ ਮੈਨੂੰ ਗੰਦਾ ਆਂਡਾ। ਜਦ ਮੈਂ ਦਾਦੇ ਦੀ ਫੋਟੋ ਨੂੰ ਦੱਸਿਆ ਤੇ ਉਹ ਰੋਣ ਲੱਗ ਪਈ। ਮੈਨੂੰ ਬਹੁਤ ਪਿਆਰ ਕਰੇ ਤੇ ਨਾਲੇ ਆਖੇ ਤੂੰ ਤੇ ਸ਼ਹਿਜ਼ਾਦਾ ਏਂ, ਹੀਰਾ ਏਂ, ਤੇ ਨਾਲ਼ ਨਾਲ਼ ਰੋਂਦੀ ਵੀ ਜਾਏ। ਓਹਨੂੰ ਇਸ ਤਰ੍ਹਾਂ ਰੋਂਦਿਆਂ ਵੇਖ ਕੇ ਮੈਨੂੰ ਵੀ ਬਹੁਤ ਰੋਣਾ ਆਇਆ, ਪਰ ਮੈਂ ਰੋਇਆ ਕੋਈ ਨਾ। ਨਹੀਂ ਤਾਂ ਫਿਰ ਬਾਹਰੋਂ ਆਵਾਜ਼ਾਂ ਆਣੀਆਂ ਸਨ, ਰੋਣਾ ਕਿਉਂ ਏਂ?

# ਮਸ਼ੀਨੀ ਅੱਥਰੂ

ਉਹਦੀ ਰੋਬੋਟਿਕ ਗਰ੍ਲ ਫ਼ਰੈਂਡ/girl friend ਬਾਰਬੀ ਡੌਲ/doll ਨੇ ਸਵੇਰੇ ਓਹਨੂੰ ਜਗਾਇਆ, ਚਾਅ ਦੀ ਪਿਆਲੀ ਫੜਾਈ ਤੇ ਨਾਲੇ ਤਰੀਖ਼ ਦੱਸੀ, ਪਹਿਲੀ ਜਨਵਰੀ 2079ਈ.। ਉਹਨੇ ਪਿਆਲੀ ਫੜ ਲਈ ਤੇ ਬਾਰਬੀ ਨੇ ਅੱਗੇ ਹੋ ਕੇ ਉਹਦੇ ਬੁੱਲ੍ਹਾਂ ਦੀ ਚੁੰਮੀ ਲਈ, ਨਵਾਂ ਵਰ੍ਹਾ ਮੁਬਾਰਕ, ਬਾਰਬੀ ਨੇ ਮੁਸਕਾ ਕੇ ਓਹਨੂੰ ਨਵੇਂ ਵਰ੍ਹੇ ਦੀ ਵਧਾਈ ਦਿੱਤੀ। ਉਹ ਅਵਾਜ਼ਾਰ ਸੀ ਕਿਉਂਜੇ ਨੀਂਦ ਵਿੱਚ ਸੀ। ਜੇ ਤੇ ਉਹਦੀ ਕੋਈ ਇਨਸਾਨੀ ਗਰ੍ਲ ਫ਼ਰੈਂਡ ਹੁੰਦੀ ਤੇ ਓਹਨੂੰ ਨਾ ਚਾਹੁੰਦੇ ਹੋਏ ਵੀ ਅੱਗੋਂ ਮੁਸਕਾਣਾ ਪੈਂਦਾ ਤੇ ਗਰ੍ਲ ਫ਼ਰੈਂਡ ਨੂੰ ਜੱਫੀ ਪਾ ਕੇ ਨਵੇਂ ਵਰ੍ਹੇ ਦੀ ਵਧਾਈ ਦੇਣੀ ਪੈਂਦੀ, ਕਿਉਂਜੇ ਜੇ ਉਹ ਇਹ ਨਾ ਕਰਦਾ ਤੇ ਗਰ੍ਲ ਫ਼ਰੈਂਡ ਨੂੰ ਜਾਪਦਾ ਬਈ ਉਹ ਗਰ੍ਲ ਫ਼ਰੈਂਡ ਕੋਲੋਂ ਨਰਾਜ਼ ਹੈ। ਰੋਬੋਟਿਕ ਗਰ੍ਲ ਫ਼ਰੈਂਡ ਦਾ ਇਹੋ ਫ਼ੈਦਾ ਸੀ ਕਿ ਉਹਦੇ ਨਾਲ਼ ਇਸ ਤਰ੍ਹਾਂ ਦੇ ਝੂਟ ਮੂਠ ਦੇ ਲਾਡ ਨਹੀਂ ਕਰਨੇ ਪੈਂਦੇ। ਜੇ ਤੁਹਾਡਾ ਅਸਲੋਂ ਦਿਲ ਪਿਆ ਕਰਦਾ ਹੈ ਤੇ ਇਹਦੇ ਨਾਲ਼ ਪਿਆਰ ਕਰ ਲਵੋ, ਨਹੀਂ ਤਾਂ ਦਫ਼ਾ ਕਰੋ, ਉਹਨੇ ਭੈੜਾ ਨਹੀਂ ਮਨਾਣਾ। ਨਾ ਤੁਹਾਡੇ ਨਾਲ਼ ਨਰਾਜ਼ ਹੋਣਾ ਏ ਤੇ ਨਾ ਹੀ ਲੜਨਾ ਹੈ। ਇਸੇ ਲਈ ਓਹਨੂੰ ਇੰਨੀ ਚੰਗੀ ਲਗਦੀ ਸੀ, ਆਪਣੀ ਬਾਰਬੀ।

ਪੂਰਾ ਵਰ੍ਹਾ ਹੋ ਗਿਆ ਸੀ ਬਾਰਬੀ ਨੂੰ ਉਹਦੇ ਨਾਲ਼। ਉਹਦੇ ਯਾਰ ਬੇਲੀ ਤੇ ਜਦੋਂ ਵੀ ਰੋਬੋਟਿਕ ਗਰ੍ਲ ਫ਼ਰੈਂਡ ਯਾਂ ਨਿਆਣਾ ਯਾਂ ਕੁੱਤਾ ਸ਼ੁੱਤਾ ਲੈਂਦੇ ਤੇ ਆਰਡਰ ਤੇ ਬਣਵਾਂਦੇ; ਜੁੱਸਾ ਇਸ ਤਰ੍ਹਾਂ ਦਾ, ਸ਼ਕਲ ਇਸ ਤਰ੍ਹਾਂ ਦੀ, ਮਿਜ਼ਾਜ ਇਸ ਤਰ੍ਹਾਂ ਦਾ, ਸ਼ੌਂਕ ਇਸ ਤਰ੍ਹਾਂ ਦੇ। ਪਰ ਜਿਸ ਵੇਲੇ ਉਹ ਬਾਰਬੀ ਨੂੰ ਲੈਣ ਗਿਆ ਸੀ, ਬਹੁਤ ਉਦਾਸ ਸੀ। ਕੁਝ ਦਿਨ ਪਹਿਲਾਂ ਹੀ ਉਨ੍ਹਾਂ ਦੀ ਲੜਾਈ ਹੋਈ ਸੀ ਤੇ ਆਬਿਦਾ ਓਹਨੂੰ ਛੱਡ ਕੇ ਆਪਣੇ ਘਰ ਤੁਰ ਗਈ ਸੀ।

ਘਰ, ਹੂੰਹ! ਦਾਦਾ ਜੀ ਦਸਦੇ ਹੁੰਦੇ ਸਨ ਉਨ੍ਹਾਂ ਦਾ ਘਰ ਪੂਰੇ ਕਨਾਲ ਤੇ ਫੈਲਿਆ ਹੋਇਆ ਸੀ। ਸੌਣ ਦੇ ਕੰਮਰੇ ਵਖਰੇ ਸਨ, ਪਕਾਣ ਦੇ ਵਖਰੇ, ਗੱਪਾਂ ਮਾਰਨ ਦੇ ਵਖਰੇ। ਹੁਣ ਤੇ ਘਰ ਇੱਕ ਡੱਬੇ ਜਿੰਨਾ ਹੁੰਦਾ

ਏ। ਇੰਨਾ ਵੱਡਾ ਡੱਬਾ ਕਿ ਬੰਦਾ ਵਿਚਕਾਰ ਖਲੋ ਜਾਵੇ ਤੇ ਹਰ ਪਾਸੇ ਚਾਰ ਕਦਮ ਤੁਰ ਸਕਦਾ ਏ। ਇਸਤੋਂ ਵੱਧ ਥਾਂ ਦੀ ਲੋੜ ਵੀ ਕੋਈ ਨਹੀਂ ਸੀ। ਘਰ ਵਿੱਚ ਵੜਦੇ ਹੀ ਤੇ ਵਰਚੁਅਲ ਰਿਐਲਿਟੀ/virtual reality ਦੇ ਖੋਪੇ ਚਾੜ੍ਹ ਲਈ ਦੇ ਸਨ। ਫ਼ਿਰ ਘਰ ਉਸੀ ਤਰ੍ਹਾਂ ਦਾ ਤੇ ਉਨ੍ਹਾਂ ਈ ਵੱਡਾ ਜਾਪਦਾ ਸੀ ਜਿੰਨਾ ਕੰਪੀਊਟਰ/computer ਉੱਤੇ ਸੈੱਟ/set ਕੀਤਾ ਹੁੰਦਾ ਸੀ। ਭਾਵੇਂ ਜਿੰਨਾ ਮਰਜ਼ੀ ਤੁਰੇ ਫਿਰੋ, ਤੈਰਾਕੀ/swimming ਕਰੋ ਭਾਵੇਂ ਘੁੜ ਦੌੜ ਕਰੋ। ਆਪਣੀ ਥਾਂ ਤੇ ਬੈਠੇ ਬੈਠੇ ਹੀ ਸਭ ਕੁਝ ਹੋ ਜਾਂਦਾ ਸੀ।

ਆਬਿਦਾ ਨਾਲ਼ ਲੜਾਈ ਇਸੇ ਲਈ ਹੋਈ ਸੀ ਜਿਸ ਲਈ ਹਰ ਇਨਸਾਨੀ ਸਵਾਣੀ ਨਾਲ਼ ਇਨਸਾਨੀ ਬੰਦੇ ਦੀ ਹੁੰਦੀ ਹੈ। ਉਹ ਆਬਿਦਾ ਦਾ ਖ਼ਿਆਲ ਨਹੀਂ ਸੀ ਰਖਦਾ। ਓਹਨੂੰ ਟੈਮ/time ਨਹੀਂ ਸੀ ਦਿੰਦਾ। ਓਹਨੂੰ ਫ਼ੌਰ ਗਰਾਨਟਿਡ/for granted ਲੈਂਦਾ ਸੀ। ਉਹ ਆਬਿਦਾ ਨੂੰ ਟੈਮ ਵੀ ਦਿੰਦਾ ਸੀ, ਉਹਦਾ ਰੱਜ ਕੇ ਖ਼ਿਆਲ ਵੀ ਰਖਦਾ ਸੀ। ਉਹਨੇ ਆਬਿਦਾ ਨੂੰ ਬਥੇਰਾ ਸਮਝਾਇਆ ਕਿ ਬਈ ਉਹ ਆਬਿਦਾ ਨੂੰ ਫ਼ੌਰ ਗਰਾਨਟਿਡ ਨਹੀਂ ਲੈਂਦਾ, ਪਰ ਉਹ ਕਿੱਥੇ ਮੰਦੀ ਸੀ। ਹਰ ਵੇਲੇ ਛਿੰਝ ਪਾ ਕੇ ਰਖਦੀ।
--- ਤੂੰ ਮੇਰੇ ਲਈ ਕਦੀ ਫੁੱਲ ਨਹੀਂ ਲਿਆਂਦਾ, ਉਹ ਵੇਖ ਅਕਬਰ ਆਪਣੀ ਸਵਾਣੀ ਲਈ ਕੱਲ੍ਹ ਫੁੱਲ ਲੈ ਕੇ ਆਇਆ ਏ।

ਫ਼ਿਰ ਉਹ ਲੈ ਵੀ ਆਂਦਾ ਤੇ ਕਹਿੰਦੀ,

--- ਇਹ ਤੇ ਤੂੰ ਮੇਰੇ ਕਹਿਣ ਤੇ ਲਿਆਂਦੇ ਨੇਂ, ਆਪੋ ਤੇ ਨਹੀਂ ਲਿਆਏ ਨਾ?

ਚਲੋ ਜੀ। ਹੁਣ ਫ਼ਿਰ ਇਨ੍ਹਾਂ ਗੱਲਾਂ ਉੱਤੇ ਉਹ ਖਿਝਦਾ ਨਾ ਤੇ ਹੋਰ ਕੀਹ ਕਰਦਾ? ਫ਼ਿਰ ਆਬਿਦਾ ਨੂੰ ਸ਼ਕੈਤ ਸੀ ਕਿ ਉਹ ਸਾਰਾ ਸਾਰਾ ਦਿਨ ਵਰਚੁਅਲ ਖੋਪੇ ਚਾੜ੍ਹ ਕੇ ਕੋਹ-ਏ-ਕਾਫ਼ ਵੜਿਆ ਰਹਿੰਦਾ ਸੀ, ਆਬਿਦਾ ਨਾਲ਼ ਗੱਲਾਂ ਨਹੀਂ ਸੀ ਕਰਦਾ। ਉਹ ਆਬਿਦਾ ਨਾਲ਼ ਗੱਲਾਂ ਕਰਨ ਦੀ ਕੋਸ਼ਿਸ਼ ਕਰਦਾ ਸੀ। ਸਿਰ ਤੋੜ ਕੋਸ਼ਿਸ਼। ਪਰ ਬੰਦਾ ਹੁਣ ਸਵਾਣੀ ਨਾਲ਼ ਕਿੰਨੀਆਂ ਗੱਲਾਂ ਕਰ ਸਕਦਾ ਸਹੈ? ਪੁਰਖ ਚੰਗੇ ਸਨ, ਸਵੇਰੇ ਸਵੇਰੇ ਹੀ ਕੰਮ ਤੇ ਤੁਰ ਜਾਂਦੇ। ਸਾਰਾ ਦਿਨ ਬਾਹਰ ਰਹਿੰਦੇ ਤੇ ਸਵਾਣੀਆਂ ਤੋਂ ਬਚੇ ਰਹਿੰਦੇ। ਸਵਾਣੀਆਂ ਨੂੰ ਵੀ ਸਾਰਾ ਦਿਨ ਕੰਮ ਕਰਨੇ ਪੈਂਦੇ, ਬੱਚਿਆਂ ਨਾਲ਼ ਖਪਣਾ ਪੈਂਦਾ। ਸ਼ਾਮੀ ਜਦੋਂ ਮਿਲਦੇ ਤੇ ਦੋਵੇਂ ਜਣੇ ਹੀ ਥੱਕੇ ਟੁੱਟੇ ਹੁੰਦੇ। ਥੋੜੀਆਂ ਬਹੁਤੀਆਂ ਗੱਲਾਂ ਕਰ ਕੇ ਸੌਂ ਜਾਂਦੇ। ਪਰ ਹੁਣ ਤੇ ਇਹ ਹਿਸਾਬ ਨਹੀਂ ਸੀ ਰਹਿ ਗਿਆ। ਜਦੋਂ ਦਾ ਇਹ ਏ-ਆਈ/AI ਯਾਨੀ ਬਣਾਵਟੀ ਸਿਆਣ ਦਾ ਇਨਕਲਾਬ ਆਇਆ ਸੀ, ਸਾਰਾ ਨਿਜ਼ਾਮ ਹੀ ਪੁੱਠਾ ਹੋ ਗਿਆ ਸੀ। ਤਵਾਨਾਈ/ener gy ਦਾ ਕੋਈ ਮਸਅਲਾ ਨਹੀਂ ਸੀ ਰਹਿ ਗਿਆ। ਵੱਡੀਆਂ ਵੱਡੀਆਂ ਫ਼ੈਕਟਰੀਆਂ ਦੀ ਲੋੜ ਕੋਈ ਨਹੀਂ ਸੀ ਰਹੀ, ਕਿਉਂਜੇ ਹਰ ਦੁਕਾਨ ਉੱਤੇ ਨਿੱਕੇ ਨਿੱਕੇ ਥ੍ਰੀ ਡੀ ਪ੍ਰਿੰਟਰ/3D pr i nt er ਪਏ ਸਨ, ਜਿਹੜੀ ਸ਼ੈਅ ਚਾਹੀਦੀ ਏ, ਸਕਿੰਟਾਂ ਵਿੱਚ ਬੰਨ੍ਹ ਕੇ ਬੰਦੇ ਦੇ ਹੱਥ ਫੜਾਂਦੇ ਸਨ। ਕੰਪੀਊਟਰ ਇੰਨਾ ਸਿਆਣਾ ਹੋ ਗਿਆ ਸੀ ਕਿ ਖੇਤੀ ਵਾੜੀ ਤੋਂ ਲੈ ਕੇ ਤਿਜਾਰਤ ਤੀਕਰ ਹਰ ਕੰਮ ਰੋਬੋਟ ਹੀ ਕਰਦੇ ਸਨ। ਪੜ੍ਹਨ ਲਿੱਖਣ ਦਾ ਵੀ ਕੋਈ

ਮਸਅਲਾ ਨਹੀਂ ਸੀ ਰਹਿ ਗਿਆ, ਡਾਕਟਰ, ਇਨਜੀਨੀਅਰ, ਵਕੀਲ, ਜੱਜ, ਕਿਸੇ ਪੇਸ਼ੇ ਵਿੱਚ ਇਨਸਾਨ ਦੀ ਲੋੜ ਕੋਈ ਨਹੀਂ ਸੀ ਰਹਿ ਗਈ। ਇੰਜ ਜਿੰਨੀ ਤਾਲੀਮ ਦਰਬਾਰ ਮੁਨਾਸਿਬ ਸਮਝਦਾ, ਬਾਲਾਂ ਨੂੰ ਦਿਮਾਗ਼ ਵਿੱਚ ਕੰਪੀਊਟਰ ਚਿੱਪ ਥਾਣੀ ਦੋ ਮਿੰਟਾਂ ਵਿੱਚ ਦੇ ਦਿੰਦਾ। ਦਰਬਾਰ ਵਿੱਚ ਉਹ ਦਸ ਹਜ਼ਾਰ ਬੰਦਾ ਹੁੰਦਾ ਸੀ ਜਿਹੜਾ ਦੁਨੀਆ ਦਾ ਹਰ ਇਨਸਾਨੀ ਫ਼ੈਸਲਾ ਕਰਦਾ ਸੀ। ਜਿਸ ਤਰ੍ਹਾਂ ਪੁਰਾਣਿਆਂ ਜ਼ਮਾਨਿਆਂ ਦਾ ਬਾਤਸ਼ਾਹ ਤੇ ਉਹਦਾ ਦਰਬਾਰ ਹੁੰਦਾ ਸੀ। ਹੁਣ ਫ਼ਿਰ ਬੰਦੇ ਨੇ ਸਾਰਾ ਦਿਨ ਕੀ ਕਰਨਾ ਸੀ? ਤਨਖ਼ਾਹ ਹਰ ਬੰਦੇ ਦੇ ਕਾਰ੍ਡ ਵਿੱਚ ਹਰ ਹਫ਼ਤੇ ਆਪਣੇ ਆਪ ਹੀ ਆ ਜਾਂਦੀ ਸੀ। ਉਹਦੇ ਵਿੱਚ ਹੀ ਖਾਣਾ ਪਾਣਾ ਕਰਨਾ ਹੁੰਦਾ ਸੀ। ਆਰਡਰ ਕਰੋ ਖਾਣਾ ਘਰ ਅੱਪੜ ਜਾਂਦਾ ਸੀ। ਜੀਅ ਕਰੇ ਤੇ ਬਾਹਰ ਜਾ ਕੇ ਖਾ ਆਓ। ਹਫ਼ਤੇ ਲਈ ਵਾਹਵਾ ਪੈਸੇ ਹੁੰਦੇ ਸਨ। ਘਰ ਦਰਬਾਰ ਵੱਲੋਂ ਲਭਦਾ ਸੀ ਤੇ ਬਾਲ ਜੰਮਣ ਦੀ ਇਜਾਜ਼ਤ ਵੀ। ਕਦੀ ਕਧਾਰ ਬਾਹਰ ਵੀ ਜਾਈਦਾ ਸੀ, ਪਰ ਜਦੋਂ ਵਰਚੁਅਲ ਖੋਪੇ ਚਾੜ੍ਹ ਕੇ ਬੰਦਾ ਉਹ ਸੱਭ ਕੁਝ ਕਰ ਸਕਦਾ ਸੀ ਜੋ ਉਹ ਚਾਹੁੰਦਾ ਸੀ, ਤੇ ਫ਼ਿਰ ਬਾਹਰ ਕੀ ਲੈਣ ਜਾਣਾ ਸੀ?

ਪਰ ਆਬਿਦਾ ਨੂੰ ਇਹ ਸੱਭ ਕੁਝ ਨਹੀਂ ਸੀ ਪੱਲੇ ਪੈਂਦਾ। ਇੱਕ ਦਿਨ ਉਹ ਓਹਨੂੰ ਛੱਡ ਕੇ ਆਪਣੇ ਘਰ ਤੁਰ ਗਈ। ਕੁਝ ਦਿਨ ਤੇ ਉਹਨੇ ਸ਼ੁਕਰ ਕੀਤਾ। ਫ਼ਿਰ ਉਹ ਉਦਾਸ ਹੋ ਗਿਆ ਤੇ ਬਾਰਬੀ ਨੂੰ ਲੈਣ ਤੁਰ ਪਿਆ। ਜਿਹੜੀ ਇੱਕ ਮਾਡਲ ਪਈ ਹੋਈ ਸੀ ਉਹਨੇ ਉਹੀ ਲੈ ਲਈ। ਕੀ ਫ਼ਰਕ ਪੈਂਦਾ ਸੀ। ਸ਼ਕਲ ਜਦੋਂ ਮਰਜ਼ੀ ਬਦਲਵਾ ਲੈਂਦਾ। ਚੰਗੀ ਭਲੀ ਸ਼ਕਲ ਸੀ ਉਂਜ। ਫ਼ਿਰ ਰੋਬੋਟਾਂ ਦੀ ਜਿਹੜੀ ਵੀ ਸ਼ਕਲ ਹੋਵੇ, ਉਨ੍ਹਾਂ ਨੂੰ ਨੰਬਰ ਪਲੇਟ ਤੇ ਲਗਣੀ ਹੀ ਹੁੰਦੀ ਸੀ, ਨਹੀਂ ਤਾਂ ਪਤਾ ਕਿਸ ਤਰ੍ਹਾਂ ਲਗਦਾ ਬਈ ਕਿਹੜਾ ਇਨਸਾਨ ਹੈ ਤੇ ਕਿਹੜਾ ਰੋਬੋਟ।

ਬਾਰਬੀ ਉਹਦੇ ਨਾਲ਼ ਕਦੀ ਨਹੀਂ ਸੀ ਲੜਦੀ। ਹਰ ਵੇਲੇ ਉਹਦਾ ਖ਼ਿਆਲ ਰਖਦੀ ਸੀ। ਉਹਦੀ ਹਰ ਲੋੜ ਪੂਰੀ ਕਰਦੀ ਸੀ। ਉਹਦੇ ਕੋਲੋਂ ਕਦੀ ਕੁਝ ਨਹੀਂ ਸੀ ਮੰਗਦੀ। ਇੰਜ ਨੰਬਰ ਪਲੇਟ ਨਾ ਲੱਗੀ ਹੋਵੇ ਤਾਂ ਪਤਾ ਤੇ ਨਹੀਂ ਲੱਗ ਸਕਦਾ ਬਈ ਇਹ ਇਨਸਾਨੀ ਸਵਾਣੀ ਹੈ ਯਾਂ ਰੋਬੋਟ। ਬਿਸਤਰ ਵਿੱਚ ਵੀ ਨਹੀਂ!

ਉਹਨੇ ਆਪਣੇ ਘਰ ਦੇ ਗ਼ੁਸਲਖ਼ਾਨੇ ਵਾਲੇ ਕੋਨੇ ਤੇ ਜਾ ਕੇ ਲੀੜੇ ਲਾਹੇ ਤੇ ਨਹਾਣ ਵਾਲ਼ਾ ਬਟਨ ਦੱਬਿਆ। ਇੱਕ ਕੰਧ ਵਿੱਚੋਂ ਸ਼ੀਸ਼ਾ ਪਲਾਸਟਿਕ ਦੀ ਕੰਧ ਨਿਕਲੀ ਤੇ ਉਹਦੇ ਚਾਰ ਚੁਫ਼ੇਰੇ ਗੋਲ ਕੰਮਰਾ ਬਣਾ ਦਿੱਤਾ। ਇੰਨਾ ਵੱਡਾ ਕਿ ਉਹ ਬੱਸ ਆਪਣੀਆਂ ਬਾਂਹਵਾਂ ਖੋਲ੍ਹ ਦਿੰਦਾ ਤੇ ਉਹਦੀਆਂ ਉਂਗਲਾਂ ਤੇ ਸ਼ੀਸ਼ੇ ਦੀ ਕੰਧ ਵਿਚਕਾਰ ਇੱਕ ਇੰਚ ਦਾ ਫ਼ਾਸਲਾ ਰਹਿ ਜਾਂਦਾ। ਕੰਧ ਵਿੱਚੋਂ ਇੱਕ ਟੂਟੀ ਨਿਕਲੀ ਤੇ ਗ਼ੁਸਲਖ਼ਾਨੇ ਵਿੱਚ ਭਾਪ ਭਰ ਗਈ। ਇਹ ਪਾਣੀ ਦੀ ਭਾਪ ਸੀ ਜਿਹੜੀ ਹੌਲੀ ਤੱਤੀ ਸੀ ਤੇ ਇਹਦੇ ਵਿੱਚ ਜਰਾਸੀਮ ਮਾਰਨ ਵਾਲੀ ਦਵਾਈ ਮਿਲੀ ਹੋਈ ਸੀ। ਦਸ ਸਕਿੰਡ ਇਹ ਭਾਪ ਉਹਦੇ ਉੱਤੇ ਪੈਂਦੀ ਰਹੀ। ਫ਼ਿਰ ਦੂਜੀ ਟੂਟੀ ਨੇ ਨਿਕਲ਼ ਕੇ ਭਾਪ ਨੂੰ ਚੂਪ ਲਿਆ। ਇਹਦੇ ਪਿੱਛੋਂ ਹਰ ਪਾਸਿਓਂ ਪਾਣੀ ਦੀ ਇੱਕ ਫੁੱਵਾਰ ਉਹਦਾ ਜੁੱਸਾ ਗਿੱਲਾ ਕਰ ਗਈ। ਤੇ ਫ਼ਿਰ ਤੇਜ਼ ਤੱਤੀ ਹਵਾ ਨੇ ਓਹਨੂੰ ਸੁਕਾ ਦਿੱਤਾ। ਸਾਰੀਆਂ

ਟੂਟੀਆਂ ਕੰਧਾਂ ਵਿੱਚ ਗ਼ੈਬ ਹੋ ਗਈਆਂ ਤੇ ਸਾਮ੍ਹਣੇ ਦੀ ਕੰਧ ਵਿੱਚੋਂ ਇੱਕ ਸਿੰਕ ਨਿਕਲ਼ ਆਇਆ। ਉਹਨੇ ਦੰਦ ਸਾਫ਼ ਕਰਨ ਵਾਲੀ ਟੂਟੀ ਵਿੱਚੋਂ ਪਾਣੀ ਹੱਥ ਦੀ ਬੁੱਕ 'ਚ ਲੈ ਕੇ ਕੁੱਲੀ ਕੀਤੀ। ਇਹਦੇ ਵਿੱਚ ਵੀ ਦਵਾਈ ਸੀ ਜਿਹਨੇ ਉਹਦੇ ਦੰਦ ਸਾਫ਼ ਕਰ ਕਿ ਮੂੰਹ ਵਿੱਚ ਤਾਜ਼ਗੀ ਤੇ ਖ਼ੁਸ਼ਬੂ ਭਰ ਦਿੱਤੀ। ਤੇ ਫ਼ਿਰ ਸਭ ਕੁਝ ਪਰਤ ਕੇ ਕੰਧ ਵਿੱਚ ਗ਼ੈਬ ਹੋ ਗਿਆ। ਸ਼ੀਸ਼ੇ ਦੀ ਕੰਧ ਵੀ। ਉਹਨੇ ਲੀੜੇ ਚੁੱਕ ਕੇ ਇੱਕ ਹੋਰ ਬਟਨ ਦੱਬਿਆ। ਕੰਧ ਵਿੱਚੋਂ ਇੱਕ ਦਰਾਜ਼ ਨਿਕਲਿਆ ਜਿਹਦੇ ਵਿੱਚ ਸਾਫ਼ ਲੀੜੇ ਪਏ ਹੋਏ ਸਨ। ਉਹਨੇ ਉਹ ਕੱਢ ਲਏ ਤੇ ਮੈਲੇ ਲੀੜੇ ਉਸੀ ਦਰਾਜ਼ ਵਿੱਚ ਪਾ ਦਿੱਤੇ। ਦੋ ਮਿੰਟ ਵਿੱਚ ਇਹ ਲੀੜੇ ਧੁਲ ਕੇ ਇਸਤਰੀ ਹੋ ਜਾਣੇ ਸਨ। ਉਹਨੇ ਲੀੜੇ ਪਾ ਲਏ ਤੇ ਬਾਰਬੀ ਨੂੰ ਆਵਾਜ਼ ਮਾਰੀ। ਬਾਰਬੀ ਨੇ ਕੰਧ ਉੱਤੇ ਲੱਗਿਆ ਇੱਕ ਬਟਨ ਦੱਬ ਕੇ ਦਰਾਜ਼ ਵਿੱਚੋਂ ਟਰੇ ਕੱਢ ਲਿਆ ਜਿਹਦੇ ਵਿੱਚ ਨਾਸ਼ਤਾ ਪਿਆ ਸੀ। ਟਰੇ ਲਿਆ ਕੇ ਉਹਨੇ ਰੀਮੋਟ ਦਾ ਬਟਨ ਦੱਬਿਆ ਤੇ ਜ਼ਵੀਂ ਵਿੱਚੋਂ ਮੇਜ਼ ਤੇ ਦੋ ਕੁਰਸੀਆਂ ਪੁੰਗਰ ਆਈਆਂ। ਦੂਜਾ ਬਟਨ ਦੱਬਿਆ ਤੇ ਚਾਰੇ ਕੰਧਾਂ ਸਕਰੀਨਾਂ ਤੋਂ ਢੱਕੀਆਂ ਗਿਆਂ। ਤੀਜਾ ਬਟਨ ਦੱਬਿਆ ਤੇ ਸਕਰੀਨਾਂ ਉੱਤੇ ਸਮੁੰਦਰ ਦੀ ਫ਼ਿਲਮ ਚੱਲ ਪਈ। ਹੁਣ ਇਸ ਤਰ੍ਹਾਂ ਪਿਆ ਲਗਦਾ ਸੀ ਬਈ ਚਾਰ ਚੁਫ਼ੇਰੇ ਸਮੁੰਦਰ ਏ ਤੇ ਉਹ ਵਿਚਕਾਰ ਇੱਕ ਨਿੱਕੇ ਜਿੰਨੇ ਜ਼ਜ਼ੀਰੇ ਉੱਤੇ ਬੈਠੇ ਹੋਏ ਸਨ। ਉਹ ਦੋਵੇਂ ਮੇਜ਼ ਤੇ ਬਹਿ ਕੇ ਨਾਸ਼ਤਾ ਕਰਨ ਲੱਗ ਪਏ।

--- ਅੱਜ ਤੂੰ ਕਿਹੜੇ ਦੇਵ ਦਾ ਸ਼ਿਕਾਰ ਕਰੇਂ ਗਾ।

ਬਾਰਬੀ ਨੇ ਬੁਰਕੀ ਮੂੰਹ ਵਿੱਚ ਪਾਂਦੀਆਂ ਓਹਨੂੰ ਪੁੱਛਿਆ। ਅੱਜ ਕਲ੍ਹ ਉਹ ਕੋਹ-ਏ-ਕਾਫ਼ ਦੀ ਵਰਚੁਅਲ ਗੇਮ ਪਿਆ ਖੇਡਦਾ ਸੀ, ਬਾਰਬੀ ਉਹਦੇ ਬਾਰੇ ਪੁੱਛਦੀ ਪਈ ਸੀ। ਬਾਰਬੀ ਉਹਦੀ ਹਰ ਗੱਲ ਦਾ ਖ਼ਿਆਲ ਰਖਦੀ ਸੀ। ਉਹਦੇ ਹਰ ਕੰਮ ਵਿੱਚ ਦਿਲਚਸਪੀ ਲੈਂਦੀ ਸੀ।

--- ਅੱਜ ਮੈਂ ਆਦੀ ਕਰਬ ਨਾਲ਼ ਵੈਰ ਪਾਣਾ ਹੈ।

ਉਹਨੇ ਇੱਕ ਦੰਮ ਇਕਸਾਇਟਿਡ ਹੋ ਕੇ ਕਿਹਾ।

--- ਹੱਛਾ!

ਬਾਰਬੀ ਉਹਦੇ ਵੱਲ ਵੇਖ ਕੇ ਮੁਸਕਾਈ।

--- ਫ਼ਿਰ ਤੇ ਵਾਹਵਾ ਸਵਾਦੀ ਦਿਨ ਲੰਘੇ ਗਾ ਤੇਰਾ ਅੱਜ।

--- ਹਾਂ।

ਉਹਨੇ ਕਿਹਾ ਤੇ ਆਦੀ ਕਰਬ ਨਾਲ਼ ਲੜਨ ਦੀਆਂ ਨਵੀਆਂ ਨਵੀਆਂ ਤਰਕੀਬਾਂ ਸੋਚਣ ਲੱਗ ਪਿਆ।

ਬਾਰਬੀ ਨਾਲ਼ ਉਹਦਾ ਜੀਵਨ ਡਾਹਡਾ ਚੰਗਾ ਪਿਆ ਲੰਘਦਾ ਸੀ। ਬਾਰਬੀ ਉਹਦੇ ਕਿਸੇ ਵੀ ਕੰਮ ਵਿੱਚ ਛਿੰਝ ਜੋ ਨਹੀਂ ਪਾਂਦੀ ਸੀ। ਹੁਣੇ ਜੇ ਆਬਿਦਾ ਹੁੰਦੀ ਤੇ ਇੱਕ ਤੂਫ਼ਾਨ ਉੱਡ ਆਣਾ ਸੀ।

--- ਤੂੰ ਹਰ ਵੇਲੇ ਇਹ ਖੋਪੇ ਚਾੜ੍ਹ ਕੇ ਰਖਣਾ ਐਂ, ਮੇਰੇ ਵਾਸਤੇ ਤੇ ਤੇਰੇ ਕੋਲ਼ ਟੈਮ ਈ ਨਹੀਂ ਹੁੰਦਾ,

ਵਗ਼ੈਰਾ ਵਗ਼ੈਰਾ। ਉਹ ਬਾਰਬੀ ਨੂੰ ਦੱਸਣ ਲੱਗ ਪਿਆ ਬਈ ਉਹ ਆਦੀ ਕਰਬ ਨਾਲ਼ ਕਿਹੜਾ ਕਿਹੜਾ ਦਾਅ ਲਾਵੇ ਗਾ ਤੇ ਓਹਨੂੰ ਢੇਰ ਕਰਨ ਲਈ ਕਿਹੜੇ ਕਿਹੜੇ ਹੱਥਿਆਰ ਵਰਤੇ ਗਾ। ਬਾਰਬੀ ਚੁੱਪ ਚਾਪ ਉਹਦੀਆਂ ਗੱਲਾਂ ਸੁਣਦੀ ਰਹੀ। ਕਦੀ ਕਦੀ ਵਿੱਚ ਹੱਛਾ ਤੇ ਫ਼ਿਰ ਕੀ ਕਰੇਂ ਗਾ ਵਗ਼ੈਰਾ ਦੇ ਟਾਂਕੇ ਲਾਂਦੀ ਰਹੀ। ਨਾਸ਼ਤਾ ਮੁਕਾ ਕੇ ਬਾਰਬੀ ਨੇ ਬਟਨ ਦੱਬਿਆ ਤੇ ਸਭ ਕੁਝ ਜ਼ਵੀਂ ਵਿੱਚ ਜਾ ਵੜਿਆ। ਫ਼ਿਰ ਬਾਰਬੀ ਨੇ ਦੂਜਾ ਬਟਨ ਦੱਬ ਕੇ ਉਹਦੀ ਗੇਮਿੰਗ ਚੇਅਰ ਯਾਨੀ ਖੇਡਣ ਦੀ ਕੁਰਸੀ ਕੰਧ ਵਿੱਚੋਂ ਕੱਢ ਕੇ ਉਹਦੇ ਹੱਥ ਵਰਚੁਅਲ ਖੋਪੇ ਫੜਾਏ ਤੇ ਓਹਨੂੰ ਚੰਗੇ ਨਸੀਬਾਂ ਦੀ ਦੁਆ ਦੇ ਕੇ ਮੁਸਕਾਂਦੀ ਆਪਣੀ ਕੁਰਸੀ ਤੇ ਬਹਾ ਗਈ।

--- ਤੂੰ ਆਪਣੀ ਖੇਡ ਜਿੱਤ ਕੇ ਆ,

ਬਾਰਬੀ ਨੇ ਮੁਸਕਾਂਦਿਆਂ ਕਿਹਾ

--- ਮੈਂ ਤੈਨੂੰ ਉੱਥੇ ਹੀ ਉਡੀਕਾਂਗੀ।

ਆਦੀ ਕਰਬ ਨੇ ਓਹਨੂੰ ਜੂੰ ਫੰਡਣਾ ਸ਼ੁਰੂ ਕੀਤਾ ਤੇ ਬੱਸ ਫ਼ਿਰ ਹਨੇਰ ਈ ਪਾ ਦਿੱਤਾ। ਤਿੰਨ ਚਾਰ ਘੰਟੇ ਤੇ ਉਹਦੇ ਇਸੇ ਤਰ੍ਹਾਂ ਲੰਘ ਗਏ, ਨਸਦੇ ਭਜਦੇ, ਲੁਕਦੇ ਛੁਪਦੇ, ਪਰ ਅੱਜ ਉਹਦੀ ਇੱਕ ਨਹੀਂ ਸੀ ਪਈ ਚਲਦੀ। ਮਾਰ ਖਾ ਖਾ ਕੇ ਉਹ ਬੋਰ ਹੋ ਗਿਆ। ਖੇਡ ਮੁਕਾ ਕੇ ਖੋਪੇ ਲਾਹ ਦਿੱਤੇ। ਆਦੀ ਕਰਬਾ, ਤੈਨੂੰ ਕੱਲ੍ਹ ਵੇਖਾਂ ਗਾ, ਉਹਨੇ ਸੋਚਿਆ।

ਬਾਰਬੀ ਓਥੇ ਈ ਬੈਠੀ ਸੀ। ਓਹਨੂੰ ਵੇਖ ਕੇ ਮੁਸਕਾਈ,

--- ਅੱਜ ਤੋਂ ਐਨੀ ਛੇਤੀ ਮੁੜ ਆਇਆ ਐਂ?

--- ਹਾਂ।

ਉਹਨੇ ਅਵਾਜ਼ਾਰ ਹੋ ਕੇ ਕਿਹਾ। ਤੇ ਉਹਦਾ ਮੂਡ ਵੇਖ ਕੇ ਬਾਰਬੀ ਨੇ ਹੋਰ ਕੁਝ ਨਾ ਪੁੱਛਿਆ। ਉਹ ਸੋਚਣ ਲੱਗ ਪਿਆ ਕਿ ਹੁਣ ਕੀ ਕਰੇ। ਬਾਰਬੀ ਦਾ ਤੇ ਕੋਈ ਮਸਅਲਾ ਨਹੀਂ ਸੀ। ਜੋ ਉਹ ਕਹਿੰਦਾ, ਬਾਰਬੀ ਨੇ ਹਸੀ ਖ਼ੁਸ਼ੀ ਉਹੀ ਕਰਨਾ ਸੀ। ਸ਼ੁਰੂ ਸ਼ੁਰੂ ਵਿੱਚ ਤੇ ਉਹ ਬਾਰਬੀ ਨਾਲ਼ ਵਾਹਵਾ ਗੱਲਾਂ ਕਰਦਾ ਸੀ, ਪਰ ਫ਼ਿਰ ਉਹ ਬੋਰ ਹੋਣ ਲੱਗ ਪਿਆ। ਉੱਤੋਂ ਤੇ ਬਿਲਕੁਲ ਵੀ ਪਤਾ ਨਹੀਂ ਸੀ ਲਗਦਾ, ਪਰ ਅੰਦਰੋਂ ਤੇ ਪਤਾ ਸੀ ਨਾ ਬਈ ਉਹ ਹੈਗੀ ਤੇ ਕੰਪੀਊਟਰ ਏ। ਉਹਦੇ ਅਹਿਸਾਸਾਂ ਨਾਲ਼ ਬਾਰਬੀ ਨੂੰ ਕੀ ਲੈਣਾ ਦੇਣਾ। ਹੁਣ ਉਹਦਾ ਬਾਰਬੀ ਨਾਲ਼ ਗੱਲਾਂ ਕਰਨ ਨੂੰ ਜੀਅ ਨਹੀਂ ਸੀ ਕਰਦਾ। ਇਹਨੂੰ ਬਿਸਤਰੇ ਲੈ ਵੜੇ, ਉਹਨੇ ਸੋਚਿਆ, ਪਰ ਉਹਦਾ ਵੀ ਇਸ ਵੇਲੇ ਮੂਡ ਨਾ ਬਣਿਆ। ਆਦੀ ਕਰਬ ਨੇ

ਫੰਡ ਫੰਡ ਕੇ ਕਿਸੇ ਜੋਗਾ ਨਹੀਂ ਸੀ ਛੱਡਿਆ। ਉਹਦਾ ਮੂਡ ਖ਼ਰਾਬ ਵੇਖ ਕੇ ਬਾਰਬੀ ਵੀ ਮੂੰਹ ਮੀਟ ਕੇ ਬਹਿ ਗਈ ਸੀ। ਓਹਨੂੰ ਪਤਾ ਸੀ ਬਾਰਬੀ ਦੇ ਸੌਫ਼ਟ ਵੇਅਰ ਵਿੱਚ ਇਹ ਕੋਡਿਡ ਸੀ ਕਿ ਜੇ ਉਹਦਾ ਮੂਡ ਖ਼ਰਾਬ ਹੋਵੇ ਤੇ ਬਾਰਬੀ ਨੇ ਆਪ ਨਾ ਤੇ ਕੁਝ ਬੋਲਣਾ ਸੀ ਤੇ ਨਾ ਹੀ ਕੁਝ ਕਰਨਾ ਸੀ।

--- ਚਲੋ ਫ਼ਿਰ ਬਾਹਰ ਈ ਚਲਨੇ ਆਂ,

ਉਹਨੇ ਸੋਚਿਆ।

--- ਚੱਲ ਬਾਰਬੀ, ਬਾਹਰ ਚਲੀਏ।

ਆਦਤ ਤੋਂ ਮਜਬੂਰ ਉਹ ਬਾਰਬੀ ਕੋਲੋਂ ਪੁੱਛ ਲੈਂਦਾ ਹੁੰਦਾ ਸੀ, ਪਰ ਇਸ ਵੇਲੇ ਉਹ ਇਸ ਤਰ੍ਹਾਂ ਦੇ ਕਿਸੇ ਲਾਡ ਦੇ ਮੂਡ ਵਿੱਚ ਨਹੀਂ ਸੀ।

--- ਹਾਂ ਚਲੋ।

ਬਾਰਬੀ ਨੇ ਐਕਸਾਇਟਮੈਂਟ ਦਾ ਇਜ਼ਹਾਰ ਕੀਤਾ।

--- ਖਾਣਾ ਖਾਣ ਚਲਣੇ ਆਂ। ਵਾਹਵਾ ਚਿਰ ਹੋ ਗਿਆ ਏ ਰੁਮੈਂਟਿਕ ਲੰਚ ਕੀਤੇ ਹੋਏ। ਨਵਾਂ ਵਰ੍ਹਾ ਮਨਾਂਦੇ ਆਂ।

--- ਇਹ ਕੰਪੀਊਟਰ ਵਾਲੇ ਵੀ ਰੱਜ ਕੇ ਈ ਹਰਾਮੀ ਹੁੰਦੇ ਨੇਂ,

ਉਹਨੇ ਸੋਚਿਆ। ਸਾਰੀ ਰੋਬੋਟਿਕ ਪ੍ਰੋਗਰਾਮਿੰਗ ਇਨਸਾਨੀ ਨਫ਼ਸੀਆਤ ਨਾਲ਼ ਖੇਡਣ ਲਈ ਕੀਤੀ ਜਾਂਦੀ ਸੀ। ਬਾਰਬੀ ਦੇ ਸੈਂਸਰਾਂ ਨੇ ਉਹਦੇ ਮੂਡ ਬਾਰੇ ਜਿਹੜੇ ਸਿਗਨਲ ਫੜੇ ਸਨ ਉਨ੍ਹਾਂ ਭਾਰੋਂ ਉਹ ਹੁਣ ਕੁਝ ਰੋਮਾਨ੍ਸ ਚਾਹੁੰਦਾ ਸੀ। ਜਿੰਨੀ 'ਕ ਨਫ਼ਸੀਆਤੀ ਰੀਸਰ੍ਚ ਕਰ ਕੇ ਇਹ ਲੋਕ ਕੰਪੀਊਟਰ ਪ੍ਰੋਗਰਾਮਿੰਗ ਕਰਦੇ ਸਨ, ਇਹਦਾ ਅੰਦਾਜ਼ਾ ਓਹਨੂੰ ਚੰਗੀ ਤਰ੍ਹਾਂ ਸੀ। ਅੰਤ ਦੀਆਂ ਰੀਸਰਚਾਂ ਸਨ ਇਨ੍ਹਾਂ ਦੀਆਂ। ਇਸ ਵੇਲੇ ਵੀ ਬਾਰਬੀ ਦੇ ਸੈਂਸਰਾਂ ਨੇ ਉਹਦੀ ਨਫ਼ਸੀਆਤੀ ਰੱਗ ਤੇ ਬਿਲਕੁਲ ਠੀਕ ਨਿਸ਼ਾਨਾ ਲਾਇਆ ਸੀ।

--- ਹਾਂ ਚੱਲ ਫ਼ਿਰ।

ਉਹਨੇ ਕਿਹਾ ਤੇ ਬਾਰਬੀ ਵਾਹਵਾ ਖ਼ੁਸ਼ੀ ਨਾਲ਼ ਉੱਠ ਕੇ ਉਹਦੇ ਤੇ ਆਪਣੇ ਲੀੜੇ ਕੱਢਣ ਕੰਧ ਵੱਲ ਤੁਰ ਪਈ। ਲੀੜੇ ਬਦਲ ਕੇ ਉਹ ਬਾਹਰ ਨਿਕਲੇ ਤੇ ਬਾਰਬੀ ਨੇ ਉਹਦੀ ਬਾਂਹ ਵਿੱਚ ਬਾਂਹ ਪਾ ਲਈ। ਓਹਨੂੰ ਚੰਗਾ ਲੱਗਿਆ ਤੇ ਉਹ ਆਦੀ ਕਰਬ ਨੂੰ ਭੁੱਲਣ ਲੱਗ ਪਿਆ। ਬਾਹਰ ਆ ਕੇ ਉਹਨੇ ਆਪਣੀ ਗੁੱਟ ਦੀ ਕੰਪੀਊਟਰ ਚਿੱਪ ਦਾ ਵਰਚੁਅਲ ਬਟਨ ਦੱਬਿਆ, ਇੱਕ ਉਡਵੀਂ ਟੈਕਸੀ ਆ ਗਈ। ਤੇ ਉਹ ਇੱਕ ਰੈਸਤੋਰਾਨ ਜਾ ਅੱਪੜੇ।

ਹਰ ਪਾਸੇ ਜੋੜੇ ਈ ਜੋੜੇ ਬੈਠੇ ਸਨ। ਜ਼ਿਆਦਾ ਤਰ ਤੇ ਇਨਸਾਨੀ ਬੰਦਿਆਂ ਤੇ ਸਵਾਣੀਆਂ ਨਾਲ਼ ਰੋਬੋਟ ਈ ਸਨ, ਕੁਝ ਕੁਝ ਜੋੜੇ ਇਨਸਾਨੀ ਵੀ ਸਨ। ਰੋਬੋਟ ਬੈਰੇ ਨੇ ਓਹਨੂੰ ਵੀ ਇੱਕ ਟੇਬਲ ਤੇ ਬਹਾ ਦਿੱਤਾ। ਉਹਨੇ ਅਪਣਾ ਆਡਰ ਕੀਤਾ ਤੇ ਬਾਰਬੀ ਨੇ ਅਪਣਾ। ਬੈਰੇ ਨੇ ਲਿਆ ਕੇ ਉਨ੍ਹਾਂ ਦੇ ਵਿਚਕਾਰ ਇੱਕ ਮੋਮਬੱਤੀ ਵੀ ਬਾਲ੍ਹ ਦਿੱਤੀ। ਸੂਪ ਆ ਗਿਆ ਤੇ ਉਹ ਪੀਣ ਲੱਗ ਪਏ। ਬਾਰਬੀ ਦੇ ਸੈਂਸਰਾਂ ਨੇ ਟੇਵਾ ਲਾ ਲਿਆ ਬਈ ਉਹਦਾ ਮੂਡ ਪਹਿਲਾਂ ਤੋਂ ਬਿਹਤਰ ਹੋ ਗਿਆ ਏ, ਇਸ ਲਈ ਬਾਰਬੀ ਹੁਣ ਉਹਦੇ ਨਾਲ਼ ਗੱਪਾਂ ਮਾਰਨ ਲੱਗ ਪਈ। ਇੰਨੇ ਵਿੱਚ ਉਹਦੀ ਨਜ਼ਰ ਪਈ ਤੇ ਆਬਿਦਾ ਤੁਰੀ ਆਂਦੀ ਸੀ, ਆਪਣੇ ਰੋਬੋਟ ਨਾਲ਼। ਆਬਿਦਾ ਨੂੰ ਵੇਖ ਕੇ ਓਹਨੂੰ ਉਹ ਸਾਰੇ ਚੰਗੇ ਚੰਗੇ ਵੇਲੇ ਚੇਤੇ ਆ ਗਏ ਜਿਹੜੇ ਉਹਨੇ ਆਬਿਦਾ ਨਾਲ਼ ਬਿਤਾਏ ਸਨ।

--- ਤੂੰ ਉੱਥੇ ਬਹਿ ਮੈਂ ਆਨਾ ਆਂ,

ਉਹਨੇ ਬਾਰਬੀ ਨੂੰ ਕਿਹਾ।

--- ਆਬਿਦਾ ਦਿੱਸੀ ਏ, ਜ਼ਰਾ ਓਹਨੂੰ ਮਿਲ ਆਵਾਂ।

ਮਸ਼ੀਨੀ ਬਾਰਬੀ ਨੂੰ ਕਿਹੜਾ ਸਾੜ੍ਹਾ ਪੈਣਾ ਸੀ। ਦੂਜੇ ਪਾਸੇ ਆਬਿਦਾ ਵੀ ਰੋਬੋਟ ਨਾਲ਼ ਈ ਸੀ, ਓਥੇ ਵੀ ਖ਼ਤਰਾ ਕੋਈ ਨਹੀਂ ਸੀ।

ਆਬਿਦਾ ਆਪਣੇ ਮਸ਼ੀਨੀ ਬੰਦੇ ਨਾਲ਼ ਇੱਕ ਮੇਜ਼ ਉੱਤੇ ਬਹਿ ਚੁੱਕੀ ਸੀ, ਓਹਨੂੰ ਆਪਣੇ ਵੱਲ ਆਂਦਾ ਵੇਖ ਕੇ ਮੁਸਕਾਈ ਤੇ ਨਾ, ਪਰ ਉਹਦੀਆਂ ਅੱਖਾਂ ਦੇ ਵੱਡੇ ਹੋਣ, ਤੇ ਉਹਦੀਆਂ ਅੱਖਾਂ ਉੱਤੇ ਸੁਰੇਸ਼ ਹੋ ਜਾਣ ਨਾਲ਼ ਓਹਨੂੰ ਪਤਾ ਲੱਗ ਗਿਆ ਕਿ ਬਹੁਤ ਖ਼ੁਸ਼ ਹੋ ਗਈ ਸੀ। ਓਹਨੂੰ ਪਤਾ ਸੀ ਬਈ ਅਸਲੋਂ ਜ਼ਿਆਦਾ ਖ਼ੁਸ਼ ਉਹ ਇਸ ਗੱਲ ਤੇ ਹੋਈ ਸੀ ਕਿ ਉਹ ਮਸ਼ੀਨੀ ਸਵਾਣੀ ਨਾਲ਼ ਸੀ।

--- ਕੀ ਹਾਲ ਏ?

ਉਹਨੇ ਕੋਲ਼ ਜਾ ਕੇ ਕਿਹਾ ਤੇ ਆਬਿਦਾ ਨੇ ਉੱਠ ਕੇ ਓਹਨੂੰ ਜੱਫੀ ਪਾ ਲਈ।

--- ਠੀਕ ਆਂ!

ਆਬਿਦਾ ਨੇ ਕਿਹਾ।

--- ਤੂੰ ਠੀਕ ਏਂ?"

--- ਹਾਂ, ਠੀਕ ਈ ਆਂ।

ਉਹ ਆਬਿਦਾ ਦੀ ਜੱਫੀ ਨਾਲ਼ ਉਦਾਸ ਹੋ ਗਿਆ।

--- ਟੈਢੀ, ਤੂੰ ਇਹਦੇ ਮੇਜ਼ ਤੇ ਜਾ ਕੇ ਬਹਿ ਜਾ।

ਆਬਿਦਾ ਨੇ ਉਹਦੇ ਵੱਲ ਇਸ਼ਾਰਾ ਕਰਦਿਆਂ ਆਪਣੇ ਬੰਦੇ ਨੂੰ ਕਿਹਾ। ਉਹ ਮੁਸਕਾਂਦਾ ਉੱਠ ਕੇ ਚਲਾ ਗਿਆ।

--- ਟੈਢੀ?

ਓਹਨੂੰ ਹਾਸਾ ਆ ਗਿਆ।

--- ਇਹ ਕੀ ਨਾਂ ਰੱਖਿਆ ਏ ਤੂੰ?

--- ਕਿਉਂ?

ਆਬਿਦਾ ਹੌਲਾ ਜਿਹਾ ਮੁਸਕਾਈ।

--- ਤੋਂ ਕੀ ਆਬਿਦਾ ਰੱਖ ਛੱਡਿਆ ਏ?

--- ਨਹੀਂ, ਬਾਰਬੀ।

ਉਹ ਵੀ ਮੁਸਕਾਇਆ।

--- ਕੀ ਹਾਲਾਤ ਨੇਂ?

--- ਤੈਨੂੰ ਕੀ ਲਗਦਾ ਏ?

ਆਬਿਦਾ ਉਦਾਸ ਹੋ ਕੇ ਬੋਲੀ।

--- ਤੂੰ ਤੇ ਮੁੜ ਖ਼ਬਰ ਈ ਨਹੀਂ ਲਈ।

ਉਹਨੇ ਕੋਈ ਜਵਾਬ ਨਾ ਦਿੱਤਾ। ਚੁੱਪ ਕਰ ਕੇ ਆਬਿਦਾ ਨੂੰ ਵੇਖਦਾ ਰਿਹਾ। ਉਹ ਬਾਰਬੀ ਜਿੰਨੀ ਸੋਹਣੀ ਨਹੀਂ ਸੀ। ਹੋ ਵੀ ਕਿਸ ਤਰ੍ਹਾਂ ਸਕਦੀ ਸੀ, ਬਾਰਬੀ ਦੀ ਹਰ ਸ਼ੈਅ ਪਰਫ਼ੈਕਟ ਸੀ ਤੇ ਉਹ ਹਮੇਸ਼ਾ ਲਈ ਜਵਾਨ ਸੀ। ਆਬਿਦਾ ਦੇ ਮੂੰਹ ਉੱਤੇ ਨਿੱਕੇ ਨਿੱਕੇ ਚਿਤਕੁਬਰੇ ਦਾਗ਼ ਪਏ ਸਨ, ਉਹਦੇ ਬੁੱਲ੍ਹਾਂ ਅਤੇ ਅੱਖਾਂ ਦੇ ਕੋਨਿਆਂ ਤੇ ਝੁਰੀਆਂ ਪੈਣ ਲੱਗ ਪਈਆਂ ਸਨ, ਤੇ ਉਹਦੇ ਨੂੰਹ ਦਾ ਡਿਜ਼ਾਈਨ ਵੀ ਉਹਦੀ ਪਸੰਦ ਦਾ ਨਹੀਂ ਸੀ। ਫ਼ਿਰ ਆਬਿਦਾ ਦੀ ਅਗਲੀ ਗੱਲ ਸੁਣ ਕੇ ਓਹਨੂੰ ਚੇਤੇ ਆਇਆ ਕਿ ਆਬਿਦਾ ਹਰ ਗੱਲ ਉਹਦੀ ਮਰਜ਼ੀ ਦੀ ਵੀ ਨਹੀਂ ਸੀ ਕਰਦੀ।

--- ਤੂੰ ਮੈਨੂੰ ਹੰਢਾ ਕੇ ਸੁੱਕੀ ਹੱਡੀ ਵਾਂਗ ਆਪਣੀ ਜਿੰਦੜੀ ਤੋਂ ਬਾਹਰ ਸੁੱਟ ਦਿੱਤਾ ਏ। ਆਬਿਦਾ ਨੇ ਕੌੜ ਨਾਲ਼ ਮੁਸਕਾਂਦੇ ਕਿਹਾ।

--- ਹੁਣ ਤੇ ਤੂੰ ਖ਼ੁਸ਼ ਐਂ ਨਾ?

ਇਹ ਸੁਣ ਕੇ ਓਹਨੂੰ ਹਮੇਸ਼ਾ ਦੀ ਤਰ੍ਹਾਂ ਇੰਜ ਜਾਪਣ ਲੱਗ ਪਿਆ ਬਈ ਉਹ ਕੋਈ ਮੁਲਜ਼ਿਮ ਏ ਤੇ ਇਸ ਇਲਜ਼ਾਮ ਨੂੰ ਗ਼ਲਤ ਸਾਬਤ ਕਰਨਾ ਉਹਦੀ ਜ਼ਿੰਮਾ ਵਾਰੀ ਏ। ਪਹਿਲਾਂ ਤੇ ਓਹਨੂੰ ਗ਼ੁੱਸਾ ਚੜ੍ਹਿਆ, ਤੇ ਫ਼ਿਰ ਉਹ ਉਦਾਸ ਹੋ ਗਿਆ।

--- ਮੈਂ ਤੇ ਪਹਿਲਾਂ ਈ ਖ਼ੁਸ਼ ਸਾਂ।

ਉਹਨੇ ਦੁਖੀ ਜਿਹਾ ਹੋ ਕੇ ਕਿਹਾ।

--- ਤੈਨੂੰ ਈ ਮੇਰੀ ਹਰ ਸ਼ੈਅ ਭੈੜੀ ਲਗਦੀ ਸੀ।

ਇਹ ਸੁਣ ਕੇ, ਤੇ ਓਹਨੂੰ ਉਦਾਸ ਵੇਖ ਕੇ ਆਬਿਦਾ ਵੀ ਉਦਾਸ ਹੋ ਗਈ।

--- ਭੈੜੀ ਲਗਦੀ ਤੇ ਮੈਂ ਤੇਰੇ ਨਾਲ਼ ਕਿਉਂ ਰਹਿੰਦੀ?

ਆਬਿਦਾ ਨੇ ਓਹਨੂੰ ਹੋਰ ਉਦਾਸ ਕਰ ਦਿੱਤਾ।

--- ਭੈੜੀ ਨਹੀਂ ਸੀ ਲਗਦੀ ਤੇ ਮੈਨੂੰ ਛੱਡ ਕੇ ਕਿਉਂ ਗਈ ਸਾਂ?

ਉਹਨੇ ਇੰਜ ਪੁੱਛਿਆ ਜਿਵੇਂ ਬਾਲ ਮਾਵਾਂ ਨਾਲ਼ ਨਰਾਜ਼ ਹੋ ਕੇ ਲਾਡ ਕਰਦੇ ਨੇਂ।

ਆਬਿਦਾ ਨੇ ਕੋਈ ਜਵਾਬ ਨਾ ਦਿੱਤਾ। ਪਰ ਓਹਨੂੰ ਦਿਸ ਪਿਆ ਸੀ ਕਿ ਆਬਿਦਾ ਅੰਦਰੋਂ ਢੈ ਪਈ ਸੀ। ਸ਼ਾਇਦ ਆਬਿਦਾ ਦੀਆਂ ਅੱਖਾਂ ਅੱਗੇ ਵੀ ਓਹੀ ਫ਼ਿਲਮਾਂ ਪਈਆਂ ਚਲਦੀਆਂ ਸਨ, ਉਨ੍ਹਾਂ ਦੀ ਖ਼ੁਸ਼ ਬਾਸ਼ ਜ਼ਿੰਦੜੀ ਦੀਆਂ, ਜਿਹੜੀਆਂ ਉਹਦੀ ਅੱਖਾਂ ਅੱਗੇ ਪਈਆਂ ਚਲਦੀਆਂ ਸਨ। ਉਹ ਓਥੇ ਈ ਖਾਣਾ ਖਾਣ ਲੱਗ ਪਏ। ਰੋਬੋਟਾਂ ਦਾ ਉਨ੍ਹਾਂ ਨੂੰ ਕੀ ਡਰ ਹੋਣਾ ਸੀ, ਉਨ੍ਹਾਂ ਕੀ ਲੱਗੇ?

ਖਾਣਾ ਖਾਂਦੇ ਖਾਂਦੇ ਅਚਾਨਚੱਕ ਆਬਿਦਾ ਨੇ ਉਹਦਾ ਹੱਥ ਫੜ ਲਿਆ।

--- ਚੱਲ ਅਸੀਂ ਫ਼ਿਰ ਇਕੱਠੇ ਹੋ ਜਾਈਏ।

ਆਬਿਦਾ ਨੇ ਜੋਸ਼ ਨਾਲ਼ ਕਿਹਾ।

ਇਹ ਗੱਲ ਸੁਣ ਕੇ ਰੱਤ ਜਿਵੇਂ ਉਹਦੀ ਰਗਾਂ ਵਿੱਚ ਜੰਮ ਗਿਆ। ਉਹ ਕਦੀ ਸੁਫ਼ਨੇ ਵਿੱਚ ਵੀ ਇਹ ਨਹੀਂ ਸੀ ਸੋਚ ਸਕਦਾ ਕਿ ਆਬਿਦਾ ਇਹ ਕਹਵੇ ਗੀ। ਓਹਨੂੰ ਚੁੱਪ ਵੇਖ ਕੇ ਆਬਿਦਾ ਨੇ ਜ਼ਰਾ 'ਕ ਜ਼ੋਰ ਦੇ ਕੇ ਕਿਹਾ।

--- ਛੱਡ ਪਹਿਲੀਆਂ ਗੱਲਾਂ ਨੂੰ। ਮੈਂ ਅੱਕ ਗਈ ਆਂ ਇਨ੍ਹਾਂ ਮਸ਼ੀਨਾਂ ਨਾਲ਼ ਰਹਿੰਦਿਆਂ ਰਹਿੰਦਿਆਂ।

ਉਹ ਫ਼ਿਰ ਚੁੱਪ ਰਿਹਾ। ਵਰ੍ਹੇ ਪਹਿਲਾਂ ਦਾ ਜੀਵਨ ਉਹਦੇ ਅੱਗੇ ਫ਼ਿਲਮ ਵਾਂਗ ਚੱਲਣ ਲੱਗ ਪਿਆ। ਆਬਿਦਾ ਠੀਕ ਪਈ ਕਹਿੰਦੀ ਸੀ। ਉਨ੍ਹਾਂ ਦੀਆਂ ਸਾਰੀਆਂ ਲੜਾਈਆਂ ਦੇ ਬਾਵਜੂਦ ਉਹ ਅਸਲੋਂ ਬਹੁਤ ਖ਼ੁਸ਼ ਸਨ। ਆਪਣੀ ਮਸ਼ੀਨੀ ਬਾਰਬੀ ਤੋਂ ਓਹਨੂੰ ਕੋਈ ਸ਼ਕੈਤ ਤੇ ਨਹੀਂ ਸੀ, ਪਰ ਉਹਦੇ ਨਾਲ਼

ਰਹਿਣ ਦਾ ਕੋਈ ਸੁਆਦ ਥੋੜ੍ਹਾ ਸੀ? ਲੜਦੀ ਨਹੀਂ ਸੀ ਪਰ ਇਨਸਾਨੀ ਸਾਥ ਵਾਲੀ ਗੱਲ ਤੇ ਕੋਈ ਨਹੀਂ ਸੀ। ਓਹਨੂੰ ਪਤਾ ਸੀ ਬਈ ਇਹ ਮਸ਼ੀਨ ਏ, ਉਹਨੇ ਉਹੀ ਕੁਝ ਈ ਕਰਨਾ ਸੀ ਜੋ ਉਹਨੇ ਬਾਰਬੀ ਨੂੰ ਕਹਿਣਾ ਸੀ। ਬਾਰਬੀ ਨਾਲ਼ ਰਹਿੰਦਿਆਂ ਤੇ ਇੱਕ ਪਰਫ਼ੈਕਟ ਜੀਵਨ ਬਿਤਾਂਦਿਆਂ ਵੀ ਇੱਕ ਅਜੀਬ ਇਕਲਾਪੇ ਦਾ ਇਹਸਾਸ ਸੀ।

ਆਬਿਦਾ ਨੇ ਜਦੋਂ ਓਹਨੂੰ ਚੁੱਪ ਤੇ ਗੁੰਮ ਸੁੰਮ ਵੇਖਿਆ ਤੇ ਉਹ ਸਮਝ ਗਈ ਕਿ ਉਹ ਵੀ ਆਪਣੇ ਮਸ਼ੀਨੀ ਜੀਵਨ ਨਾਲ਼ ਖ਼ੁਸ਼ ਨਹੀਂ।

--- ਵੇ ਛੱਡ ਇਸ ਮਸ਼ੀਨ ਨੂੰ। ਅਸੀਂ ਫ਼ਿਰ ਇਕੱਠੇ ਰਹਾਂ ਗੇ ਤੇ ਕਿੰਨੇ ਖ਼ੁਸ਼ ਰਹਾਂ ਗੇ, ਪਹਿਲਾਂ ਦੀ ਤਰ੍ਹਾਂ। ਦਫ਼ਾ ਮਾਰ ਇਸ ਨਹਿਸਤੀ ਮਸ਼ੀਨ ਨੂੰ, ਖਸਮਾਂ ਨੂੰ ਖਾਏ। ਆਬਿਦਾ ਨੇ ਉਹਦਾ ਹੱਥ ਜ਼ੋਰ ਨਾਲ਼ ਹਿਲਾਇਆ। ਓਹਨੂੰ ਜਿਸ ਤਰ੍ਹਾਂ ਅਚਾਨਕ ਹੋਸ਼ ਆ ਗਿਆ।

--- ਆਬਿਦਾ, ਮੈਂ ਕਦੀ ਨਹੀਂ ਸੀ ਸੋਚਿਆ ਕਿ ਤੂੰ ਫ਼ਿਰ ਮੇਰੇ ਨਾਲ਼ ਰਹਿਣਾ ਚਾਹਵੇਂਗੀ।

ਉਹਨੇ ਹੌਲੀ ਜਿਹੀ ਕਿਹਾ।

--- ਪਰ ਮੈਂ ਰਹਿਣਾ ਚਾਹਨੀ ਆਂ।

ਆਬਿਦਾ ਹੁਨ ਤਰਲਿਆਂ ਤੇ ਆ ਗਈ ਸੀ।

--- ਮੈਂ ਹੁਣ ਕਦੀ ਤੈਨੂੰ ਛੱਡ ਕੇ ਨਹੀਂ ਜਾਵਾਂ ਗੀ। ਕਦੀ ਤੇਰੇ ਨਾਲ਼ ਨਹੀਂ ਲੜਾਂ ਗੀ।

ਆਬਿਦਾ ਦੀਆਂ ਇਨ੍ਹਾਂ ਗੱਲਾਂ ਨੇ ਓਹਨੂੰ ਡਾਹਡਾ ਪ੍ਰੇਸ਼ਾਨ ਕਰ ਦਿੱਤਾ।

--- ਮੈਂ ਹੁਣ ਚਲਨਾ ਵਾਂ ਆਬਿਦਾ।

ਉਸਨੇ ਖਲੋ ਕੇ ਬਾਰਬੀ ਨੂੰ ਆਣ ਦਾ ਇਸ਼ਾਰਾ ਕੀਤਾ।

--- ਮੈਂ ਸੋਚ ਕੇ ਤੈਨੂੰ ਇਸ ਬਾਰੇ ਦੱਸਾਂ ਗਾ।

--- ਹੱਛਾ ਹੱਛਾ, ਠੀਕ ਏ।

ਆਬਿਦਾ ਨੇ ਬੜੇ ਪਿਆਰ ਨਾਲ਼ ਮੁਸਕਾਂਦਿਆਂ ਕਿਹਾ।

--- ਸੋਚ ਲੈ। ਮੈਂ ਤੇਰੇ ਫ਼ੋਨ ਨੂੰ ਉਡੀਕਾਂਗੀ।

ਉਹ ਬਾਰਬੀ ਨਾਲ਼ ਬਾਹਰ ਆ ਗਿਆ। ਟੈਕਸੀ ਮੰਗਾਈ ਤੇ ਘਰ ਵੱਲ ਤੁਰ ਪਏ। ਘਰ ਅਪੜਦੇ ਤੀਕਰ ਉਹਦੇ ਦਮਾਗ਼ ਵਿੱਚ ਇੱਕ ਤੂਫ਼ਾਨ ਆਇਆ ਖਲੋਤਾ ਸੀ। ਓਹਨੂੰ ਸਮਝ ਨਹੀਂ ਸੀ ਆ ਰਹੀ ਉਹ ਕੀ ਕਰੇ। ਇਸ ਮਸ਼ੀਨ ਨਾਲ਼ ਤੇ ਉਹ ਖ਼ੁਸ਼ ਨਹੀਂ ਸੀ, ਪਰ ਜੇ ਆਬਿਦਾ ਨੇ ਉਹੀ ਕੁਝ ਈ ਕੀਤਾ

ਜਿਹੜਾ ਉਹ ਪਹਿਲਾਂ ਕਰਦੀ ਰਹੀ ਸੀ ਤੇ ਫ਼ਿਰ ਕੀ ਹੋਵੇ ਗਾ? ਇਨ੍ਹਾਂ ਸੋਚਾਂ ਵਿੱਚ ਹੀ ਡੁੱਬਿਆ ਪਿਆ ਸੀ ਕਿ ਬਾਰਬੀ ਨੇ ਉਹਦੇ ਹੱਥ ਉੱਤੇ ਹੱਥ ਰੱਖ ਦਿੱਤਾ। ਉਹਨੇ ਬਾਰਬੀ ਵੱਲ ਵੇਖਿਆ ਤੇ ਉਹ ਮੁਸਕਾਂਦੀ ਪਈ ਸੀ।

--- ਤੁਸੀਂ ਬੇ ਸ਼ੱਕ ਆਬਿਦਾ ਨਾਲ਼ ਰਹਿ ਲਵੋ।

ਬਾਰਬੀ ਓਹਨੂੰ ਪਈ ਕਹਿੰਦੀ ਸੀ।

--- ਜੇ ਉਹਦੇ ਨਾਲ਼ ਫ਼ਿਰ ਚੰਗੀ ਨਾ ਚੱਲੀ ਤੇ ਮੈਨੂੰ ਫ਼ਿਰ ਲੈ ਆਣਾ। ਮੈਂ ਕਿੱਥੇ ਜਾਣਾ ਏ? ਮੈਂ ਤੇ ਹਮੇਸ਼ਾ ਤੁਹਾਡੇ ਨਾਲ਼ ਈ ਆਂ।

ਬਾਰਬੀ ਦੀ ਇਹ ਗੱਲ ਸੁਣ ਕੇ ਉਹ ਹੋਰ ਡਿਸਟਰਬ ਹੋ ਗਿਆ। ਜਜ਼ਬੇ ਕੀ ਹੁੰਦੇ ਨੇਂ? ਉਹ ਸੋਚਣ ਲੱਗ ਪਿਆ। ਇਹ ਬਾਰਬੀ ਹਰ ਤਰ੍ਹਾਂ ਉਹਦਾ ਖ਼ਿਆਲ ਰਖਦੀ ਸੀ, ਹਰ ਵੇਲੇ ਓਹਨੂੰ ਖ਼ੁਸ਼ ਕਰਨ ਦਾ ਆਹਰ ਕਰਦੀ ਰਹਿੰਦੀ ਸੀ। ਇਹ ਗੱਲ ਉਹ ਕਿਸ ਤਰ੍ਹਾਂ ਕਹਿ ਸਕਦਾ ਸੀ ਕਿ ਇਹ ਜਜ਼ਬਿਆਂ ਤੋਂ ਆਰੀ ਇੱਕ ਮਸ਼ੀਨ ਸੀ? ਪਰ ਇਹ ਗੱਲ ਤੇ ਓਹਨੂੰ ਪਤਾ ਸੀ ਕਿ ਇਹ ਇੱਕ ਮਸ਼ੀਨ ਸੀ। ਉਹਦੇ ਵਿੱਚ ਇਨਸਾਨੀ ਜਜ਼ਬੇ ਉੱਕਾ ਈ ਕੋਈ ਨਹੀਂ ਸਨ। ਇਹ ਉਹਦੀ ਖ਼ੁਸ਼ੀ ਵਿੱਚ ਖ਼ੁਸ਼ ਹੁੰਦੀ ਦਿਸਦੀ ਤੇ ਸੀ, ਪਰ ਇਹਦੀ ਇਹ ਖ਼ੁਸ਼ੀ ਅਸਲ ਤੇ ਨਹੀਂ ਹੁੰਦੀ ਨਾ! ਆਬਿਦਾ ਦੀ ਉਹਦੇ ਨਾਲ਼ ਖ਼ੁਸ਼ੀ ਭਾਵੇਂ ਥੋੜੀ ਸੀ, ਪਰ ਹੁੰਦੀ ਤੇ ਅਸਲ ਈ ਸੀ ਨਾ! ਪਰ ਓਹਨੂੰ ਕਿਸ ਤਰ੍ਹਾਂ ਪਤਾ ਸੀ ਬਈ ਆਬਿਦਾ ਦੀ ਖ਼ੁਸ਼ੀ ਬਣਾਵਟੀ ਨਹੀਂ ਹੁੰਦੀ ਸੀ? ਜੇ ਬਾਰਬੀ ਨੂੰ ਨੰਬਰ ਪਲੇਟ ਨਾ ਲੱਗੀ ਹੁੰਦੀ, ਤੇ ਓਹਨੂੰ ਇਹ ਨਾ ਪਤਾ ਹੁੰਦਾ ਕਿ ਉਹ ਰੋਬੋਟ ਏ, ਤੇ ਉਹਦੇ ਲਈ ਆਬਿਦਾ ਯਾਂ ਬਾਰਬੀ ਦੀ ਖ਼ੁਸ਼ੀ ਵਿੱਚ ਕੋਈ ਫ਼ਰਕ ਤੇ ਨਹੀਂ ਸੀ। ਇਹ ਤੇ ਉਹਦੀ ਸੋਚ ਈ ਸੀ ਕਿ ਆਬਿਦਾ ਦੇ ਉਹਦੇ ਲਈ ਜਜ਼ਬੇ ਸੱਚੇ, ਤੇ ਬਾਰਬੀ ਦੇ ਝੂਟੇ ਸਨ। ਇਹ ਬਾਰਬੀ ਬਾਰੇ ਉਹਦਾ ਇਲਮ ਸੀ ਜਿਹੜਾ ਬਾਰਬੀ ਦੇ ਜਜ਼ਬਿਆਂ ਨੂੰ ਉਹਦੇ ਲਈ ਬੇ ਵੁਕਅਤ ਪਿਆ ਕਰਦਾ ਸੀ। ਪਰ ਕੀ ਓਹਨੂੰ ਇਹ ਪੱਕ ਸੀ ਕਿ ਆਬਿਦਾ ਉਹਦੇ ਨਾਲ਼ ਸੱਚੇ ਜਜ਼ਬਿਆਂ ਵਜ੍ਹੋਂ ਰਹਿਣਾ ਚਾਂਦੀ ਸੀ, ਕਿਸੇ ਲਾਲਚ ਯਾਂ ਲੋੜ ਮਾਰੇ ਨਹੀਂ?

ਇਨ੍ਹਾਂ ਈ ਸੋਚਾਂ ਤੋਂ ਪ੍ਰੇਸ਼ਾਨ ਹੋ ਕੇ ਉਹ ਬਾਰਬੀ ਦੀ ਗੋਦ ਵਿੱਚ ਸਿਰ ਰੱਖ ਕੇ ਲੇਟ ਗਿਆ ਤੇ ਉਹਦੀਆਂ ਅੱਖਾਂ ਵਿੱਚ ਅਥਰੂ ਆ ਗਏ। ਉਹਦੇ ਅਥਰੂ ਵੇਖ ਕੇ ਬਾਰਬੀ ਨੇ ਝੁੱਕ ਕੇ ਉਹਦਾ ਮੂੰਹ ਚੁੰਮ ਲਿਆ, ਤੇ ਨਾਲ਼ ਈ ਓਹਨੂੰ ਇਸ ਤਰ੍ਹਾਂ ਲੱਗਿਆ ਜਿਸ ਤਰ੍ਹਾਂ ਬਾਰਬੀ ਦਾ ਇੱਕ ਅਥਰੂ ਉਹਦੇ ਮੂੰਹ ਉੱਤੇ ਡਿੱਗਿਆ ਹੋਵੇ। ਏਸ ਮੌਕੇ ਤੇ ਅੱਥਰੂ ਡਿਗਣਾ ਭਾਵੇਂ ਬਾਰਬੀ ਦੇ ਸਾਫ਼ਟ ਵੇਅਰ ਵਿੱਚ ਕੋਡਿਡ ਈ ਕਿਉਂ ਨਾ ਹੋਵੇ, ਇਨਸਾਨੀ ਜਜ਼ਬਿਆਂ ਤੋਂ ਕਿੰਨਾ ਈ ਆਰੀ ਕਿਉਂ ਨਾ ਹੋਵੇ, ਉਹਦੇ ਇਨਸਾਨੀ ਜਜ਼ਬਿਆਂ ਲਈ ਇਹ ਅੱਥਰੂ ਇੱਕ ਅਨਮੋਲ ਭੇਂਟ ਸੀ। ਓਹਨੂੰ ਆਪਣੇ ਉਹ ਸਾਰੇ ਅਥਰੂ ਚੇਤੇ ਆ ਗਏ ਜਿਹੜੇ ਉਹਨੇ ਆਬਿਦਾ ਨੂੰ ਰੋਕਣ ਲਈ ਵਗਾਏ ਸਨ।

ਉਹ ਬਾਰਬੀ ਨੂੰ ਜੱਫੀ ਪਾ, ਚੀਕਾਂ ਮਾਰ ਮਾਰ ਕੇ ਰੋਣ ਲੱਗ ਪਿਆ। ਤੇ ਬਾਰਬੀ ਵੀ।

# ਲਾਸ਼/ਲੋਥ

ਓਹ ਘਰ ਵਿੱਚ ਕੱਲਾ ਸੀ, ਤੇ ਰਾਤ ਉਹਨੇ ਤਾਰੇ ਦੀ ਲਾਸ਼ ਨਾਲ਼ ਲੰਘਾਣੀ ਸੀ।

ਤਾਰਾ ਦੁਪੈਹਰੇ ਮਰ ਗਿਆ। ਸੱਠ ਵਰ੍ਹਿਆਂ ਦਾ ਤਾਰਾ ਮਾਲੀ ਵੀ ਸੀ ਤੇ ਚੌਂਕੀਦਾਰ ਵੀ। ਲੋੜ ਪੈਣ ਤੇ ਡਰਾਈਵਿੰਗ ਵੀ ਕਰ ਲੈਂਦਾ। ਦਸ ਵਰ੍ਹਿਆਂ ਤੋਂ ਇੱਥੇ ਨੌਕਰ ਸੀ ਤੇ ਉਹਦੇ ਨਾਲ਼ ਈ ਕਵਾਟਰ ਵਿੱਚ ਰਹਿੰਦਾ। ਟੱਬਰ ਪਿੰਡ ਸੀ। ਖ਼ਬਰ ਘੱਲੀ। ਘਰ ਵਾਲਿਆਂ ਨੇ ਸਰਗੀ ਅਪੜਨਾ ਸੀ, ਮਈਯਤ ਲੈਣ।

ਅਜੇ ਘਰ ਵਿੱਚ ਇਹ ਬਹਿਸ ਹੀ ਪਈ ਹੁੰਦੀ ਸੀ ਕਿ ਲਾਸ਼ ਨੂੰ ਰਾਤੀ ਸਰ੍ਦ ਖ਼ਾਨੇ/morgue ਰਖਵਾਣ ਦੀ ਲੋੜ ਏ ਯਾਂ ਪੋਹ ਦੀ ਠੰਡੀ ਰਾਤ ਲਾਸ਼ ਘਰ ਵੀ ਰੱਖੀ ਜਾ ਸਕਦੀ ਏ, ਕਿ ਸਾਹਬ ਦੇ ਪਿੰਡੋਂ ਟੱਲੀ ਵੱਜ ਗਈ। ਸਾਹਬ ਦੀ ਦਾਦੀ ਫ਼ੌਤ/passed away ਹੋ ਗਈ ਸੀ। ਹੁਣ ਨਵਾਂ ਪੁਆੜਾ ਖੁੱਲ ਗਿਆ। ਫ਼ੌਰੀ ਪਿੰਡ ਅਪੜਨਾ ਵੀ ਜ਼ਰੂਰੀ ਸੀ ਤੇ ਘਰ ਵਿੱਚ ਲਾਸ਼ ਵੀ ਕੱਲੀ ਛੱਡੀ ਨ੍ਹੀਂ ਸੀ ਜਾ ਸਕਦੀ। ਛੇਤੀ ਵਿੱਚ ਲਾਸ਼ ਨੂੰ ਸਰ੍ਦ ਖ਼ਾਨੇ ਛੱਡਣ ਦਾ ਪ੍ਰਬੰਧ ਵੀ ਨ੍ਹੀਂ ਸੀ ਕੀਤਾ ਜਾ ਸਕਦਾ। ਅਖ਼ੀਰ ਉਹੀ ਹੋਇਆ ਜਿਹਦਾ ਓਹਨੂੰ ਡਰ ਸੀ। ਓਹਨੂੰ ਘਰ ਵਿੱਚ ਲਾਸ਼ ਨਾਲ਼ ਈ ਛੱਡ ਦਿੱਤਾ ਗਿਆ। ਕੱਲਿਆਂ।

ਓਹ ਬਥੇਰਾ ਕੂਕਿਆ ਬਈ ਲਾਸ਼ ਕੀ ਰਾਤੀ ਕਿਸੇ ਚੁੱਕ ਲਿਜਾਣੀ ਏ? ਯਾਂ ਉਹਨੇ ਆਪੇ ਹੀ ਕਿੱਥੇ ਨੱਸ ਜਾਣਾ ਏ? ਹੋਰ ਕੁਝ ਨ੍ਹੀਂ ਤੇ ਘੱਟੋ ਘੱਟ ਉਹਨੂੰ ਉਹਦੇ ਕਵਾਟਰ ਵਿਚ ਈ ਸੌਣ ਦੇਣ। ਉਹ ਘੁੱਟ ਕੇ ਬੂਹਾ ਮਾਰ ਲਵੇ ਗਾ। ਪਰ ਓਹਨੂੰ ਘਰ ਵਿੱਚ ਈ ਰਹਿਣਾ ਸੀ, ਤਾਰੇ ਦੀ ਲਾਸ਼ ਨਾਲ਼।

ਇੱਕ ਤੇ ਉਹ ਪਹਿਲਾਂ ਹੀ ਹੌਲੇ ਦਿਲ ਦਾ ਸੀ। ਹੱਟੀ ਤੇ ਕੁੱਕੜ ਜ਼ਿਬਾਈ ਤੇ ਜਰ ਲੈਂਦਾ, ਪਰ ਵੱਡੀ ਈਦ ਉੱਤੇ ਭੇਡੂ ਜ਼ਿਬ੍ਹਾ ਹੁੰਦਾ ਉਹਦੇ ਕੋਲੋਂ ਨਾ ਵੇਖਿਆ ਜਾਂਦਾ। ਉੱਤੋਂ ਰੱਬ ਦੀ ਕਰਨੀ ਇਹ ਹੋਈ ਕਿ ਤਾਰਾ ਮਰਿਆ ਵੀ ਉਹਦੀਆਂ ਬਾਂਹਵਾਂ ਵਿੱਚ ਈ। ਬੈਠਿਆਂ ਅਚਾਨੱਕ ਈ ਤਾਰੇ ਦੀ ਛਾਤੀ ਵਿੱਚ ਜ਼ੋਰ ਦੀ ਪੀੜ ਉੱਠੀ। ਪਾਣੀ ਫੜ ਕੇ ਛਾਤੀ ਮਲਦਿਆਂ ਈ ਤਾਰਾ ਤੜਫ਼ ਤੜਫ਼ ਕੇ ਮਰ ਗਿਆ, ਉਹਦੇ ਹੱਥਾਂ ਵਿੱਚ ਹੀ। ਤੜਫ਼ਦੇ ਤੜਫ਼ਦੇ ਇੱਕ ਦੰਮ ਢੈ ਪਿਆ। ਢੈਂਦੇ ਹੀ ਤਾਰੇ ਦਾ ਵਜ਼ਨ ਕਈ ਗੁਣਾ ਵੱਧ ਗਿਆ, ਜਿਹਦੀ ਵਜ੍ਹਾ ਤੋਂ ਓਹ ਤਾਰੇ ਉੱਤੇ ਲਿੱਫ਼ ਗਿਆ। ਲਿੱਫ਼ਨ ਨਾਲ਼ ਉਹਦੀਆਂ ਅੱਖਾਂ ਤਾਰੇ ਦੀਆਂ ਅੱਖਾਂ ਦੀ ਟੱਕਰ ਤੇ ਆ ਗਈਆਂ। ਤਾਰੇ ਦੀਆਂ ਅੱਖਾਂ ਓਹਨੇ ਦਸ ਵਰ੍ਹਿਆਂ ਵਿੱਚ ਪਹਿਲੀ ਵਾਰੀ ਇੰਨੀ ਨੇੜਿਓਂ ਵੇਖੀਆਂ ਸਨ। ਤੇ ਇੰਨੇ ਗ਼ੌਰ ਨਾਲ਼ ਵੀ। ਤਾਰੇ ਦੀ ਲਾਸ਼ ਦੀਆਂ ਅੱਖਾਂ ਵੇਖ ਕੇ ਓਹਨੂੰ ਕੱਲ੍ਹ ਲਿਆਂਦੀ ਮੋਈ ਮੱਛੀ ਦੀਆਂ ਅੱਖਾਂ ਚੇਤੇ ਆ ਗਈਆਂ।

ਉਹ ਗੇਟ ਬੰਦ ਕਰ ਕੇ ਮੁੜਿਆ ਤੇ ਮਗ਼ਰਿਬ ਦੀਆਂ ਅਜ਼ਾਨਾਂ ਹੋ ਗਈਆਂ। ਮੁਅੱਜ਼ਨ ਕੋਈ ਵਾਹਵਾ ਸੁਰੀਲਾ ਸੀ, ਜਿਹਦੇ ਉਦਾਸ ਸੁਰਾਂ ਵਜੋਂ ਉਹਦਾ ਦਿਲ ਡੁੱਬਣ ਲੱਗ ਪਿਆ। ਮਗ਼ਰਿਬ ਵੇਲੇ ਦਾ ਮੈਲ਼ਾ ਮੈਲ਼ਾ ਚਾਨਣ, ਪੋਹ ਦੀ ਠੰਡੀ ਠੰਡੀ ਧੁੰਦ, ਘਰ ਵਿੱਚ ਲਾਸ਼ ਨਾਲ਼ ਕੱਲਾ, ਤੇ ਹੁਣ ਇਹ ਉਦਾਸ ਸੁਰਾਂ ਵਿੱਚ ਮੌਲਵੀ ਦੀ ਬਾਂਗ। ਅੰਦਰ ਵੜਦੇ ਉਹਨੇ ਲਾਊਂਜ/lounge ਦੇ ਵਾਲ਼ ਕਲਾਕ ਤੇ ਨਜ਼ਰ ਮਾਰੀ। ਅਜੇ ਛੇ ਵੀ ਨ੍ਹੀਂ ਸਨ ਵੱਜੇ। ਦਿਨ ਚੜ੍ਹਨ ਵਿੱਚ, ਤਾਰੇ ਦੇ ਵਾਰਿਸ ਆਣ ਵਿੱਚ, ਤੇ ਲਾਸ਼ ਦੇ ਜਾਣ ਵਿੱਚ ਘੱਟੋ ਘੱਟ ਬਾਰ੍ਹਾਂ ਘੰਟੇ ਪਏ ਸਨ।

ਘਰ ਦਾ ਵੱਡਾ ਬੂਹਾ ਢੋ ਕੇ ਉਹ ਲਾਸ਼ ਆਲੇ ਕੰਮਰੇ ਵਿੱਚ ਆ ਗਿਆ। ਲਾਸ਼ ਬਿਸਤਰ ਤੇ ਲੰਮੀ ਪਈ ਸੀ, ਸਿੱਧੀ ਕੰਡ ਦੇ ਬਲ, ਮੂੰਹ ਛੱਤ ਵਲ। ਆਮ ਜਨਾਜ਼ਿਆਂ ਦੀਆਂ ਲਾਸ਼ਾਂ ਵੰਗਰ ਸਿਮਟੀ ਸਿਮਟਾਈ, ਚੱਦਰ ਵਿੱਚ ਨ੍ਹੀਂ ਸੀ ਪਈ। ਦੋਵੇਂ ਬਾਂਹਵਾਂ ਜੁੱਸੇ ਤੋਂ ਬਾਹਰ ਨਿਕਲੀਆਂ ਹੋਈਆਂ ਸਨ ਤੇ ਅੱਧ ਖੁੱਲ੍ਹੀਆਂ ਲੱਤਾਂ ਦੇ ਸਿਰਿਆਂ ਤੇ ਮੋਏ ਪੰਜੇ ਵੀ ਬਾਹਰ ਨੂੰ ਮੁੜੇ ਹੋਏ ਸਨ। ਇਸ ਤਰ੍ਹਾਂ ਲਗਦਾ ਸੀ ਜਿਸ ਤਰ੍ਹਾਂ ਓਹਨੂੰ ਚੁੱਕ ਕੇ ਉੱਥੇ ਨਾ ਪਾਇਆ ਹੋਵੇ, ਸਗੋਂ ਉਹ ਖਲੋਤਾ ਖਲੋਤਾ ਡਿੱਗ ਕੇ ਮਰ ਗਿਆ ਹੋਏ। ਲਗਦਾ ਸੀ ਬਸ ਹੁਣੇ ਉਠ ਬੈਠੇ ਗਾ। ਇਸ ਤਰ੍ਹਾਂ ਪਈ ਲਾਸ਼ ਨੂੰ ਵੇਖ ਕੇ ਉਹਨੂੰ ਹੋਰ ਡਰ ਲੱਗਣ ਲੱਗ ਪਿਆ। ਓਹਨੇ ਅਲਮਾਰੀ ਵਿੱਚੋਂ ਚੱਦਰ ਕੱਢ ਕੇ ਲਾਸ਼ ਨੂੰ ਢੱਕ ਦਿੱਤਾ। ਪੈਰਾਂ ਤੋਂ ਲੈ ਕੇ ਸਿਰ ਤੀਕਰ। ਫ਼ਿਰ ਉਹ ਸੈਡ ਤੇ ਪਏ ਸੋਫ਼ੇ ਉੱਤੇ ਬਹਿ ਗਿਆ। ਨਾ ਚਾਹੁੰਦੇ ਹੋਏ ਵੀ ਉਹਦੀਆਂ ਨਜ਼ਰਾਂ ਬਾਰ ਬਾਰ ਲਾਸ਼ ਵੱਲ ਉੱਠ ਜਾਂਦੀਆਂ। ਉਹਨੇ ਡਾਹਢੀ ਕੋਸ਼ਿਸ਼ ਕੀਤੀ ਬਈ ਉਹਦਾ ਧਿਆਣ ਕਿਸੇ ਹੋਰ ਪਾਸੇ ਲੱਗੇ, ਪਰ ਨਾ। ਫ਼ਿਰ ਉਹਨੂੰ ਲੱਗਿਆ ਜਿਸ ਤਰ੍ਹਾਂ ਲਾਸ਼ ਉੱਤੇ ਪਈ ਚੱਦਰ ਹਿੱਲੀ ਹੋਏ। ਉਹਦਾ ਤ੍ਰਾਹ ਨਿਕਲ਼ ਗਿਆ। ਦਿਲ ਜ਼ੋਰ ਜ਼ੋਰ ਨਾਲ਼ ਧੜਕਣ ਲੱਗ ਪਿਆ। ਲਾਸ਼ ਨੂੰ ਉਹਨੇ ਤਾੜੀ ਲਾ ਲਈ। ਕੁਝ ਚਿਰ ਤੇ ਕੁਝ ਵੀ ਨਾ ਹਿਲਿਆ, ਫ਼ਿਰ ਉਹਨੂੰ ਇੰਜ ਜਾਪਣ ਲੱਗ ਪਿਆ ਜਿਸ ਤਰ੍ਹਾਂ ਤਾਰਾ ਚੱਦਰ ਵਿੱਚ ਸਾਹ ਪਿਆ ਲੈਂਦਾ ਹੋਵੇ। ਪੋਹ ਦੀ ਸ਼ਾਮ ਦੀ ਠੰਡ ਵੀ ਓਹਦੇ ਮੱਥੇ ਦਾ ਮੁੜ੍ਹਕਾ ਨਾ ਡਕ ਸਕੀ। ਉਹਨੂੰ

ਮਹਿਸੂਸ ਹੋਣ ਲੱਗ ਪਿਆ ਜਿਸ ਤਰ੍ਹਾਂ ਤਾਰਾ ਉੱਠਣ ਲੱਗਾ ਏ। ਹੁਣ ਉੱਠਿਆ ਕਿ ਹੁਣ। ਉਹਦਾ ਦਿਲ ਛਾਤੀ ਫਾੜ ਕੇ ਬਾਹਰ ਆਣ ਨੂੰ ਜੁੱਟ ਗਿਆ। ਦੋ ਕੂ ਮਿੰਟ ਤੇ ਉਹਨੇ ਬਰਦਾਸ਼ਤ ਕੀਤਾ, ਪਰ ਦਿਲ ਇੰਨੀ ਕੂ ਜ਼ੋਰ ਨਾਲ਼ ਪਿਆ ਵਜਦਾ ਸੀ ਕਿ ਉਹਦੇ ਦਿਲ ਵਿੱਚ ਪੀੜ ਹੋਣ ਲੱਗ ਪਈ। ਉਹ ਉੱਥੋਂ ਉੱਠ ਕੇ ਨੱਸ ਜਾਣਾ ਚਾਹੁੰਦਾ ਸੀ, ਪਰ ਲੱਤਾਂ ਵਿੱਚ ਜਾਣ ਈ ਨ੍ਹੀਂ ਸੀ ਰਹੀ। ਉਹਨੂੰ ਲੱਗਿਆ ਕਿ ਹੁਣ ਦੋ ਮਿੰਟ ਵੀ ਉਹ ਹੋਰ ਇਸੇ ਤਰ੍ਹਾਂ ਬੈਠਿਆ ਰਿਹਾ ਤੇ ਉਹਦਾ ਦਿਲ ਪਾਟ ਜਾਏ ਗਾ। ਤੇ ਜੇ ਦਿਲ ਨਾ ਪਾਟਿਆ ਤੇ ਲਾਸ਼ ਉੱਠ ਬੈਠੇ ਗੀ।

ਅਜ਼ੀਅਤ ਨਾਲ਼ ਉਹਦੇ ਢਿੱਡ ਵਿੱਚ ਪੀੜ ਹੋਣ ਲਗ ਪਈ। ਉਹ ਹੌਲੀ ਹੌਲੀ ਉੱਠਿਆ ਤੇ ਲਾਸ਼ ਦੀ ਪੁਆਂਦੀ ਵੱਲੋਂ ਚੱਦਰ ਦਾ ਕੋਨਾ ਫੜ ਕੇ ਸਿਰਕਾਇਆ। ਇੱਕ ਵਾਰੀ ਤੇ ਓਹਨੂੰ ਲੱਗਿਆ ਜਿਸ ਤਰ੍ਹਾਂ ਲੋਥ ਨੇ ਅਪਣਾ ਹੱਥ ਹਿਲਾਇਆ ਹੋਵੇ। ਜੀਅ ਕੜਾ ਕਰ ਕੇ ਓਹਨੇ ਸਾਰੀ ਦੀ ਸਾਰੀ ਚੱਦਰ ਖਿੱਚ ਲਈ। ਲਾਸ਼ ਓਸੇ ਤਰ੍ਹਾਂ ਪਈ ਸੀ ਜਿਸ ਤਰ੍ਹਾਂ ਉਹਨੂੰ ਲੰਮਿਆ ਪਾਇਆ ਸੀ। ਉਹ ਕਈ ਸਕਿੰਡ ਲੋਥ ਨੂੰ ਵੇਖਦਾ ਰਿਹਾ। ਅਜੀਬ ਜਿਹੀ ਸ਼ਕਲ ਹੋ ਚੱਲੀ ਸੀ ਲਾਸ਼ ਦੀ। ਉਹਦਾ ਮੂੰਹ ਵੀ ਤਾਰੇ ਕੋਲੋਂ ਵੱਡਾ ਪਿਆ ਦਿਸਦਾ ਸੀ ਤੇ ਰੰਗ ਵੀ ਪੱਕਾ। ਉਹਨੇ ਪੱਕ ਕੀਤਾ ਕਿ ਨਾ ਤੇ ਲਾਸ਼ ਜ਼ਰਾ ਵੀ ਹਿੱਲੀ ਹੋਈ ਸੀ, ਤੇ ਨਾ ਈ ਹੁਣ ਪਈ ਹਿਲਦੀ ਸੀ। ਜਦੋਂ ਉਹਦੀ ਤਸੱਲੀ ਹੋ ਗਈ ਤੇ ਉਹ ਚੱਦਰ ਬਿਸਤਰ ਦੀ ਸੈਡ ਤੇ ਰੱਖ ਕੇ ਫ਼ਿਰ ਸੋਫ਼ੇ ਉੱਤੇ ਬਹਿ ਗਿਆ। ਘੜੀ ਤੇ ਨਜ਼ਰ ਮਾਰੀ, ਛੇ ਵੱਜ ਕੇ ਦੋ ਮਿੰਟ ਹੋਏ ਸਨ। ਇੱਕ ਲੰਮੀ ਰਾਤ ਦੀ ਅਜ਼ੀਅਤ ਦੇ ਖ਼ਿਆਲ ਨਾਲ਼ ਉਹਦਾ ਦਿਲ ਬਹਿ ਗਿਆ।

ਓਹਨੇ ਸੋਚਿਆ ਉੱਥੇ ਬੈਠੇ ਬੈਠੇ ਤੇ ਰਾਤ ਨ੍ਹੀਂ ਲੰਘਣੀ, ਕਿਓਂ ਨਾ ਘਰ ਨੂੰ ਜੰਦਰਾ ਮਾਰ ਕੇ ਆਪਣੇ ਕਵਾਟਰ ਵਿੱਚ ਸੌਂ ਜਾਵੇ। ਸਵੇਰੇ ਲਾਸ਼ ਦੇ ਵਾਰਿਸ ਆਣ ਗੇ ਤੇ ਗੇਟ ਖੋਲ੍ਹਣ ਤੋਂ ਪਹਿਲਾਂ ਘਰ ਖੋਲ੍ਹ ਦਵੇ ਗਾ, ਕਿਸੇ ਨੂੰ ਕੀ ਪਤਾ ਲਗਣੈ? ਦੂਜਾ ਲਾਸ਼ ਨੂੰ ਕੀ ਹੋਣੈ, ਇੱਥੇ ਈ ਪਈ ਰ੍ਹਵੇ ਗੀ। ਇਹ ਸੋਚ ਕੇ ਉੱਠਿਆ ਤੇ ਕੰਮਰਿਓਂ ਬਾਹਰ ਨਿਕਲ਼ ਗਿਆ। ਘਰ ਦੇ ਵੱਡੇ ਬੂਹੇ ਨੂੰ ਜੰਦਰਾ ਮਾਰ ਕੇ ਕਵਾਟਰ ਵਲ ਮੁੜਿਆ ਈ ਸੀ ਕਿ ਉਹਨੂੰ ਖ਼ਿਆਲ ਆਇਆ ਬਈ ਲਾਸ਼ ਵਾਲੇ ਕੰਮਰੇ ਦਾ ਬੂਹਾ ਤੇ ਬੰਦ ਈ ਨ੍ਹੀਂ ਸੀ ਕੀਤਾ। ਜੇ ਘਰ ਅੰਦਰ ਕੋਈ ਆਵਾਰਾ ਬਿੱਲੀ ਲੁਕੀ ਹੋਈ ਤੇ ਫ਼ਿਰ? ਜੇ ਉਹ ਰਾਤ ਨੂੰ ਲਾਸ਼ ਦੀਆਂ ਬੋਟੀਆਂ ਨੋਚ ਨੋਚ ਕੇ ਖਾਂਦੀ ਰਹੀ ਤੇ? ਸਵੇਰੇ ਉਹ ਲਾਸ਼ ਦੇ ਵਾਰਸਾਂ ਨੂੰ ਕੀ ਜਵਾਬ ਦਏ ਗਾ? ਇਹ ਸੋਚਦੇ ਸੋਚਦੇ ਈ ਉਹਦੀਆਂ ਅੱਖਾਂ ਅੱਗੇ ਬਿੱਲੀ ਹੱਥੋਂ ਅੱਧ ਖਾਦੀ ਲਾਸ਼ ਦੀ ਤਸਵੀਰ ਆ ਗਈ। ਆਂਤੜਾਂ ਬਾਹਰ, ਖ਼ੂਨੋ ਖ਼ੂਨ ਢਿੱਡ। ਇੱਕ ਅੱਖ ਉਧੜੀ ਪਈ। ਡੇਲਾ ਬਿਸਤਰ ਤੇ ਸਰਹਾਂਦੀ ਪਿਆ ਤੇ ਅੱਖ ਦੀ ਮੋਰੀ ਵਿੱਚੋਂ ਰੱਤ ਤੇ ਦਿਮਾਗ਼ ਦਾ ਰਲਿਆ ਮਿਲਿਆ ਮਲਗ਼ੂਬਾ ਪਿਆ ਵਗਦਾ। ਇਸ ਹੁਲੀਏ ਵਿੱਚ ਲੋਥ ਹੋਰ ਵੀ ਡਰਾਉਣੀ ਪਈ ਲਗਦੀ ਸੀ। ਨਾ ਚਾਹੁੰਦੇ ਹੋਏ ਵੀ ਉਹ ਪਰਤ ਆਇਆ। ਜੰਦਰਾ ਖੋਲ੍ਹ ਕੇ ਲਾਸ਼ ਵਾਲੇ ਕੰਮਰੇ ਵਿੱਚ ਗਿਆ, ਬਿਸਤਰੇ ਦੇ ਥੱਲੇ ਤੇ ਇੱਧਰ ਉੱਧਰ ਚੰਗੀ ਤਰ੍ਹਾਂ ਨਜ਼ਰ ਮਾਰੀ

ਕਿਤੇ ਕੋਈ ਆਵਾਰਾ ਬਿੱਲੀ ਤੇ ਨ੍ਹੀਂ ਲੁਕੀ ਹੋਈ? ਕੋਈ ਵੀ ਨ੍ਹੀਂ ਸੀ। ਤਸੱਲੀ ਕਰ ਕੇ ਉਹਨੇ ਕੰਮਰੇ ਦਾ ਬੂਹਾ ਢੋ ਦਿੱਤਾ ਤੇ ਘਰ ਦੇ ਵੱਡੇ ਬੂਹੇ ਨੂੰ ਜੰਦਰਾ ਮਾਰ ਕੇ ਆਪਣੇ ਕਵਾਟਰ ਵਿੱਚ ਆ ਗਿਆ।

ਬੱਤੀ ਬਾਲ੍ਹ ਕੇ ਮੰਜੀ ਉੱਤੇ ਲੰਮੇ ਪੈਂਦਿਆਂ ਈ ਉਹਨੂੰ ਜਾਪਿਆ ਉਹਦੇ ਸਰਹਾਂਦੀ ਹੀ ਤੇ ਤਾਰੇ ਦੀ ਮੰਜੀ ਵਿਛੀ ਸੀ। ਨਾਲ਼ ਈ ਉਹਨੂੰ ਝਾਕਾ ਪਿਆ ਜਿਸ ਤਰ੍ਹਾਂ ਲਾਸ਼ ਤਾਰੇ ਦੀ ਮੰਜੀ ਉੱਤੇ ਈ ਪਈ ਹੋਵੇ। ਓਹ ਉੱਠ ਕੇ ਬਹਿ ਗਿਆ। ਸਰਹਾਣਾ ਚੁੱਕ ਕੇ ਆਪਣੀ ਪੁਆਂਦੀ ਰੱਖਿਆ ਤੇ ਫ਼ਿਰ ਲੰਮਾ ਪੈ ਗਿਆ। ਈਸ ਤਰ੍ਹਾਂ ਹੁਣ ਤਾਰੇ ਦੀ ਮੰਜੀ ਉਹਦੀਆਂ ਨਜ਼ਰਾਂ ਸਾਮ੍ਹਣੇ ਸੀ। ਪੰਜ ਕੁ ਮਿੰਟ ਇਸੇ ਤਰ੍ਹਾਂ ਲੰਘੇ ਤੇ ਉਹਨੂੰ ਖ਼ਿਆਲ ਆਇਆ ਬਈ ਬਿੱਲੀ ਤੇ ਲਾਸ਼ ਵਾਲੇ ਕੰਮਰੇ ਕੋਈ ਨ੍ਹੀਂ ਸੀ, ਪਰ ਚੂਹੇ ਤੇ ਹੋਣ ਗੇ। ਤੇ ਜੇ ਸਾਰੀ ਰਾਤ ਲਾਸ਼ ਕੱਲੀ ਪਈ ਰਹੀ ਤੇ ਚੂਹੇ ਤੇ ਉਹਨੂੰ ਕੁਤਰ ਕੁਤਰ ਕੇ ਫੀਤੀ ਫੀਤੀ ਕਰ ਛੱਡਣ ਗੇ। ਹੁਣ ਉਹਦੇ ਦਮਾਗ਼ ਵਿੱਚ ਲਾਸ਼ ਆਈ ਜਿਹਦੇ ਹੱਥ ਤੇ ਪੈਰ ਚੂਹਿਆਂ ਨੇ ਕੁਤਰ ਕੇ ਜੁੱਸੇ ਤੂੰ ਵਖਰੇ ਕਰ ਦਿੱਤੇ ਹੋਏ ਸਨ। ਸਾਰਾ ਬਿਸਤਰ ਲਹੂ ਵਿੱਚ ਲੁਥੜਿਆ ਪਿਆ ਸੀ, ਤੇ ਲਾਸ਼ ਦੇ ਬੁੱਲ੍ਹਾਂ ਅਤੇ ਨੱਕ ਵੀ ਚੂਹਿਆਂ ਨੇ ਕੁਤਰ ਛੱਡੇ ਸਨ, ਜਿਹਦੀ ਵਜ੍ਹਾ ਤੋਂ ਉਹਦਾ ਮੂੰਹ ਅਜੀਬ ਹੈਬਤ ਨਾਕ ਪਿਆ ਲਗਦਾ ਸੀ। ਉਹ ਫ਼ਿਰ ਉੱਠਿਆ ਤੇ ਘਰ ਵਿੱਚ ਜਾ ਕੇ ਲਾਸ਼ ਦੇ ਸਾਮ੍ਹਣੇ ਪਏ ਸੋਫ਼ੇ ਉੱਤੇ ਬਹਿ ਗਿਆ। ਫ਼ਿਰ ਘੜੀ ਤੇ ਨਜ਼ਰ ਪਈ ਤੇ ਸੱਤ ਵਜ ਕੇ ਬਾਰ੍ਹਾਂ ਮਿੰਟ ਹੋਏ ਸਨ। ਉਹਨੂੰ ਲੱਗਿਆ ਜਿਵੇਂ ਪੋਹ ਦੀ ਠੰਡ ਨੇ ਵੇਲ਼ਾ ਈ ਜੰਮਾ ਦਿੱਤਾ ਹੋਵੇ। ਲੰਘ ਈ ਨ੍ਹੀਂ ਸੀ ਰਿਹਾ। ਨਾਲ਼ ਈ ਓਹਨੂੰ ਇਹਸਾਸ ਹੋਇਆ ਕਿ ਕੰਮਰੇ ਵਿੱਚ ਟੰਗੇ ਵਾਲ਼ ਕਲਾਕ ਦੀ ਸਕਿੰਡਾਂ ਦੀ ਸੂਈ ਤੇ ਰੌਲਾ ਪਾਇਆ ਹੋਇਆ ਸੀ। ਉਹਦੀ ਹਰ ਛਾਲ ਨਾਲ਼ ਕਲਿਕ ਦੀ ਆਵਾਜ਼ ਇਸ ਤਰ੍ਹਾਂ ਸੀ ਜਿਸ ਤਰ੍ਹਾਂ ਪੂਰੇ ਕੰਮਰੇ ਵਿੱਚ ਪਈ ਗਜਦੀ ਹੋਵੇ।

ਵਾਹਵਾ ਚਿਰ ਉਹ ਘੜੀ ਦੀ ਕਲਿਕ ਕਲਿਕ ਸੁਣਦਾ ਰਿਹਾ। ਫ਼ਿਰ ਜੋ ਨਜ਼ਰ ਮਾਰੀ ਤੇ ਸਤ ਵੱਜ ਕੇ ਸਤਾਰ੍ਹਾਂ ਮਿੰਟ ਈ ਹੋਏ ਸਨ। ਹੁਣ ਕੀ ਕਰੇ, ਓਹਨੇ ਸੋਚਿਆ। ਟੀਵੀ ਤੇ ਨਜ਼ਰ ਪਈ। ਰਿਮੋਟ ਫੜ ਕੇ ਟੀਵੀ ਲਾ ਲਿਆ। ਖ਼ਬਰਾਂ ਦੇ ਚੈਨਲ ਅੱਗੇ ਪਿੱਛੇ ਕਰਦਿਆਂ ਅਚਾਨਕ ਇੱਕ ਚੈਨਲ ਉੱਤੇ ਉਹਦੀ ਉਂਗਲ਼ ਰਿਮੋਟ ਦੇ ਬਟਨ ਉੱਤੇ ਜੰਮ ਗਈ। ਖ਼ਬਰ ਪਈ ਚਲਦੀ ਸੀ ਕਿ ਇੱਕ ਘਰ ਵਿੱਚੋਂ ਮਾਲਿਕ ਮਕਾਨ ਦੀ ਲਾਸ਼ ਲੱਭੀ ਏ। ਮਰਣ ਦਾ ਕਾਰਣ ਦਿਲ ਦੀ ਧੜਕਨ ਦਾ ਬੰਦ ਹੋਣਾ ਸੀ। ਉਹਦਾ ਧਿਆਨ ਫ਼ਿਰ ਤਾਰੇ ਵਲ ਪਰਤ ਗਿਆ। ਸੋਚਣ ਲੱਗਾ ਕਿ ਅਜੇ ਕੁਝ ਘੰਟਿਆਂ ਪਹਿਲਾਂ ਤੀਕਰ ਤੇ ਤਾਰਾ ਬਿਲਕੁਲ ਠੀਕ ਠਾਕ, ਹਸਦਾ ਖੇਡਦਾ ਸੀ। ਅਚਾਨਕ ਈ ਦਿਲ ਦੀ ਧੜਕਨ ਬੰਦ ਹੋਈ ਤੇ ਹੁਣ ਉਹਦੇ ਸਾਮ੍ਹਣੇ ਲਾਸ਼ ਬਣਿਆ ਪਿਆ ਸੀ। ਨਾਲ਼ ਈ ਉਹਦਾ ਖ਼ਿਆਲ ਆਪਣੇ ਦਿਲ ਵਲ ਤੁਰ ਪਿਆ। ਉਹਦਾ ਦਿਲ ਵੀ ਤੇ ਤਾਰੇ ਦੇ ਦਿਲ ਵੰਗਰ ਈ ਸੀ। ਜੇ ਤਾਰੇ ਦਾ ਦਿਲ ਬੈਠੇ ਬਿਠਾਏ ਬਗ਼ੈਰ ਵਜ੍ਹਾ ਤੋਂ ਇੱਕ ਦੰਮ ਬੰਦ ਹੋ ਸਕਦਾ ਸੀ ਤੇ ਉਹਦਾ ਵੀ ਹੋ ਸਕਦਾ ਸੀ। ਕਿਸੇ ਵੇਲੇ ਵੀ। ਇਸ ਗੱਲ ਦਾ ਖ਼ਿਆਲ ਆਂਦੇ ਈ ਉਹਨੂੰ ਛਾਤੀ ਵਿੱਚ ਘੁਟਨ ਜਿਹੀ ਮਹਿਸੂਸ ਹੋਈ ਤੇ ਉਹਨੇ ਇੱਕ ਜ਼ੋਰ ਦਾ ਲੰਮਾ ਸਾਹ ਖਿੱਚਿਆ। ਦਿਲ ਟੋਰਨ ਲਈ ਉਹ ਤੇ ਕੁਝ ਵੀ ਨ੍ਹੀਂ ਸੀ ਕਰਦਾ। ਤੇ ਕੁਝ ਕਰ ਵੀ ਨ੍ਹੀਂ ਸੀ ਸਕਦਾ।

ਦਿਲ ਚੱਲ ਰਿਹਾ ਸੀ ਤੇ ਬਸ ਚੱਲ ਰਿਹਾ ਸੀ। ਕਿਸੇ ਵੇਲੇ ਜੇ ਬੰਦ ਹੋ ਗਿਆ ਤੇ ਬਸ ਬੰਦ। ਉਹਦੇ ਪੱਲੇ ਤੇ ਕੁਝ ਵੀ ਨ੍ਹੀਂ ਸੀ। ਇੱਕ ਦੰਮ ਉਹਨੂੰ ਲੱਗਣ ਲੱਗ ਪਿਆ ਕਿ ਲਾਸ਼ ਵਾਲੇ ਕੰਮਰੇ ਦੀ ਘੜੀ ਦੀ ਕਲਿਕ ਕਲਿਕ ਤੇ ਉਹਦੇ ਦਿਲ ਦੀ ਧੱਕ ਧੱਕ, ਇੱਕ ਦੂਜੇ ਨਾਲ਼ ਪਏ ਚਲਦੇ ਨੇਂ। ਜੇ ਇੱਕ ਰੁੱਕ ਗਈ ਤੇ ਦੂਜਾ ਵੀ ਰੁਕ ਜਾਵੇ ਗਾ। ਇਹ ਸੋਚ ਕੇ ਉਹਨੂੰ ਘਬਰਾਹਟ ਹੋਣ ਲੱਗ ਪਈ। ਉਹਦਾ ਜੀਅ ਕੀਤਾ ਕਿ ਚੈੱਕ ਕਰੇ ਘੜੀ ਦੇ ਸੈੱਲ ਕਿਤੇ ਪੁਰਾਣੇ ਤੇ ਨ੍ਹੀਂ ਹੋ ਗਏ?

ਅਪਣਾ ਧਿਆਨ ਵਟਾਣ ਲਈ ਉਹਨੇ ਸੋਚਿਆ ਚਾਅ ਬਣਾ ਕੇ ਪੀਨਾਂ। ਉਹ ਉੱਠ ਕੇ ਕੰਮਰੇ ਦੇ ਬੂਹੇ ਵਲ ਮੁੜਿਆ ਤੇ ਓਹਨੂੰ ਇੰਜ ਲੱਗਿਆ ਜਿਸ ਤਰ੍ਹਾਂ ਲਾਸ਼ ਵੀ ਉੱਠ ਕੇ ਉਹਦੇ ਨਾਲ਼ ਹੀ ਚੱਲਣ ਲੱਗੀ ਹੋਵੇ। ਉਹ ਘਾਬਰ ਕੇ ਮੁੜਿਆ। ਪਿੱਛੇ ਤੇ ਕੋਈ ਨ੍ਹੀਂ ਸੀ ਪਰ ਉਹਨੂੰ ਇਸ ਤਰ੍ਹਾਂ ਲੱਗਿਆ ਜਿਸ ਤਰ੍ਹਾਂ ਕੋਈ ਉਹਦੇ ਪਿੱਛੇ ਹੇਗਾ ਸੀ, ਜਿਹੜਾ ਉਹਦੇ ਮੁੜਦੇ ਈ ਕਿੱਥੇ ਗ਼ੈਬ ਹੋ ਗਿਆ। ਉਹਨੇ ਫ਼ਿਰ ਲਾਸ਼ ਨੂੰ ਗ਼ੌਰ ਨਾਲ਼ ਵੇਖਿਆ। ਲਾਸ਼ ਉੱਥੇ ਈ ਪਈ ਸੀ। ਉਹਦਾ ਵੱਸ ਚਲਦਾ ਤੇ ਓਹ ਛੂ ਮੰਤਰ ਕਰ ਕੇ ਲਾਸ਼ ਨੂੰ ਹੁਣੇ ਈ ਗ਼ੈਬ ਕਰ ਦਿੰਦਾ।

ਚਾਅ ਬਣਾ ਕੇ ਉਹ ਫ਼ਿਰ ਲਾਸ਼ ਆਲੇ ਕੰਮਰੇ ਵਿੱਚ ਆ ਗਿਆ। ਸਰਦੀ ਬਹੁਤ ਵੱਧ ਗਈ ਸੀ। ਤੱਤੀ ਤੱਤੀ ਚਾਅ ਪੀ ਕੇ ਓਹਨੂੰ ਵਾਹਵਾ ਸੁਆਦ ਆਇਆ। ਜੁੱਸਾ ਗਰਮ ਹੋਇਆ ਤੇ ਉਹਦੇ ਦਮਾਗ਼ ਦੀਆਂ ਨਸਾਂ ਨੂੰ ਵੀ ਸਕੂਨ ਲੱਭਿਆ। ਚਾਅ ਪੀਂਦਿਆਂ ਉਹਨੇ ਫ਼ਿਰ ਟੀਵੀ ਲਾ ਲਿਆ। ਸਿਆਸੀ ਖ਼ਬਰਾਂ ਵੇਖਦਿਆਂ ਓਹਦਾ ਧਿਆਨ ਲਾਸ਼ ਤੋਂ ਹੱਟ ਕੇ ਸਿਆਸਤ ਦਾਨਾਂ, ਜਰਨੈਲਾਂ ਤੇ ਜੱਜਾਂ ਵਲ ਹੋ ਗਿਆ। ਕੁਝ ਚਿਰ ਬਾਅਦ ਈ ਓਹਦੀ ਅੱਖ ਲੱਗ ਗਈ। ਟੀਵੀ ਚਲਦਾ ਰਿਹਾ, ਲਾਸ਼ ਪਈ ਰਹੀ, ਤੇ ਓਹ ਸੁੱਤਾ ਰਿਹਾ। ਫ਼ਿਰ ਅਚਾਨਕ ਉਹਦੀ ਅੱਖ ਖੁੱਲ੍ਹੀ। ਤੱਸ ਨਾਲ਼ ਓਹਦਾ ਗਲਾ ਸੁੱਕਿਆ ਪਿਆ ਸੀ। ਉਹਨੇ ਵਾਲ਼ ਕਲਾਕ ਵੱਲ ਵੇਖਿਆ, ਰਾਤ ਦੇ ਦੋ ਵੱਜ ਰਹੇ ਸਨ। ਟੀਵੀ ਤੇ ਹੁਣ ਵੀ ਸਿਆਸੀ ਖ਼ਬਰਾਂ ਪਈਆਂ ਚਲਦੀਆਂ ਸਨ। ਉਹ ਉੱਠਿਆ ਤੇ ਕਿਚਨ ਵੱਲ ਤੁਰ ਪਿਆ। ਰਾਹ ਵਿੱਚ ਉਹਨੇ ਵੇਖਿਆ ਕਿ ਨਿਰੀ ਦੋ ਕੰਮਰਿਆਂ ਦੀਆਂ ਬੱਤੀਆਂ ਈ ਜਲਦੀਆਂ ਸਨ, ਬਾਕੀ ਦਾ ਸਾਰਾ ਘਰ ਹਨੇਰਾ ਸੀ। ਪਾਣੀ ਪੀ ਕੇ ਉਹਦੀ ਤਬੀਅਤ ਵੱਲ ਹੋਈ। ਅਜੇ ਉਹਨੇ ਗਲਾਸ ਸਿੰਕ ਵਿੱਚ ਰੱਖਿਆ ਈ ਸੀ ਕਿ ਉਹਨੂੰ ਇੰਜ ਲੱਗਿਆ ਜਿਸ ਤਰ੍ਹਾਂ ਬਾਰੀ ਦੇ ਦੂਜੇ ਪਾਸੇ, ਲਾਨ ਵਿੱਚ ਦੋ ਬੰਦੇ ਕਾਂ ਕਰੋਲੀਆਂ ਪਏ ਕਰਦੇ ਹੋਣ। ਸਕਿੰਡ ਦੇ ਹਜ਼ਾਰਵੇਂ ਹਿੱਸੇ ਵਿੱਚ ਉਹਦੀ ਨੀਂਦਰ ਉੱਡ ਗਈ, ਤੇ ਉਹ ਕਿਸੇ ਜੰਗਲ਼ੀ ਜਨੌਰ ਦੀ ਤਰ੍ਹਾਂ ਹੁਸ਼ਿਆਰ ਹੋ ਗਿਆ। ਮਿੱਟੀ ਦੀ ਮੂਰਤ ਹੋ ਕੇ ਬਾਹਰ ਆਵਾਜ਼ਾਂ ਸੁਣਨ ਦੀਆਂ ਕੋਸ਼ਿਸ਼ਾਂ ਕਰਨ ਲੱਗ ਪਿਆ। ਇਹ ਓਹਦਾ ਵਹਿਮ ਨ੍ਹੀਂ ਸੀ, ਬਾਹਰ ਅਸਲੋਂ ਲੋਕੀ ਗੱਲਾਂ ਪਏ ਕਰਦੇ ਸਨ। ਉਹਦਾ ਦਿਲ ਜ਼ੋਰ ਜ਼ੋਰ ਨਾਲ਼ ਧੜਕਨ ਲੱਗ ਪਿਆ। ਇਹ ਜ਼ਰੂਰ ਡਾਕੂ ਸਨ ਜਿਹੜੇ ਕੱਲਾ ਘਰ ਵੇਖ ਕੇ ਲੁੱਟਣ ਆਏ ਸਨ। ਉਹਨੇ ਪੰਜਿਆਂ ਦੇ ਬੱਲ ਹੋ ਕੇ ਉੱਥੋਂ ਨਿਕਲਣ ਦੀ ਕੀਤੀ। ਲਾਊਂਜ ਤੋਂ ਲੰਘਦਿਆਂ ਉਹਨੂੰ ਇੰਜ ਜਾਪਿਆ ਜਿਸ ਤਰ੍ਹਾਂ ਬਾਰੀ ਬਾਹਰੋਂ ਕੋਈ ਨੱਸਿਆ ਹੋਵੇ। ਉਹਦੇ ਮੂੰਹੋਂ ਬੱਸ ਚੀਕ ਈ ਨ੍ਹੀਂ

ਨਿਕਲੀ। ਉਹ ਤਕਰੀਬਨ ਭਜਦਾ ਹੋਇਆ ਲਾਸ਼ ਵਾਲੇ ਕੰਮਰੇ ਅਪੜਿਆ, ਬੂਹਾ ਮਾਰ ਕੇ ਕੁੰਡੀ ਚਾੜ੍ਹੀ, ਤੇ ਛਾਲ ਮਾਰ ਕੇ ਲਾਸ਼ ਦੇ ਸਰਹਾਣੇ ਬਹਿ ਗਿਆ। ਦੋ ਕੂ ਮਿੰਟ ਸਾਹ ਜੋੜਿਆ, ਤੇ ਫ਼ਿਰ ਰੀਮੋਟ ਫੜ ਕੇ ਟੀਵੀ ਦੀ ਆਵਾਜ਼ ਉੱਚੀ ਕਰ ਦਿੱਤੀ। ਬੋਝਿਓਂ ਫ਼ੋਨ ਕੱਢ ਕੇ ਸਾਹਬ ਨੂੰ ਫ਼ੋਨ ਕੀਤਾ। ਸਾਹਬ ਵੀ ਮਰਨ ਵਾਲੇ ਘਰ ਸਨ, ਜਾਗਦੇ ਪਏ ਸਨ। ਉਨ੍ਹਾਂ ਸਾਰੀ ਗੱਲ ਦੱਸੀ। ਸਾਹਬ ਨੇ ਤਸੱਲੀ ਦਿੱਤੀ ਕਿ ਓਹ ਸਕਿਓਰਿਟੀ ਕੰਪਨੀ ਨੂੰ ਫ਼ੋਨ ਕਰ ਦਿੰਦੇ ਨੇਂ। ਪੰਜ ਈ ਮਿੰਟਾਂ ਪਿੱਛੋਂ ਪਰਤ ਕੇ ਸਾਹਬ ਦਾ ਫ਼ੋਨ ਆ ਗਿਆ ਕਿ ਸਕਿਓਰਿਟੀ ਵਾਲੇ ਘਰ ਅਪੜ ਚੁੱਕੇ ਸਨ ਤੇ ਉਨ੍ਹਾਂ ਨੇ ਗੇਟ ਟੱਪ ਕੇ ਸਾਰੇ ਘਰ ਦਾ ਚੱਕਰ ਮਾਰ ਲਿਆ ਸੀ। ਉੱਥੇ ਕੋਈ ਨ੍ਹੀਂ ਸੀ। ਫ਼ਿਰ ਵੀ ਇੱਕ ਸਕਿਓਰਿਟੀ ਵਲ਼ਾ ਸਵੇਰ ਤੀਕਰ ਗੇਟ ਤੇ ਹੀ ਰ੍ਹਵੇ ਗਾ। ਇਹ ਸੁਣ ਕੇ ਉਹਨੂੰ ਸਕੂਨ ਹੋ ਗਿਆ। ਉਹਦਾ ਧਿਆਨ ਇੱਕ ਵਾਰੀ ਫ਼ਿਰ ਲਾਸ਼ ਵਲ ਪਰਤ ਗਿਆ। ਤਾਰਾ ਬੁੱਢਾ ਸੀ, ਪਰ ਡਾਹਡਾ ਦਲੇਰ ਬੰਦਾ ਸੀ। ਤਾਰੇ ਦੀ ਦਲੇਰੀ ਛੂਤੀ ਸੀ, ਬਿਮਾਰੀ ਵਾਂਗ ਆਲਿਆਂ ਦੁਆਲਿਆਂ ਨੂੰ ਲੱਗ ਜਾਂਦੀ। ਤਾਰੇ ਨਾਲ਼ ਹੁੰਦਿਆਂ ਉਹ ਵੀ ਦਲੇਰ ਹੋ ਜਾਂਦਾ ਹੁੰਦਾ। ਤਾਰਾ ਹੁਣ ਮੋਈ ਤੇ ਉਧੜੀ ਲਾਸ਼ ਵੰਗਰ ਨ੍ਹੀਂ, ਸਗੋਂ ਇੱਕ ਸੂਰਮੇ ਵਾਂਗ ਉਹਦੀਆਂ ਅੱਖਾਂ ਅੱਗੇ ਪਿਆ ਘੁੰਮਦਾ ਸੀ।

ਟੀਵੀ ਦੀ ਆਵਾਜ਼ ਉਹਨੇ ਉੱਚੀ ਈ ਰਿਹਣ ਦਿੱਤੀ ਤੇ ਸੈਡ ਤੇ ਪਈ ਚੱਦਰ, ਜਿਹੜੀ ਉਹਨੇ ਲਾਸ਼ ਉੱਤੋਂ ਲਾਹੀ ਸੀ, ਖੋਲ੍ਹ ਕੇ ਆਪਣੇ ਉੱਤੇ ਪਾ ਲਈ, ਤੇ ਲਾਸ਼ ਦੀ ਬਾਂਹ ਉੱਤੇ ਸਿਰ ਰੱਖ ਕੇ ਲੰਮਾ ਪੈ ਗਿਆ। ਥੋੜੇ ਚਿਰ ਪਿੱਛੋਂ ਈ ਓਹਨੂੰ ਫ਼ਿਰ ਨੀਂਦਰ ਆ ਗਈ, ਤੇ ਉਹ ਸੌਂ ਗਿਆ।

# ਬਾਲ

ਏਅਰ ਹੋਸਟਿਸ/Air Hostess ਦੀ ਪਤਲੀ ਕਮਰ ਦੇ ਉੱਤੇ ਥੱਲੇ ਪਾਟਨ ਨੂੰ ਫਿਰਦੇ ਮਟਕੇ ਵੇਖ ਕੇ ਉਹਦਾ ਜੀਅ ਖੁਸ਼ ਹੋ ਗਿਆ। ਉਹਦੀ ਸਾਰੀ ਪਰੇਸ਼ਾਨੀ, ਕਿ ਮਰਦੀ ਮਾਂ ਵੇਖ ਕੇ ਦਿਲ ਤੇ ਭਾਂਵੇ ਕੀ ਬੀਤੇ, ਇੱਕ ਦੰਮ ਉੜਨ ਛੂ ਹੋ ਗਈ। ਓਹਨੇ ਘੁਮਿਆਰ ਦੀ ਨਜ਼ਰ ਮਾਰੀ। ਅੱਗੋਂ ਵੇਖੋ ਤੇ ਸੁਰਾਹੀ ਦੀ ਧੌਣ ਥੱਲੇ ਦੋ ਮਟਕੀਆਂ, ਤੇ ਪਿੱਛੋਂ ਲਗਦਾ ਕਮਰ ਥੱਲੇ ਕਾਂਜੀ ਦੇ ਘੜੇ ਪਏ ਡੋਲਦੇ ਹੋਣ। ਇਹ ਪੀਆਈਏ/PIA ਨੇ ਕਦੋਂ ਤੋਂ ਆਈ ਕੈਂਡੀਜ਼/eye candies ਭਰਤੀ ਕਰ ਲਈਆਂ? ਪੰਦਰਾਂ ਵਰ੍ਹੇ ਪਹਿਲਾਂ ਤੇ ਚੋਲਿਆਂ ਚੱਦਰਾਂ ਵਿੱਚ ਲੁੱਕੀਆਂ ਆਂਟੀਆਂ ਹੁੰਦੀਆਂ ਸਣ।

ਜਹਾਜ਼ ਦੇ ਟੈਕਸੀ ਕਰਨ ਤੋਂ ਪਹਿਲਾਂ ਉਹਨੇ ਨਿੱਕੀ ਭੈਣ ਨੂੰ ਵੌਟ੍ਸਐਪ/WhatsApp ਤੇ ਦਸ ਦਿੱਤਾ ਕਿ ਫ਼ਲਾਈਟ ਵੇਲੇ ਸਿਰ ਉੱਡੇ ਗੀ। ਭੈਣ ਨਾਲ ਹਫ਼ਤੇ ਦਸ ਦਿਨੀ ਵੌਇਸ ਕੌਲ/voice call ਹੋ ਜਾਂਦੀ। ਈਦਾਂ ਸ਼ਬਰਾਤਾਂ ਉੱਤੇ ਵੀਡੀਓ ਕੌਲ/video call ਵੀ ਹੋ ਜਾਂਦੀ। ਪਿਛਲੇ ਵਰ੍ਹੇ ਤੋਂ ਨਿੱਕੀ ਨੇ ਵੀ ਨੌਕਰੀ ਛੋ ਲਈ ਸੀ। ਨਿੱਕੀ ਦੀਆਂ ਕੌਲਾਂ ਵਿੱਚ ਹੀ ਮਾਂ ਨਾਲ ਵੀ ਗੱਲ ਹੋ ਜਾਂਦੀ।

ਪਿਓ ਦੀ ਮੌਤ ਨੇ ਉਹਨੂੰ ਮਾਂ ਤੋਂ ਦੂਰ, ਤੇ ਨਿੱਕੀ ਦੇ ਨੇੜੇ ਕਰ ਦਿੱਤਾ ਸੀ। ਅਠਵੀਂ ਪੜ੍ਹਦੇ ਬਾਲ ਨੂੰ ਕੋਈ ਪਤਾ ਨਾ ਚੱਲਿਆ ਕਿਉਂ ਪਿਓ ਦਾ ਜਨਾਜ਼ਾ ਦੂਜੇ ਘਰੋਂ ਚੁੱਕਿਆ ਗਿਆ?

ਜਹਾਜ਼ ਦੇ ਡਿਗਪੈਣ ਦੇ ਭੈੜੇ ਖ਼ਿਆਲਾਂ ਨੂੰ ਝਟਕਣ ਲਈ ਹੋਸਟਿਸ ਦੀਆਂ ਮਟਕੀਆਂ ਤੇ ਘੜਿਆਂ ਬਾਰੇ ਸੋਚਣ ਲੱਗ ਪਿਆ।

ਜਹਾਜ਼ ਉਤਾਂ ਨੂੰ ਹੋ ਕੇ ਸਿੱਧਾ ਹੋ ਗਿਆ ਤੇ ਉਹਨੇ ਵੀ ਸੀਟ ਬੈਲ੍ਟ ਖੋਲ ਦਿੱਤੀ। ਲੱਤਾਂ ਖਲਾਰ ਕੇ ਸਿਰ ਢਿੱਲਾ ਛੱਡਿਆ, ਤੇ ਲੰਮੀ ਉਡਾਣ ਦੀ ਬੋਰੀਅਤ ਨੇ ਧਿਆਨ ਫਿਰ ਮਰਦੀ ਮਾਂ ਵੱਲ ਨੂੰ ਧਿੱਕ ਦਿੱਤਾ।

ਜਦੋਂ ਨਿੱਕੀ ਨੇ ਦੱਸਿਆ ਕਿ ਡਾਕਟ੍ਰਾਂ ਨੇ ਤਕਰੀਬਨ/al most ਜਵਾਬ ਦੇ ਛੱਡਿਆ ਏ, ਕਹੇ ਬਿਨਾਂ ਹੀ ਉਹਨੂੰ ਨਿੱਕੀ ਦਾ ਤਰਲਾ ਕੰਨੀ ਪੈ ਗਿਆ।

ਪਿਓ ਪਿੱਛੋਂ ਖਰਾਬ ਹਾਲਾਤ ਬਰਬਾਦੀ ਵੱਲ ਤੁਰ ਪਏ ਸਣ। ਫੁੱਫੀਆਂ ਮਾਂ ਨਾਲ ਲੜਦੀਆ। ਓਹ ਮਾਂ ਨਾਲ ਸਾਰਾ ਸਾਰਾ ਦਿਨ ਅਦਾਲਤ ਵਿੱਚ ਬੈਠਾ ਰਹਿੰਦਾ। ਆਪਣਾ ਘਰ ਛੱਡ ਕੇ ਇੱਕ ਨਿੱਕੇ ਪੋਰਸ਼ਨ ਵਿੱਚ ਰਹਿਣ ਲੱਗ ਪਏ। ਮਾਂ ਸਾਰਾ ਦਿਨ ਨੌਕਰੀ ਤੇ ਹੁੰਦੀ, ਸ਼ਾਮੀ ਇਹਨਾਂ ਬਖਿੜਿਆਂ ਵਿੱਚ ਰੁੱਝੀ ਰਹਿੰਦੀ, ਉਹ ਹੌਲੀ ਹੌਲੀ ਮਾਂ ਦੇ ਪੁੱਤਰ ਤੋਂ ਵੱਧ ਭੈਣ ਦਾ ਪਿਓ ਬਣਦਾ ਗਿਆ।

ਖਾਣਾ ਮੁਕਾ ਕੇ ਸੌਣ ਦੀ ਕੋਸ਼ਿਸ਼ ਕਰਣ ਲੱਗਾ। ਇੱਕ ਵਾਰੀ ਫਿਰ ਉਹਨੂੰ ਓਹੀ ਗੱਲ ਸਤਾਣ ਲੱਗ ਪਈ। ਇੰਨੇ ਵਰ੍ਹਿਆਂ ਪਿੱਛੋਂ ਮਾਂ ਨੂੰ ਵੇਖੇ ਗਾ ਤੇ ਖ਼ਵਰੇ ਕੀ ਕੁੱਝ ਬੀਤ ਜਾਏ? ਮਾਂ ਨੇ ਉਹਨੂੰ ਹਵਾਈ ਅੱਡੇ ਤੇ ਛਡਦੇ ਕੁੱਝ ਪੁੱਛਿਆ ਸੀ ਨਾ ਕਦੀ ਫ਼ੂਨ ਉੱਤੇ ਕੋਈ ਫ਼ਰਮਾਇਸ਼ ਕੀਤੀ ਸੀ। ਪਰ ਜੇ ਹੁਣ, ਆਪਣੇ ਮਰਣ ਬਿਸਤਰੇ ਦੀ ਪੁਆਂਦੀ ਖਲੋਤੇ ਜਵਾਨ ਪੁੱਤਰ ਕੋਲੋਂ ਮਾਂ ਨੇ ਕੁਝ ਪੁੱਛ ਲਿਆ ਤੇ? ਕੋਈ ਜਵਾਬ ਹੇਗਾ ਸੀ ਉਹਦੇ ਕੋਲ? ਪਰਿਸ਼ਾਨੀ ਤੇ ਡਰ ਨਾਲ ਉਹਦਾ ਦਮਾਗ਼ ਬੰਦ ਹੋ ਗਿਆ।

ਅੱਖ ਖੁੱਲੀ ਤੇ ਜਹਾਜ਼ ਲੈਂਡ ਕਰ ਚੁੱਕਿਆ ਸੀ। ਸਾਰੇ ਮੁਸਾਫ਼ਿਰ ਆਪਣਾ ਦਸਤੀ ਸਮਾਨ/hand luggage ਇਕੱਠਾ ਪਏ ਕਰਦੇ ਸਣ। ਓਹ ਵੀ ਆਪਣੀਆਂ ਸ਼ੈਵਾਂ ਇਕੱਠੀਆਂ ਕਰਣ ਲੱਗ ਪਿਆ। ਪਿਓ ਦੇ ਬਾਅਦ ਚਾਰ ਵਰ੍ਹਿਆਂ ਵਿੱਚ ਕੁਝ ਸਮਝ ਆਇਆ ਕੁਝ ਨਾ। ਏ ਲੈਵਲ/A Level ਕਰ ਕੇ ਚਾਚੇ ਕੋਲ ਅਮਰੀਕਾ ਆ ਵੱਸਿਆ, ਪੜ੍ਹਿਆ, ਨੌਕਰ ਹੋਇਆ, ਵਿਆਹ ਕਰ ਲਿਆ। ਸਭ ਚੰਗਾ ਸੀ ਪਰ ਕੁਝ ਗੁਪ੍ਤ ਸੀ ਜੀਵਨ ਵਿੱਚ ਜਿਹਨੇ ਪੰਦਰ੍ਹਾਂ ਵਰ੍ਹਿਆਂ ਵਿੱਚ ਇੱਕ ਵਾਰੀ ਵੀ ਮਾਂ ਭੈਣ ਕੋਲ ਨਾ ਜਾਣ ਦਿੱਤਾ। ਨਿਰੇ ਡੌਲਰ ਹੀ ਘਲਦਾ ਰਿਹਾ।

ਪੰਜ ਸਿਤਾਰਾ ਹੋਟਲ ਵਿੱਚ ਸਾਮਾਨ ਧਰ ਕੇ ਨਿੱਕੀ ਨੂੰ ਮੈਸਿਜ ਕੀਤਾ ਕਿ ਉਹ ਹਸਪਤਾਲ ਪਿਆ ਜਾਂਦਾ ਹੈ। ਹਵਾਈ ਅੱਡੇ ਤੇ ਨਿੱਕੀ ਨਾਲ ਫ਼ੋਨੀ ਬਹਿਸ/argument ਈ ਹੋ ਗਈ ਸੀ। ਨਿੱਕੀ ਕਹਿੰਦੀ ਅੱਧੀ ਰਾਤ ਹੈ, ਸਵੇਰੇ ਜਾਏ, ਓਹ ਵੀ ਹੋਵੇ ਗੀ। ਉਹਨੇ ਸਮਝਾਣ ਦੀ ਕੋਸ਼ਿਸ਼ ਕੀਤੀ ਕਿ ਓਹਦੇ ਬਾਇਲੌਜਿਕਲ ਕਲੌਕ/biological clock ਅਨੁਸਾਰ ਦਿਨ ਹੈ, ਇਸ ਵੇਲੇ ਉਹਨੂੰ ਨੀਂਦਰ ਨ੍ਹੀਂ ਆਣੀ, ਪਰ ਨਿੱਕੀ ਓਹੀ ਗੱਲ ਕੀਤੀ ਜਾਂਦੀ ਸੀ। ਓਹਦੇ ਵਾਂਗ ਨਿੱਕੀ ਨੂੰ ਵੀ ਡਰ ਸੀ ਉਸ ਮੁਲਾਕਾਤ/meeting ਦਾ। ਇੱਕੋ ਡਰ ਦਾ ਦੋਵੇਂ ਵਖਰੀ ਤਰ੍ਹਾਂ ਮੁਕਾਬਲਾ ਕਰਨਾ ਚਾਂਹਦੇ ਸਣ। ਇੱਕ ਨੂੰ ਡਰ ਸੀ ਕੁਝ ਹੋ ਨਾ ਜਾਏ, ਦੂਜੇ ਦਾ ਦਿਲ ਸੀ ਜੋ ਵੀ ਹੋਏ ਗੁਪ੍ਤ ਰਹਵੇ।

ਹਸਪਤਾਲ ਦੀ ਰਿਸੈਪਸ਼ਨ/reception ਉੱਤੇ ਨਿੱਕੀ ਨੇ ਵੀ ਉਹਦੇ ਆਣ ਦਾ ਦੱਸਿਆ ਹੋਇਆ ਸੀ ਤੇ ਓਹਨੇ ਵੀ ਐਮਡੀ/MD ਨੂੰ ਈਮੇਲ/email ਕਰ ਦਿੱਤੀ ਹੋਈ ਸੀ। ਓਹਨੂੰ ਪ੍ਰੋਟੋਕੋਲ ਨਾਲ ਲਿਜਾਇਆ ਜਾ ਰਿਹਾ ਸੀ। ਇੱਕ ਮੇਲ ਨਰ੍ਸ ਅੱਗੇ ਤੇ ਨਰ੍ਸ ਨਾਲ ਨਾਲ। ਤੇਜ਼ ਰੌਸ਼ਨੀ ਵਿੱਚ ਹਸਪਤਾਲ ਦੀਆਂ ਲੰਮੀਆਂ ਲੰਮੀਆਂ ਖ਼ਾਲੀ ਗੱਲੀਆਂ ਭਿਆਨਕ ਲਗਦੀਆਂ ਸਣ। ਉੱਤੋਂ ਚਾਰ ਮਰਦਾਨਾ ਬੂਟਾਂ ਤੇ ਦੋ ਜ਼ਨਾਨਾ/ladies ਅੱਡੀਆਂ ਦੀ ਟੱਕ ਟੱਕ ਮਾਹੌਲ/environment

ਹੋਰ ਵੀ ਡਰਾਉਣਾ ਬਣਾਦੀਆਂ ਪਈਆਂ ਸਣ। ਉਹਨੂੰ ਅੱਜ ਤੀਕਰ ਵੇਖੀਆਂ ਸਾਰੀਆਂ ਜੌਂਬੀ/zombi e ਫਿਲਮਾਂ ਚੇਤੇ ਆਣ ਲੱਗ ਪਈਆਂ।

ਹਰ ਕਦਮ/st ep ਤੇ ਉਹਦਾ ਜੀ ਕਰਦਾ ਨਰਸਾਂ ਨੂੰ ਕਹੇ ਉਹਨੂੰ ਬੂਹੇ ਤੇ ਛੱਡ ਜਾਣ, ਅੰਦਰ ਓਹ ਕੱਲਾ ਹੀ ਜਾਏ ਗਾ। ਪਰ ਓਹਨੂੰ ਲੱਗ ਰਿਹਾ ਸੀ ਕਿ ਇਹ ਗੱਲ ਅਜੀਬ ਹੀ ਨ੍ਹੀਂ, ਮਸ਼ਕੂਕ/doubt f ul ਵੀ ਲੱਗੇ ਗੀ। ਖ਼ਵਰੇ ਓਹ ਸਮਝਣ ਜਾਇਦਾਦ ਦੀ ਖ਼ਾਤਿਰ ਪੁੱਤਰ ਮਾਂ ਨੂੰ ਕਤਲ ਕਰਨਾ ਚਾਂਹਦਾ ਹੈ। ਹੁਣ ਉਹਨੂੰ ਇਕੱਲੇ, ਓਹ ਵੀ ਅੱਧੀ ਰਾਤੀ ਆਣ ਤੇ ਪਛਤਾਵਾ ਪਿਆ ਹੁੰਦਾ ਸੀ। ਭੈਣ ਨਾਲ ਹੁੰਦੀ ਤੇ ਹੁਣ ਜੋ ਵੀ ਹੋਣਾ ਸੀ ਘੱਟੋ ਘੱਟ ਗ਼ੈਰਾਂ ਸਾਹਮਣੇ ਤੇ ਨਾ ਹੁੰਦਾ।

ਇਹੀ ਸੋਚਦੇ ਸੋਚਦੇ ਇੱਕ ਦੰਮ ਓਹ ਇੱਕ ਬੂਹੇ ਅੱਗੇ ਰੁੱਕ ਗਏ। ਉਹਦਾ ਦਿਲ ਘੋੜਾ ਹੋ ਗਿਆ। ਇਹ ਫ਼ੈਸਲੇ ਦੀ ਘੜੀ ਸੀ। ਜੇ ਓਹਨੇ ਨਰਸਾਂ ਨੂੰ ਕੁਝ ਕਹਿਣਾ ਸੀ ਤੇ ਇਹ ਆਖ਼ਰੀ ਮੌਕਾ ਸੀ। ਇਸੇ ਕਸ਼ਮਕਸ਼/ਦੁਵੀਧਾ ਵਿੱਚ ਮੇਲ ਨਰਸ ਨੇ ਕੰਮਰੇ ਦਾ ਬੂਹਾ ਅੱਧਾ ਖੋਲ ਦਿੱਤਾ। ਓਹਦੇ ਹੱਥ ਪੈਰ ਠੰਡੇ ਪੈ ਗਏ। ਉਹ ਕੁਝ ਨ੍ਹੀਂ ਸੀ ਬੋਲ ਸਕਦਾ। ਹੁਣ ਜਿਹੜਾ ਵੀ ਤਮਾਸ਼ਾ ਹੋਣਾ ਸੀ, ਉਨ੍ਹਾਂ ਸਾਹਮੜੇ ਹੀ ਹੋ ਜਾਣਾ ਸੀ। ਓਹਦੀ ਸੋਚ ਅਤੇ ਜਜ਼ਬਾਤ ਜੰਮ ਗਏ। ਜੋ ਹੋਣਾ ਏ ਹੋ ਜਾਏ, ਉਹਦੇ ਨਰਵਿਸ ਸਿਸਟਮ/nervous system ਨੇ ਬੇਹਿਸੀ/insensitivity-dumbness ਦਾ ਚੋਲਾ ਪਾ ਲਿਆ ਸੀ। ਇਸੇ ਵੇਲੇ ਨਰ੍ਸ ਨੇ ਉਹਦੇ ਕੰਨ ਵਿੱਚ ਜੋ ਕਿਹਾ, ਓਹ ਸੁਣ ਕੇ ਉਹਦਾ ਦਿਲ ਬਹਿ ਗਿਆ ਤੇ ਓਹਦੀਆਂ ਅੱਖਾਂ ਬੰਦ ਹੋਣ ਲੱਗੀਆਂ, ਜਿਵੇਂ ਇੱਕ ਦੰਮ ਬੜੀ ਤੇਜ਼ ਨੀਂਦਰ ਆ ਗਈ ਹੋਵੇ।

--- ਸਰ, ਮੈਡਮ ਨੂੰ ਨੀਂਦਰ ਦਾ ਟੀਕਾ ਲਾਇਆ ਹੋਇਆ ਏ, ਸਵੇਰ ਤੋਂ ਪੈਹਲਾਂ ਔਨ੍ਹਾਂ ਨੂੰ ਨਾ ਜਗਾਇਆ ਜੇ।

ਉਹਨੇ ਪਹਿਲੀ ਵਾਰੀ ਨਰਸ ਨੂੰ ਵੇਖਿਆ। ਬੜੀ ਸੋਹਣੀ ਕੁੜੀ ਸੀ।

ਮਾਂ ਨੂੰ ਵੇਖ ਕੇ ਉਹ ਨਾ ਹੋਇਆ ਜੋ ਉਹਨੇ ਸੋਚਿਆ ਸੀ। ਉਹ ਹੋਇਆ ਜੋ ਉਹਨੇ ਸੋਚਿਆ ਹੀ ਨ੍ਹੀਂ ਸੀ। ਓਹਦਾ ਜੀਅ ਕੀਤਾ ਦੌੜ ਕੇ ਮਾਂ ਨੂੰ ਜੱਫੀ ਪਾਏ ਤੇ ਧਾਣਾ ਮਾਰ ਮਾਰ ਕੇ ਰੋਏ। ਪਰ ਓਹਨੇ ਇਹ ਨਾ ਕੀਤਾ। ਇਹ ਨਾ ਕਰਣ ਦੇ ਤਿੰਨ ਕਾਰਣ ਸਨ। ਇੱਕ ਤੇ ਜਿਸ ਲਮਹੇ ਉਹਦਾ ਐਇ ਕਰਣ ਨੂੰ ਜੀਅ ਕੀਤਾ ਸੀ, ਨਰਸਾਂ ਉੱਥੇ ਹੀ ਸਨ, ਓਹ ਝੱਕ ਗਿਆ। ਦੂਜਾ, ਕਿਉਂਕਿ ਓਹਨੇ ਸੋਚਿਆ ਹੀ ਨ੍ਹੀਂ ਸੀ ਕਿ ਇਹ ਵੀ ਹੋ ਸਕਦਾ ਹੈ, ਉਹ ਲਮ੍ਹਾਂ ਦੁਵਿਧਾ ਵਿੱਚ ਹੀ ਲੰਘ ਗਿਆ। ਤੀਜਾ ਉਹ ਤਾਰਾਂ ਅਤੇ ਨਾਲੀਆਂ ਥਾਣੀ/t hr ough ਮਸ਼ੀਨਾਂ ਨਾਲ ਜੁੜੇ ਹੱਡੀਆਂ ਦੇ ਉਸ ਪਿੰਜਰ ਨੂੰ ਵੇਖ ਕੇ ਡਰ ਗਿਆ ਸੀ। ਓਹਨੂੰ ਲੱਗਿਆ ਮਾਂ ਪਿਘਰ ਪਿਘਰ/mel t ਕੇ ਇੰਨੀ ਜਿਹੀ ਰਹਿ ਗਈ ਹੈ, ਹੁਣ ਇੱਕ ਦੰਮ ਬਾਕੀ ਦੀ ਵੀ ਪਿਘਰ ਕੇ ਗ਼ਾਇਬ ਹੋ ਜਾਏ ਗੀ। ਸਟਾਫ਼ ਚੁੱਪ ਚਾਪ ਤੁਰ ਗਿਆ ਤੇ ਉਹ ਸੈਡ ਤੇ ਪਈ ਕੁਰਸੀ ਉੱਤੇ ਬਹਿ ਗਿਆ।

ਅਜੇ ਛੇ ਮਹੀਨੇ ਪਹਿਲਾਂ ਹੀ ਤੇ ਵੀਡੀਓ ਕਾਲ ਉੱਤੇ ਮਾਂ ਨੂੰ ਵੇਖਿਆ ਸੀ, ਕੁਝ ਮਾੜੀ ਤੇ ਲੱਗੀ ਸੀ ਪਰ ਹੁਣ ਤੇ ਨਿਰਾ ਹੱਡੀਆਂ ਦਾ ਬੁੱਕ ਸੀ। ਉਹ ਬਿਟਰ ਬਿਟਰ ਮਾਂ ਨੂੰ ਵੇਖੀ ਗਿਆ। ਔਕ੍ਸੀਜਨ ਮਾਸ੍ਕ ਅਤੇ ਹੱਥਾਂ ਉੱਤੇ ਲੱਗੀਆਂ ਨਾਲੀਆਂ, ਨਾਲੇ ਛਾਤੀ ਉੱਤੇ ਲੱਗੀਆਂ ਤਾਰਾਂ ਵਿੱਚ ਜੜੀ ਉਹ ਮਕੜੀ ਦੇ ਜਾਲੇ 'ਚ ਫਸੀ ਕੀੜੀ ਪਈ ਦਿਸਦੀ ਸੀ। ਟਾਈਮ ਸਕਿੰਡ ਸਕਿੰਡ ਕਰ ਕੇ ਲੰਘਣ ਲੱਗ ਪਿਆ। ਓਹਦਾ ਖ਼ਿਆਲ ਸੀ ਜੇ ਮਾਂ ਨਾਲ ਪਹਿਲੇ ਸਾਹਮਣੇ ਵਿੱਚ ਕੁਝ ਹੋ ਗਿਆ ਤੇ ਉਹਨੂੰ ਝਟਕਾ ਲੱਗੇ ਗਾ। ਹੁਣ ਬਿਨਾਂ ਕੁਝ ਹੋਏ ਕੁਰਸੀ ਉੱਤੇ ਇੰਜ ਬੈਠਿਆ ਸੀ ਜਿਸ ਤਰ੍ਹਾਂ ਬੜਾ ਵੱਡਾ ਝਟਕਾ ਲੱਗਿਆ ਹੋਵੇ।

ਕੁਰਸੀ ਉੱਤੇ ਬੈਠੇ ਬੈਠੇ ਉਹ ਬੋਰ ਹੋ ਗਿਆ। ਉਹਦਾ ਜੀਅ ਅਜੇ ਵੀ ਚਾਹ ਰਿਹਾ ਸੀ ਕਿ ਫ਼ਟਾ ਫ਼ੱਟ ਸਵੇਰ ਹੋਵੇ ਤੇ ਨਿੱਕੀ ਆ ਜਾਏ। ਪਰ ਹੁਣ ਉਹਨੂੰ ਕੋਈ ਘਬਰਾਹਟ ਨ੍ਹੀਂ ਸੀ। ਇੱਕ ਬੋਝਲ/ਥੱਕੀ ਹੋਈ ਨੀਂਦਰ ਉਸ ਉੱਤੇ ਛਾ ਗਈ ਸੀ।

ਅਮਰੀਕਾ ਵਿੱਚ ਚੌਥੇ ਵਰ੍ਹੇ ਓਹ ਕਮਾਣ ਲੱਗਾ ਸੀ। ਉਸ ਵੇਲੇ ਤੀਕਰ ਚਾਚਾ ਉਹਨੂੰ ਪਾਲਦਾ ਰਿਹਾ। ਮਾਂ ਨਾਲ ਗੱਲ ਹਫ਼ਤੇ ਦੇ ਹਫ਼ਤੇ ਹੁੰਦੀ। ਹਰ ਵਾਰੀ ਉਸਨੂੰ ਪੁਛਦੀ ਪੈਸੇ ਭਿਜਵਾਏ? ਭਿਜਵਾਏ ਕਦੀ ਨ੍ਹੀਂ। ਇਸ ਗੱਲ ਉੱਤੇ ਉਸਨੂੰ ਕਦੀ ਗ਼ੁੱਸਾ ਨ੍ਹੀਂ ਸੀ ਆਇਆ।

ਬੂਹਾ ਥੋੜਾ ਜਿਹਾ ਖੁੱਲਿਆ, ਫਿਰ ਹੋਰ, ਜ਼ਰਾ ਕੂ ਹੋਰ। ਪਹਿਲਾਂ ਚੁਥਾਈ, ਫਿਰ ਅੱਧੀ ਤੇ ਫਿਰ ਪੂਰੀ ਅੰਦਰ ਆਗਈ।

--- ਸਰ, ਤੁਹਾਨੂੰ ਕੁੱਝ ਚਾਹੀਦੈ?

ਨਰਸ ਨੇ ਹੌਲੀ ਜਿਹਾ ਪੁੱਛਿਆ। ਉਹਨੇ ਨਾ ਵਿੱਚ ਸਿਰ ਮਾਰਿਆ। ਮੁਸਕਾਣ ਦੀ ਕੋਸ਼ਿਸ਼ ਕੀਤੀ ਪਰ ਮੁਸਕਾਇਆ ਨ੍ਹੀਂ ਗਿਆ। ਨਰਸ ਦੇ ਜਾਣ ਪਿੱਛੋਂ ਓਹਨੇ ਮਾਂ ਦੇ ਬਿਸਤਰੇ ਦਾ ਗੇੜਾ ਲਾਇਆ। ਝਟਕਾ ਆਪਣੀ ਥਾਂ ਉੱਤੇ, ਪਰ ਮਾਂ ਨੂੰ ਇਸ ਹਾਲਤ ਵਿੱਚ ਵੇਖ ਕੇ ਉਹਨੂੰ ਨਾ ਦੁਖ ਪਿਆ ਹੁੰਦਾ ਸੀ, ਨਾ ਖ਼ੁਸ਼ੀ। ਦੂਜੀ ਕੁਰਸੀ ਤੇ ਬਹਿ ਕੇ ਓਹਨੇ ਖੀਸੇ ਵਿੱਚੋਂ ਫ਼ੂਨ ਕੱਢ ਲਿਆ।

ਸਵੇਰੇ ਸਵੇਰੇ ਹੀ ਨਿੱਕੀ ਆ ਗਈ। ਉਹਦੇ ਲਈ ਨਾਸ਼ਤਾ ਲਿਅਈ ਸੀ। ਨਿੱਕੀ ਨੂੰ ਵੇਖ ਕੇ ਵੀ ਉਹਨੂੰ ਉਂਜ ਦਾ ਜਜ਼ਬਾਤੀ ਤੋਫ਼ਾਨ ਮਹਿਸੂਸ ਨਾ ਹੋਇਆ ਜਿਸ ਤਰ੍ਹਾਂ ਦਾ ਉਹਨੇ ਸੋਚਿਆ ਸੀ। ਸੋਚ ਦੇ ਸੀਨ ਵਿੱਚ ਨਾ ਤੇ ਹਸਪਤਾਲ ਸੀ, ਨਾ ਮਾਂ ਦਾ ਪਿੰਜਰ। ਨਿੱਕੀ ਅਲਬੱਤਾ/on the other hand ਬੜੀ ਜਜ਼ਬਾਤੀ ਹੋ ਗਈ। ਕਿੰਨਾ ਚਿਰ ਹੀ ਓਹਨੂੰ ਜੱਫੀ ਪਾ ਕੇ ਰੋਂਦੀ ਰਹੀ। ਓਹਨੂੰ ਲੱਗਿਆ ਜਿਵੇਂ ਨਿੱਕੀ ਦੇ ਰੋਣ ਵਿੱਚ ਪੀੜ ਅਤੇ ਇਕਲਾਪੇ ਦੇ ਨਾਲ ਡਰ ਵੀ ਸੀ।

ਥੋੜੇ ਚਿਰ ਪਿੱਛੋਂ ਉਹਦਾ ਸਿਰ ਚਕਰਾਣ ਲਗ ਪਿਆ ਤੇ ਉਹਨੂੰ ਚੇਤੇ ਆਇਆ ਕਿ ਉਹਦੀ ਤਾਂ ਰਾਤ ਹੋ ਗਈ ਸੀ। ਓਹ ਸ਼ਾਮ ਦਾ ਆਖ ਕੇ ਤੁਰ ਗਿਆ।

ਚਾਰ ਦਿਨ ਲੰਘ ਗਏ। ਓਹ ਸ਼ਾਮੀ ਆ ਜਾਂਦਾ, ਨਿੱਕੀ ਰਾਤ ਦੀ ਰੋਟੀ ਓਹਦੇ ਨਾਲ ਖਾ ਕੇ ਘਰ ਤੁਰ ਜਾਂਦੀ, ਤੇ ਓਹ ਸਵੇਰ ਤੀਕਰ ਮਾਂ ਕੋਲ, ਉਹਨੂੰ ਸੁੱਤੀ ਨੂੰ ਤਾੜਦਾ ਰਹਿੰਦਾ, ਯਾਂ ਫਿਰ ਸੋਸ਼ਲ ਮੀਡੀਆ ਉੱਤੇ ਲੱਗਾ ਰਹਿੰਦਾ। ਸਵੇਰੇ ਹੋਟਲ ਜਾ ਕੇ ਸੌਂ ਜਾਂਦਾ। ਹੌਲੀ ਹੌਲੀ ਉਹਨੂੰ ਇਹ ਰੁਟੀਨ/r out i ne ਰਾਸ ਆਣ ਲੱਗ ਪਈ। ਰਾਤੀ ਜਾਂਦਾ ਤੇ ਬਹੁਤੀ ਗੱਲ ਨਿੱਕੀ ਨਾਲ ਹੁੰਦੀ, ਜਿਹੜੀ ਬੇਬੇ ਨੂੰ ਆਪਣੇ ਸਾਹਮਣੇ ਨੀਂਦਰ ਦਾ ਟੀਕਾ ਲਵਾ ਕੇ ਜਾਂਦੀ। ਸਵੇਰੇ ਮਾਂ ਦੇ ਹੋਸ਼ ਵਿੱਚ ਆਣ ਤੋਂ ਪਹਿਲਾਂ ਨਿੱਕੀ ਫਿਰ ਆ ਮੌਜੂਦ ਹੁੰਦੀ, ਤੇ ਉਹ ਨਿਕਲਣ ਦੀ ਕਰਦਾ। ਛੇ ਦਿਨ ਇਸੇ ਤਰ੍ਹਾਂ ਲੰਘ ਗਏ।

ਅਜੇ ਇੱਕ ਵਜਿਆ ਸੀ ਕਿ ਨਰਸ ਆ ਗਈ। ਅੱਧੀ ਰਾਤੀ ਵਾਲੇ ਟੀਕੇ ਤਾਂ ਤਿੰਨ ਵਜੇ ਲਗਦੇ ਸਣ, ਓਹਨੇ ਹੈਰਾਨੀ ਨਾਲ ਵੇਖਿਆ। ਨਰ੍ਸ ਪਿੰਜਰ ਦੇ ਸਰਹਾਂਦੀ ਖਲੋ ਗਈ।

--- ਮੈਂ ਵੇਖਣ ਆਈ ਸਾਂ ਸਭ ਵੱਲ ਏ। ਚਾਅ ਪੀਓ ਗੇ ਤੁਸੀ?

ਓਹਨੇ ਮੁਸਕਾ ਕੇ ਹਾਂ ਵਿੱਚ ਸਿਰ ਮਾਰਿਆ। ਉਹ ਹਰ ਰਾਤ ਉਹਨੂੰ ਚਾਅ ਦਾ ਪੁਛਦੀ, ਉਹ ਹਰ ਵਾਰੀ ਨਾ ਕਰ ਛੱਡਦਾ। ਅੱਜ ਉਹ ਵੀ ਇਸ ਔਫ਼ਰ/of f er ਲਈ ਤਿਆਰ ਸੀ।

ਦਸ ਮਿੰਟ ਪਿੱਛੋਂ ਹੀ ਦੋ ਕਪ ਫੜੀ ਲਿਆਈ। ਉਹਨੇ ਮੁਸਕਾ ਕੇ ਇੱਕ ਫੜ ਲਿਆ। ਆਪਣਾ ਕਪ ਉਹਦੇ ਕੋਲ ਹੀ ਰੱਖ ਕੇ ਓਹ ਪਿੰਜਰ ਦਾ ਮਾਸ੍ਕ ਠੀਕ ਕਰਨ ਲੱਗ ਪਈ। ਕਦੀ ਮਾਸ੍ਕ ਉੱਤੇ ਲੱਗੀ ਨਾਲੀ ਹਿਲਾਉਂਦੀ ਤੇ ਕਦੀ ਝੁਕ ਕੇ ਸਾਹ ਸੁਣਦੀ। ਓਹਦੇ ਤੇ ਮਾਂ ਦੇ ਵਿਚਕਾਰ ਖਲੋਤੀ ਸੀ, ਝੁਕਦੀ ਤਾਂ ਉਹਨੂੰ ਅਜੀਬ ਅਜੀਬ ਖਿਆਲ ਆਉਂਦੇ। ਅੱਠ ਨੌਂ ਦਿਹਾੜੇ ਹੋ ਚੱਲੇ ਸਨ ਘਰੋਂ ਨਿਕਲੇ।

ਉਹਦੇ ਕੋਲ ਹੀ ਕੁਰਸੀ ਰੱਖ ਕੇ ਬਹਿ ਗਈ ਤੇ ਚਾਅ ਪੀਂਦਿਆਂ ਦੱਸਣ ਲੱਗੀ ਹੋਸਟਲ ਵਿੱਚ ਰਹਿੰਦੀ ਹੈ। ਰਾਤ ਦੀ ਡਿਊਟੀ ਪੱਕੀ ਸੀ, ਸਾਰਾ ਦਿਨ ਇਕੱਲੀ ਸੁੱਤੀ ਰਹਿੰਦੀ। ਪਿਛਲੀਆਂ ਛੇ ਰਾਤਾਂ ਵਿੱਚ ਮੁਸਕਾਨਾਂ ਤੇ ਨਿੱਕੇ ਨਿੱਕੇ ਚੁਟਕਲਿਆਂ ਦੇ ਕਈ ਤਬਾਦਲੇ ਹੋ ਚੁੱਕੇ ਸਨ। ਆਪਣੇ ਹੋਸਟਲ ਦਾ ਦਸਦੇ ਦਸਦੇ ਉਹਦੇ ਹੋਟਲ ਦਾ ਪੁੱਛਣ ਲੱਗ ਪਈ। ਗੱਲ ਹੁਣ ਸਾਫ਼ ਹੀ ਸੀ। ਉਹਨੇ ਹੱਸ ਕੇ ਆਖਿਆ ਦੋਵੇਂ ਹੀ ਇਕੱਲੇ ਸੌਂਦੇ ਨੇਂ, ਉਹ ਵੀ ਦਿਨੇ, ਕੁਝ ਹੱਲ ਕਢਣਾ ਚਾਹੀਦੈ। ਹੱਸਣ ਲੱਗ ਪਈ। ਚਾਅ ਮੁਕਦਿਆਂ ਸਵੇਰ ਦਾ ਪ੍ਰੋਗਰਾਮ ਸੈੱਟ ਹੋ ਗਿਆ। ਉਹ ਦਸ ਵਜੇ ਓਹਦੇ ਹੋਟਲ ਆ ਜਾਵੇ ਗੀ।

ਦਸ ਵਜੇ ਤੋਂ ਪਹਿਲਾਂ ਪਹਿਲਾਂ ਉਹ ਹੋਟਲ ਅਪੜ ਕੇ ਅਸ਼ਨਾਨ ਵੀ ਕਰ ਚੁੱਕਿਆ ਸੀ ਤੇ ਵਹੁਟੀ ਨਾਲ ਗੱਲ ਵੀ। ਹੁਣ ਬਸ ਰਿਸੈਪਸ਼ਨ ਤੋਂ ਫ਼ੋਨ ਦੀ ਉਡੀਕ ਸੀ।

ਉਹਦੇ ਕੰਨ ਦੀ ਲੌਂ ਚੂਪਦੇ ਚੂਪਦੇ ਨੰਗੇ ਬਦਨ ਉੱਤੇ ਹੱਥ ਫੇਰਨ ਦਾ ਬੜਾ ਸਵਾਦ ਆਇਆ। ਨਿਰੀ ਸ਼ਕਲ ਤੇ ਹੱਥ ਪੈਰ ਹੀ ਸੋਹਣੇ ਨ੍ਹੀਂ ਸਨ, ਬੱਚੀ ਟੈਟ ਸੀ।

ਚੰਗੀ ਰੁਟੀਨ ਸੈੱਟ ਹੋ ਗਈ। ਸਵੇਰੇ ਸ਼ਾਮੀ ਨਿੱਕੀ ਨਾਲ ਗੱਪ ਸ਼ੱਪ ਰਹਿੰਦੀ, ਦਿਨ ਨਰਸ ਨਾਲ ਖਿਲਿਆ ਰਹਿੰਦਾ, ਤੇ ਹਸਪਤਾਲ ਵਿੱਚ ਮਾਂ ਟੀਕੇ ਦੇ ਅਸਰ ਵਿੱਚ ਸੁੱਤੀ ਰਹਿੰਦੀ। ਪਰ ਇਹ ਰੁਟੀਨ ਚਾਰ ਦਿਨਾਂ ਦੀ ਚਾਨਣੀ ਸਾਬਿਤ ਹੋਈ। ਪੰਜਵੇਂ ਦਿਨ ਡਾਕਟਰ ਨੇਂ ਮਾਂ ਦਾ ਰਾਤ ਦਾ ਨੀਂਦਰ ਵਾਲਾ ਟੀਕਾ ਬੰਦ ਕਰ ਦਿੱਤਾ। ਬੇਬੇ ਵਲ ਹੋਈ ਜਾ ਰਹੀ ਸੀ।

ਉਸ ਰਾਤੀ ਨਿੱਕੀ ਬਾਕੀ ਟੀਕੇ ਲਵਾ ਕੇ ਤੁਰ ਗਈ, ਉਹਨੂੰ ਨ੍ਹੀਂ ਪਤਾ ਲੱਗਿਆ ਕਿ ਨੀਂਦਰ ਦਾ ਟੀਕਾ ਬੰਦ ਹੋ ਗਿਆ ਹੈ। ਉਹ ਕੁੱਝ ਚਿਰ ਤੇ ਸੋਸ਼ਲ ਮੀਡੀਆ ਤੇ ਲੱਗਿਆ ਰਿਹਾ, ਫਿਰ ਬੋਰ ਹੋ ਕੇ ਜੂ ਮਾਂ ਤੇ ਨਜ਼ਰ ਪਈ ਤੇ ਦੋ ਝੁਰੀਆਂ ਭਰੀਆਂ ਅੱਖਾਂ ਓਹਨੂੰ ਬਿਟਰ ਬਿਟਰ ਪਈਆਂ ਤੱਕਦੀਆਂ ਸਨ।

ਓਹਨੂੰ ਆਪਣੇ ਵੱਲ ਵੇਖਦਿਆਂ ਵੇਖ ਕੇ ਮਾਂ ਨੇ ਮੂੰਹ ਤੇ ਲੱਗੇ ਮਾਸ੍ਕ ਨੂੰ ਖਿੱਚ ਕੇ ਥੱਲੇ ਕਰ ਦਿੱਤਾ। ਉਹ ਘਾਬਰ ਕੇ ਮਾਂ ਵੱਲ ਆਇਆ, ਓਹਨੂੰ ਪਹਿਲਾ ਖਿਆਲ ਇਹੀ ਆਇਆ ਕਿ ਮਾਂ ਦੀ ਤਬੀਅਤ ਖਰਾਬ ਹੋ ਰਹੀ ਹੈ, ਇਸੇ ਲਈ ਓਹ ਉੱਠ ਬੈਠੀ ਏ ਤੇ ਮਾਸ੍ਕ ਵੀ ਇਸੇ ਲਈ ਪਈ ਖਿਚਦੀ ਏ। ਓਹ ਕੰਨ ਮਾਂ ਦੇ ਬੁੱਲ੍ਹਾਂ ਦੇ ਬਿਲਕੁਲ ਨੇੜੇ ਲੈ ਗਿਆ ਕਿ ਸੁਣੇ ਕੀ ਕਹਿੰਦੀ ਹੈ। ਮਾਂ ਨੇ ਹੱਥ ਅੱਗੇ ਕਰ ਕੇ ਉਹਦੀ ਠੋਡੀ ਫੜ ਲਈ। ਉਹਨੇ ਹੈਰਾਨੀ ਨਾਲ ਮੂੰਹ ਸਿੱਧਾ ਕੀਤਾ ਤੇ ਮਾਂ ਦੀ ਅੱਖਾਂ ਵਿੱਚੋਂ ਅਥੱਰੂ ਡੁਲਦੇ ਪਏ ਸਨ। ਖਵਰੇ ਕਿੱਥੋਂ ਘਟਾ ਉੱਠੀ ਤੇ ਓਹਦੀਆਂ ਅੱਖਾਂ ਵਿੱਚੋਂ ਵਰਸਨ ਲੱਗ ਪਈ। ਉਹ ਮਾਂ ਨੂੰ ਚੰਬੜ ਕੇ ਬਿਲਕ ਬਿਕਲ ਕੇ ਰੋਣ ਲੱਗ ਪਿਆ।

ਜੀਅ ਕੁਝ ਹੌਲਾ ਹੋਇਆ ਤੇ ਕੁਰਸੀ ਨਾਲ ਕਰ ਕੇ, ਮਾਂ ਦਾ ਹੱਥ ਫੜ ਕੇ ਬਹਿ ਗਿਆ। ਇੰਨੇ ਦਿਨਾਂ ਤੋਂ ਦਮਾਗ਼ ਉੱਤੇ ਛਾਈ ਬੇਹਿਸੀ/insensitivity ਦੀ ਧੁੰਦ ਛੱਟ ਗਈ ਤੇ ਬਾਲਪੁਣੇ ਦੇ ਮਨਜ਼ਰਾਂ ਅਤੇ ਫੁੱਫੀਆਂ, ਚਾਚੇ ਦੀਆਂ ਗੱਲਾਂ ਦਾ ਮੀਂਹ ਵਰਸਣ ਲੱਗ ਪਿਆ। ਪਿਓ ਦਾ ਜਨਾਜ਼ਾ ਛੱਡ ਕੇ ਮਾਂ ਨੂੰ ਕਦੇ ਰੋਂਦੇ ਨ੍ਹੀਂ ਸੀ ਵੇਖਿਆ। ਉਹਦੇ ਪਾਕਿਸਤਾਨ ਛਡਦੇ ਵੀ ਨ੍ਹੀਂ, ਔਡੀਓ-ਵੀਡੀਓ ਕੌਲਾਂ ਤੇ ਵੀ ਨ੍ਹੀਂ। ਨਿੱਕੀ ਰੋ ਪੈਂਦੀ ਹੁੰਦੀ ਸੀ, ਪਰ ਮਾਂ ਕਦੀ ਨ੍ਹੀਂ। ਓਹ ਸਮਝਦਾ ਸੀ ਉਹ ਆਪਣੀ ਮਾਂ ਤੇ ਗਿਆ ਹੈ, ਬੇ ਹਿੱਸ! ਪਰ ਅੱਜ ਦੋਵੇਂ ਬੇ ਹਿੱਸ ਹੀ ਰੋ ਪਏ ਸਣ, ਖ਼ਵਰੇ ਕਿੰਨੇ ਵਰ੍ਹਿਆਂ ਪਿੱਛੋਂ।

--- ਅਸੀਂ ਇਕੱਠੇ ਕਿਓਂ ਨ੍ਹੀਂ ਰਹੇ?

ਉਹ ਮਾਂ ਦੇ ਹੱਥ ਉੱਤੇ ਸਿਰ ਰੱਖੇ, ਨੱਕ ਸੁੜਕਦੇ ਬੋਲਿਆ।

ਮਾਂ ਕੁਝ ਨਾ ਬੋਲੀ, ਤਾੜੀ ਲਾ ਕੇ ਓਹਨੂੰ ਵੇਖਦੀ ਰਹੀ, ਅਥਰੂ ਵਗਦੇ ਰਹੇ।

ਨੱਕ ਸੁੜਕ ਕੇ, ਪਹਿਲਾ ਜੁਮਲਾ ਬੋਲ ਕੇ, ਤੇ ਅੱਗੋਂ ਕੋਈ ਜਵਾਬ ਨਾ ਸੁਣ ਕੇ, ਉਹਦਾ ਹੌਸਲਾ ਵੱਧਿਆ। ਉਹਨੇ ਸਿਰ ਚੁੱਕ ਕੇ ਮਾਂ ਵੱਲ ਵੇਖਿਆ। ਮਾਂ ਉੱਤੇ ਜੜਿਆ ਮੋਮ ਦਾ ਛਿਲਕਾ ਪਿਘਰ ਚੁੱਕਿਆ ਸੀ, ਅੰਦਰੋਂ ਰੋਂਦੀ ਵਿਲਕਦੀ ਮਾਂ ਨਿਕਲ ਆਈ ਸੀ।

--- ਤੂੰ ਮੈਨੂੰ ਕਿਓਂ ਜਾਣ ਦਿੱਤਾ ਸੀ?

ਇਸ ਵਾਰੀ ਉਹਨੇ ਹੌਸਲੇ ਨਾਲ ਪਧਰੀ ਆਵਾਜ਼ ਵਿੱਚ ਕਿਹਾ। ਉਹਦੀਆਂ ਅੱਖਾਂ ਜਵਾਬ ਤਾਂ ਮੰਗਦੀਆਂ ਸਣ, ਪਰ ਜਵਾਬ ਦੀ ਸੱਟ ਲਈ ਤਿਆਰ ਨ੍ਹੀਂ ਸਣ।

--- ਮੇਰੇ ਕੋਲ ਤੈਨੂੰ ਪਾਲਣ ਦੇ ਪੈਸੇ ਨ੍ਹੀਂ ਸਣ!

--- ਰੋਟੀ ਖਵਾਣ ਦੇ ਪੈਸੇ ਨ੍ਹੀਂ ਸਣ?

--- ਤੈਨੂੰ ਐਸ ਤਰ੍ਹਾਂ ਦਾ ਵੱਡਾ ਆਦਮੀ ਬਣਾਨ ਦੇ ਨ੍ਹੀਂ ਸਣ।

ਉਹਦੀਆਂ ਅੱਖਾਂ ਅਤੇ ਨੱਕ ਸੁੱਕ ਗਏ। ਗੱਲ ਓਸੇ ਪਾਸੇ ਨਿਕਲ ਆਈ ਸੀ ਜਿੱਥੋਂ ਓਹ ਭਜਦਾ ਰਿਹਾ ਸੀ।

--- ਕਿੱਥੇ ਗਏ... ਸਾਡੇ ਪੈਸੇ?

--- ਤੇਰੇ ਦਾਦਕਿਆਂ ਨੇ ਮੈਨੂੰ ਨ੍ਹੀਂ ਫੜਾਏ?

--- ਤੂੰ ਆਪਣਾ ਹੱਕ ਕਿਓਂ ਨ੍ਹੀਂ ਲਿਆ, ਔਹ ਸਾਡੇ ਪਿਓ ਦੇ ਪੈਸੇ ਸਣ?

--- ਔਹ ਹੀ ਔਹਨਾਂ ਹੱਥ ਫੜਾ ਗਿਆ ਸੀ, ਤੁਹਾਡੇ ਲਈ।

--- ਕਿਓਂ.........?

ਇੱਕ ਦੰਮ ਉਹਨੂੰ ਲੱਗਿਆ ਕਿਸੇ ਨੇ ਜਿਵੇਂ ਸੰਘੀ ਉੱਤੇ ਨਹੁੰ ਰੱਖ ਦਿੱਤਾ ਹੋਵੇ। ਸਵਾਲ ਅੱਧਾ ਰਹਿ ਗਿਆ। ਅੰਦਰੋਂ ਬਾਹਰ ਨਾ ਆ ਸੱਕਿਆ।

--- ਤੇਰੇ ਪਿਓ ਨੂੰ ਮੇਰੇ ਉੱਤੇ ਐਤਬਾਰ ਨ੍ਹੀਂ ਸੀ ਰਿਹਾ।

--- ਤੂੰ ਔਹਨੂੰ ਛੱਡਿਆ ਕਿਓਂ ਸੀ?

ਦਸ ਕੂ ਸਕਿੰਡ ਜਵਾਬ ਨਾ ਆਇਆ ਤਾਂ ਉਹਨੂੰ ਲੱਗਿਆ ਇਸ ਸਵਾਲ ਵਾਰੀ ਉਹਦੀ ਆਵਾਜ਼ ਕਾਫ਼ੀ ਉੱਚੀ ਹੋ ਗਈ ਸੀ।

--- ਮੈਂ ਨ੍ਹੀਂ ... ਔਹ ਮੈਨੂੰ ਛੱਡ ਗਿਆ ਸੀ!

ਉਹਦੇ ਸਾਹਮਣੇ ਦਾਦਕੇ ਉਹਦੀ ਮਾਂ ਬਾਰੇ ਸਿੱਧੀ ਗੱਲ ਤਾਂ ਨ੍ਹੀਂ ਸਨ ਕਰਦੇ, ਪਰ ਗੱਲਾਂ ਬਾਤਾਂ ਤੋਂ ਉਹਨੂੰ ਇਹੀ ਪਤਾ ਸੀ ਕਿ ਮਾਂ ਆਪਣੇ ਬੌਸ ਨਾਲ ਇਸ਼ਕ ਦੇ ਚੱਕਰ ਵਿੱਚ ਪਿਓ ਨੂੰ ਛੱਡ ਗਈ ਸੀ, ਫਿਰ ਇਸੇ ਗ਼ੰਮ ਵਿੱਚ ਘੁਲਦਾ ਪਿਓ ਮਰ ਗਿਆ।

--- ਕਿਓਂ?

ਇਸ ਵਾਰੀ ਸਵਾਲ ਇੰਨਾ ਹੀ ਸੀ।

--- ਔਹਨੂੰ ਮੇਰੇ ਉੱਤੇ ਸ਼ੱਕ ਹੋ ਗਿਆ ਸੀ।

ਓਹ ਕੋਸ਼ਿਸ਼ ਦੇ ਬਾਵਜੂਦ ਨ੍ਹੀਂ ਪੁੱਛ ਸੱਕਿਆ ਕਿ ਕੀ ਪਿਓ ਦਾ ਸ਼ੱਕ ਠੀਕ ਸੀ?

ਅਗਲਾ ਹਫ਼ਤਾ ਉਹਦਾ ਪਾਕਿਸਤਾਨ ਵਿੱਚ ਆਖ਼ਰੀ ਹਫ਼ਤਾ ਸੀ। ਇਸ ਵਾਰੀ ਓਹ ਹਵਾਈ ਅੱਡੇ ਤੋਂ ਕੱਲਾ ਜਹਾਜ਼ ਤੇ ਚੜ੍ਹਿਆ, ਪਰ ਖ਼ੁਸ਼ ਖ਼ੁਸ਼। ਦਿਨ ਨੂੰ ਨਰਸ ਦੇ ਚਸਕੇ ਲੈਂਦਾ, ਸ਼ਾਮੀ ਨਿੱਕੀ ਨਾਲ ਗੱਪ ਸ਼ਪ ਹੁੰਦੀ, ਤੇ ਸਾਰੀ ਸਾਰੀ ਰਾਤ ਮਾਂ ਨਾਲ ਗੱਲਾਂ ਕਰਦਾ ਰਹਿੰਦਾ; ਬਾਲਪੁਣੇ ਦੀਆਂ, ਅਮਰੀਕਾ ਦੀਆਂ, ਓਹਨਾਂ ਦੇ ਪਾਕਿਸਤਾਨ ਦੀਆਂ। ਮਾਂ ਹੁਣ ਠੀਕ ਸੀ, ਦੋ ਦਿਨਾਂ ਬਾਅਦ ਹਸਪਤਾਲੋਂ ਛੁੱਟੀ ਵੀ ਹੋ ਜਾਣੀ ਸੀ। ਆਖ਼ਰੀ ਹਫ਼ਤਾ ਵੱਧੀਆ ਰਿਹਾ।

ਅਮਰੀਕਾ ਵਾਪਸ ਆਏ ਦੋ ਮਹੀਨੇ ਹੋ ਗਏ ਸਣ। ਹੁਣ ਹਰ ਦੂਜੇ ਦਿਹਾੜੇ ਮਾਂ ਭੈਣ ਨਾਲ ਵੀਡੀਓ ਕੌਲ ਹੁੰਦੀ। ਓਹਨਾਂ ਦੇ ਵੀਜ਼ੇ ਦਾ ਪ੍ਰੌਸੈੱਸ/pr ocess ਛੋਹਣ ਲੱਗਾ ਸੀ। ਅਚਾਨਕ ਜੀਵਨ ਪਰਫ਼ੈਕ੍ਟ/per f ect ਜਿਹਾ ਹੋ ਗਿਆ ਸੀ।

ਸੰਡੇ ਰਾਤ ਨੂੰ ਖਾਣਾ ਖਾ ਕੇ ਉਹਦੀ ਬਾਲੜੀ ਮਾਂ ਨਾਲ ਟੀਵੀ ਵੇਖਣ ਦੀ ਜ਼ਿੱਦ ਕਰਨ ਲੱਗੀ। ਓਹ ਬੱਚੀ ਨੂੰ ਕੁੱਛੜ ਚੁੱਕ ਕੇ ਕੰਮਰੇ ਵਲ ਲੈਜਾਂਦੇ ਸਮਝਾਣ ਲੱਗਿਆ ਕਿ ਉਹ ਹੁਣ ਕੋਈ ਨਿੱਕੀ ਬਾਲੜੀ ਨ੍ਹੀਂ, ਤੀਜੀ ਕਲਾਸ ਦੀ ਸਟੂਡੈਂਟ ਹੈ, ਓਹਨੇ ਸਵੇਰੇ ਸਕੂਲ ਜਾਣਾ ਹੈ, ਮਾਂ ਤੇ ਘਰ ਹੀ ਹੁੰਦੀ ਹੈ, ਇਸ ਲਈ ਓਹ ਫ਼ਿਲਮ ਵੇਖ ਸਕਦੀ ਹੈ।

--- ਮਾਂ ਸਾਰੀਆਂ ਮਾਵਾਂ ਵਾਂਗ ਕੰਮ ਤੇ ਕਿਓਂ ਨ੍ਹੀਂ ਜਾਂਦੀ?

ਇੱਕ ਲਮ੍ਹੇ ਵਾਸਤੇ ਉਹਦੀਆਂ ਅੱਖਾਂ ਅੱਗੋਂ ਇੱਕ ਮਨਜ਼ਰ ਲੰਘ ਗਿਆ। ਹਸਪਤਾਲ ਦੇ ਕੰਮਰੇ ਵਿੱਚ ਓਹਦੀ ਮਾਂ ਲੰਮੀ ਪਈ, ਤੇ ਉਹਦੀ ਸਰਹਾਂਦੀ ਨਰਸ ਖਲੋਤੀ। ਦੋਵੇਂ ਮੁਸਕਾਂਦੀਆਂ ਪਈਆਂ, ਜਿਸ ਤਰ੍ਹਾਂ ਕੈਮਰੇ ਪਿੱਛੇ ਖਲੋਤੇ ਬੰਦੇ ਨੇ ਆਵਾਜ਼ ਲਾਈ ਹੋਵੇ, "ਸੇ ਚੀਜ਼/say cheese!"

# ਬੱਦਲ ਪਾਟ ਪਿਆ

ਉਸ ਦਿਨ ਸਭ ਨੂੰ ਖ਼ਤਰਾ ਸੀ ਬਈ ਅੱਜ ਲਹੌਰ ਸਾਵਨ ਦਾ ਬੱਦਲ ਪਾਟਾ ਹੀ ਪਾਟਾ। ਪੇਸ਼ਨ ਗੋਈ/f or ecast ਇਹੀ ਸੀ ਕਿ ਕ੍ਲਾਊਡ ਬਰ੍ਸਟ/cloudburst ਹੋ ਜਾਣਾ। ਸਾਰੇ ਉਡੀਕਦੇ ਪਏ ਸਨ ਠਾ ਅਸਮਾਨੋਂ ਹੋਏ ਗੀ, ਹੋ ਗਈ ਫ਼ੋਨ ਉੱਤੇ। ਚਾਚੇ ਦੇ ਮਰਣ ਦੀ ਟੱਲੀ ਵੱਜ ਗਈ।

ΔΔΔ

ਉਂਜ ਗਾਣੇ ਗਾਂਦੇ ਨੇਂ "ਲੱਕ ਟੁਵੈਂਟੀ ਏਟ/੨੮ ਕੁੜੀ ਦਾ, ਫ਼ੌਰਟੀ ਸੈਵਨ/੪੭ ਵੇਟ ਕੁੜੀ ਦਾ", ਤੇ ਮੈਨੂੰ ਆਖ਼ਦੇ ਨੇ ਕੱਡਾ/i nsect ! ਮੇਰੀ ਪਤਲੀ ਕੰਮਰ ਨ੍ਹੀਂ ਸੋਹਣੀ ਦਿਸਦੀ ਇਹਨਾਂ ਨੂੰ? ਮੈਨੂੰ ਕਹਿੰਦੇ ਸਾਲ਼ਾ ਵਢਦਾ ਏ, ਤੇ ਆਪੋਂ ਵੱਢੇ ਬਿਨਾਂ ਪ੍ਰੇਮ ਨ੍ਹੀਂ ਹੁੰਦਾ। ਇਨ੍ਹਾਂ ਦੋ ਲੱਤਾਂ ਦੇ ਦੇਵਾਂ ਲਈ ਤਾਂ ਦੋ ਪੈਰਾਂ ਦੀ ਮਾਰ, ਮੇਰੀਆਂ ਛੇ ਲੱਤਾਂ ਲਈ ਤਾਂ ਲੰਮਾ ਪੈਂਡਾ ਹੈ। ਅੱਨ ਦੇ ਗੁਦਾਮ, ਢਿੱਡ ਵੀ ਇੰਨੇ ਵੱਡੇ ਨੇ, ਭਰਦੇ ਹੀ ਨ੍ਹੀਂ। ਕੋਈ ਪੁੱਛੇ ਬਈ ਮਿੱਟੀ ਵਿੱਚ ਲਕੋ ਕੇ ਸਾਣੂ ਖਾਣ ਦੇਣ ਗੇ, ਇੱਥੇ ਖੁਆਂਦੇ ਤੁਹਾਨੂੰ ਮੌਤ ਪੈਂਦੀ ਹੈ? ਫ਼ਟਾ ਫ਼ਟ ਇੱਕ ਬੋਟੀ ਲਾਹ ਲਵਾਂ, ਇਨ੍ਹਾਂ ਤੇ ਦੱਬਣ ਵੀ ਕਿਥੇ ਹੋਰ ਈ ਲੈ ਜਾਣਾ ਏ।

ΔΔΔ

ਮੁਰਦਾ ਨਵ੍ਹਾਣ ਵਾਲੇ ਮੌਲਵੀ ਦੇ ਦਸਤਾਨੇ/gl oves ਪਾਂਦਿਆਂ ਓਸਤੇ ਮੇਰੀ ਵੀ ਨਜ਼ਰ ਪੈ ਗਈ। ਕਾਡਾ ਮੁਰਦੇ ਦੇ ਪੈਰ ਤੇ ਚੜ੍ਹ ਚੁੱਕਿਆ ਸੀ। ਮੂੰਹ ਵਿੱਚ ਕੁਰਾਨ ਦੀਆਂ ਪੜ੍ਹਦੀਆਂ ਆਇਤਾਂ ਇੱਕ ਦੰਮ ਉੱਚੀਆਂ ਹੋ ਗਈਆਂ। ਉਹਨੇ ਫ਼ਟਾ ਫ਼ੱਟ ਪਾਣੀ ਦੀ ਪੈਪ ਫੜੇ, ਚਾਚੇ ਦੇ ਪੁੱਤਰ ਨੂੰ ਇਸ਼ਾਰਾ ਕੀਤਾ। ਪੁੱਤਰ ਨੇ ਘਾਬਰ ਕੇ ਪਾਣੀ ਦੀ ਧਾਰ ਮਾਰੀ ਜੇਹੜੀ ਮੁਰਦੇ ਦੀ ਪੁਆਂਦੀ ਖਲੋਤੇ ਮੌਲਵੀ ਦੇ ਪੌਂਚੇ ਨੂੰ ਗਿੱਲਾ ਕਰ ਗਈ। ਮੌਲਵੀ ਉਛਲ ਕੇ ਪਿਛਾਂ ਹੋਇਆ, ਤੇ ਅਰਬੀ ਵਿਰਦ ਦੇ ਪੰਜ ਅੱਖਰ ਇੱਕ ਦੰਮ ਇੰਜ ਉੱਚੇ ਹੋਏ ਜਿਸ ਤਰ੍ਹਾਂ ਉਨ੍ਹਾਂ ਵੀ ਮੌਲਵੀ ਦੇ ਨਾਲ ਹੀ ਛਾਲ ਮਾਰੀ ਹੋਵੇ। ਪੁੱਤਰ ਹੋਰ ਘਾਬਰ ਗਿਆ। ਉਹਨੂੰ ਇਹ ਸੋਚ ਕੇ ਕਚੀਚੀ ਜੇਹੀ ਆਈ ਹੋਣੀ ਕਿ ਕਾਡਾ ਆਪਣੀਆਂ ਨਿੱਕੀਆਂ ਨਿੱਕੀਆਂ ਲੱਤਾਂ ਨਾਲ ਉਹਦੇ ਪਿਓ ਦੇ ਪੈਰ ਤੇ ਰੀਂਗਦਾ ਪਿਆ ਹੈ, ਤੇ ਮੋਇਆ ਪਿਓ ਓਹਨੂੰ ਝਟਕ ਵੀ ਨ੍ਹੀਂ

ਸਕਦਾ। ਓਹਨੇ ਘੁੱਟੀ ਜੇਹੀ ਚੀਕ ਗਲ ਵਿੱਚ ਹੀ ਘੁਟਦੇ ਹੋਏ ਧਾਰ ਥੱਲੇ ਨੂੰ ਕੀਤੀ, ਤੇ ਨਿਸ਼ਾਨਾ ਫਿਰ ਚੂਕ ਗਿਆ। ਇਸੀ ਦੁਵੀਧਾ ਵਿੱਚ, ਕਾਡੇ ਨੂੰ ਰੋੜ੍ਹਦਿਆਂ, ਪਿਓ ਦੀ ਸੱਜੀ ਲੱਤ ਸਾਰੀ ਭਿਜ ਗਈ। ਕਾਡਾ ਮਿਸ਼ਨ ਏਕੰਮਪਲਿਸ਼/mission accomplish ਹੋ ਗਿਆ ਤੇ ਪੁੱਤਰ ਨੇ ਸ਼ਰਮਿੰਦਾ ਜੇਹਾ ਹੋ ਕੇ ਸ਼ਲਵਾਰਾਂ ਵੱਲ ਵੇਖਿਆ। ਜਿਊਂਦੇ ਮੌਲਵੀ ਦੀ ਸ਼ਲਵਾਰ ਦਾ ਖ਼ੱਬਾ ਪੌਂਚਾ, ਤੇ ਮੋਏ ਪਿਓ ਦੀ ਸ਼ਲਵਾਰ ਦਾ ਪੂਰਾ ਸੱਜਾ ਪਾਸਾ, ਪਾਣੀ ਨਾਲ ਲਿਬੜਿਆ ਪਿਆ ਸੀ। ਮੌਲਵੀ ਦੇ ਪੌਂਚੇ ਦੀ ਉਹਨੂੰ ਵਾਧੂ ਨਮੋਸ਼ੀ ਸੀ, ਓਹਦਾ ਅਰਬੀ ਲਹਿਜਾ ਹੁਣ ਕਾਵੜ ਨਾਲ ਲੁਥੜ ਗਿਆ ਸੀ।

ਦਸਤਾਨੇ ਖਿੱਚ ਕੇ, ਤੇ ਪੌਂਚਾ ਝਾੜ ਕੇ, ਮੌਲਵੀ ਨੇ ਮੈਨੂੰ ਇਸ਼ਾਰਾ ਕੀਤਾ, ਮੈਂ ਉਹਨੂੰ ਚਾਚੀ ਦੀ ਸਿਲਾਈ ਮਸ਼ੀਨ ਵਿੱਚੋਂ ਕੱਢੀ ਵੱਡੀ ਕੈਂਚੀ ਫੜਾ ਦਿੱਤੀ। ਉਹ ਚਾਚੇ ਦੀ ਸ਼ਲਵਾਰ ਕੱਟਣ ਲੱਗ ਪਿਆ। ਕਟਦਾ ਕਟਦਾ ਨੇਫ਼ੇ ਤੀਕਰ ਅਪੜਿਆ ਤੇ ਪਾਣੀ ਦੀਆਂ ਛਿੱਟਾਂ ਉਹਦੀ ਆਸਤੀਨ ਚੜ੍ਹਾਈ ਬਾਂਹ ਤੇ ਪਈਆਂ। ਮੌਲਵੀ ਨੇ ਘੂਰ ਕੇ ਮੁੰਡੇ ਵੱਲ ਵੇਖਿਆ, ਓਹਨੇ ਘਾਬਰ ਕੇ ਪੈਪ ਥੱਲੇ ਨੂੰ ਕਰ ਦਿੱਤੀ।

--- ਛੱਡ ਦੇ ਪੁੱਤਰ, ਪੈਪ ਥੱਲੇ ਧਰ ਦੇ।

ਮੌਲਵੀ ਦੀ ਆਵਾਜ਼ ਵਿੱਚ ਨਰਮੀ ਸੀ। ਮੁੰਡੇ ਨੇ ਬੜੇ ਧਿਆਨ ਨਾਲ ਪੈਪ ਪਿਓ ਦੇ ਸਰਹਾਂਦੀ ਭੋਏਂ ਤੇ ਧਰ ਦਿੱਤਾ।

ਮੌਲਵੀ ਨੇ ਸ਼ਲਵਾਰ ਦਾ ਨੇਫ਼ਾ ਕਟ ਕੇ ਦੂਜਾ ਪਾਸਾ ਵੀ ਕਟ ਦਿੱਤਾ, ਫਿਰ ਮੈਨੂੰ ਬਾਹਰੋਂ ਕੁਝ ਲਿਆਣ ਦਾ ਇਸ਼ਾਰਾ ਕੀਤਾ। ਮੈਨੂੰ ਸਮਝ ਨ੍ਹੀਂ ਆਈ, ਨਾ ਹੀ ਪੁੱਛਣ ਦਾ ਹੌਸਲਾ ਪਿਆ, ਕੀ ਕਹਵੇ ਗਾ ਮੌਲਵੀ, ਕਿਸ ਤਰ੍ਹਾਂ ਦਾ ਮੁਸਲਮਾਨ ਮੁੰਡਾ ਹੈ, ਇਹਨੂੰ ਮੁਰਦਾ ਵੀ ਨਵ੍ਹਾਣਾ ਨ੍ਹੀਂ ਆਂਦਾ? ਮੈਂ ਰੱਸੇ ਉੱਤੇ ਚਦਰਾਂ ਪਾ ਬਣਾਏ ਪਰਦੇ ਦੇ ਦੂਜੇ ਪਾਸੇ ਜਾ ਕੇ ਜਨਾਜ਼ੇ ਦੀ ਕੌਂਟ/cot ਜੇਹੀ ਮੰਜੀ ਉੱਤੇ ਪਈਆਂ ਸ਼ੈਵਾਂ ਤੇ ਨਜ਼ਰ ਮਾਰੀ। ਚਿੱਟੀਆਂ ਚੱਦਰਾਂ ਸਨ, ਅਗਰ ਬੱਤੀਆਂ ਦੇ ਪੈਕਿਟ ਸਨ, ਕਾਫ਼ੂਰ/Camphor ਖ਼ੁਸ਼ਬੋ ਦੀਆਂ ਡੱਲੀਆਂ ਇੱਕ ਪਲਾਸਟਿਕ ਦੇ ਲਿਫ਼ਾਫ਼ੇ ਵਿੱਚ ਬਨ੍ਹੀਆਂ ਪਈਆਂ ਸਨ। ਪਲਾਸਟਿਕ ਦੀਆਂ ਦੋ ਬੋਤਲਾਂ ਵੀ ਪਈਆਂ ਸਨ, ਇੱਕ ਵਿੱਚ ਇਤਰ ਤੇ ਦੂਜੀ ਵਿੱਚ ਮੱਕੇ ਦਾ ਜ਼ਮ ਜ਼ਮ ਚਸ਼ਮੇ ਦਾ ਪਵਿੱਤਰ ਪਾਣੀ ਸੀ। ਮੁਰਦਾ ਨਵ੍ਹਾਣ ਦੀ ਇਸ ਸ੍ਟੇਜ/st age ਉੱਤੇ ਮੌਲਵੀ ਨੇ ਕੀ ਮੰਗਿਆ ਹੋਣਾ, ਮੇਰਾ ਦਮਾਗ਼ ਤਾਂ ਇੰਜ ਬੰਦ ਸੀ ਜਿਵੇਂ ਨਸ਼ਾ ਵਾਧੂ ਹੋਗਿਆ ਹੋਵੇ। ਪਰ ਸੋਚਣ ਦਾ ਟੈਮ ਵੀ ਨ੍ਹੀਂ ਸੀ, ਮੰਜੀ ਕੋਲ ਤਿੰਨ ਚਾਰ ਮੁੰਡੇ ਤੇ ਚਾਚੇ ਦਾ ਸਾਲਾ ਖਲੋਤੇ ਉਡੀਕਦੇ ਪਏ ਸਨ ਕਿ ਮੁਰਦਾ ਨਹਾ ਧੋ ਕੇ ਆਏ ਤੇ ਮੰਜਾ ਅੰਦਰ ਲੈ ਚੱਲਣ। ਮੈਂ ਆਬੇ ਜ਼ਮ ਜ਼ਮ ਦੀ ਬੋਤਲ ਫੜ ਕੇ ਅੰਦਰ ਲੈ ਗਿਆ। ਮੌਲਵੀ ਕੁਰਤੇ ਦੀਆਂ ਬਾਂਹਵਾਂ ਕੱਟਣ ਵਿੱਚ ਰੁਝਿਆ ਪਿਆ ਸੀ, ਓਹਨੇ ਬੋਤਲ ਤੇ ਨਜ਼ਰ ਮਾਰ ਕੇ ਆਖਿਆ,

--- ਐਹ ਕਬਰ ਤੇ ਛਿੜਕਾਂ ਗੇ ਪੁੱਤਰ, ਔਹ ਨਿੱਕਾ ਲੀੜਾ ਲਿਆ।

ਇਸ ਵਾਰੀ ਪਰਦਾ ਚੁੱਕਿਆ ਤੇ ਮੈਨੂੰ ਪਤਾ ਸੀ ਮੈਨੂੰ ਕੀ ਚਾਹੀਦੈ। ਮੈਂ ਇੱਕ ਗੋਲ ਓਰੀਏਂਟਿਡ/goal oriented ਜਵਾਨ ਵਾਂਗ ਜੋਸ਼ ਨਾਲ ਭਰਿਆ, ਪਰਦਾ ਚੁੱਕਿਆ ਤੇ ਸਿੱਧਾ ਟਾਰਗਿਟ ਮੰਜੀ ਤੇ ਜਾ

ਪਿਆ। ਚੱਦ੍ਹਾਂ ਫਰੋਲੀਆਂ, ਇੱਕ ਚੱਦਰ ਮੀਟਰ ਸਕੇਅਰ /squar e ਦੀ ਸੀ, ਉਹ ਚੁੱਕ ਕੇ ਬੜੇ ਫ਼ਾਤਿਹਾਨਾ ਢੰਗ ਨਾਲ ਪਰਦੇ ਅੰਦਰ ਗ਼ੈਬ ਹੋ ਗਿਆ। ਉਸ ਵੇਲੇ ਮੈਨੂੰ ਮੰਜੇ ਕੋਲ ਖਲੋਤੇ ਬੰਦੇ ਬੜੇ ਹਕੀਰ/inferior ਜਾਪੇ।

ਮੌਲਵੀ ਨੇ ਸਾਰਾ ਸੂਟ ਕਟ ਕੇ ਚਾਚੇ ਉੱਤੇ ਚਿੱਟੀ ਚੱਦਰ ਪਾ ਦਿੱਤੀ ਤੇ ਕੱਟੇ ਲੀੜੇ ਖਿੱਚ ਲਏ। ਹੁਣ ਉੱਤੋਂ ਚਾਚਾ ਨੰਗਾ ਸੀ ਪਰ ਓਹਦੇ ਥੱਲੇ ਅੱਧਾ ਸੂਟ ਫੱਸਿਆ ਪਿਆ ਸੀ। ਮੌਲਵੀ ਨੇ ਚਾਚੇ ਦੀਆਂ ਲੱਤਾਂ ਚੁੱਕ ਕੇ ਥੱਲਿਓਂ ਸ਼ਲਵਾਰ ਖਿੱਚ ਲਈ। ਫਿਰ ਉਹਨੇ ਚਾਚੇ ਦੇ ਡਿੱਢ ਦੇ ਥੱਲੇ ਹੱਥ ਧਰ ਕੇ ਸਾਨੂੰ ਇਸ਼ਾਰਾ ਕੀਤਾ ਕਿ ਚਾਚੇ ਨੂੰ ਪਾਸਾ ਪਰਤਾ ਪਰਤਾ ਕੇ ਥੱਲਿਓਂ ਲੀੜੇ ਕੱਢੀਏ।

ਪੁੱਤਰ ਨੇ ਪਿਓ ਦੇ ਨੰਗੇ ਮੋਢੇ ਨੂੰ ਫੜ ਕੇ ਪਾਸਾ ਪਰਤਾਨ ਦੀ ਚਾਹੀ, ਹੱਥ ਤਿਲਕ ਗਿਆ। ਚਾਚਾ ਜੇਹੜਾ ਬਿਮਾਰ ਪੈ ਕੇ ਅੱਧਾ ਰਹਿ ਗਿਆ ਸੀ, ਹੁਣ ਮਰ ਕੇ ਚੌਖਾ ਭਾਰਾ ਹੋਇਆ ਪਿਆ ਸੀ। ਮੈਂ ਵੀ ਅੱਗੇ ਹੋ ਕੇ ਹੱਥ ਪੁਆਇਆ। ਮੋਏ ਜੁੱਸੇ ਨੂੰ ਹੱਥ ਲਾਂਦੇ ਹੀ ਮੈਨੂੰ ਝੁਰਝੁਰੀ ਆ ਗਈ, ਜਿਸ ਤਰ੍ਹਾਂ ਮੰਡੀ ਵਿੱਚ ਮੋਈ ਮੱਛੀ ਨੂੰ ਫੜਦੇ ਆਂਦੀ ਹੈ। ਅਸੀਂ ਜ਼ਰਾ ਜਿਹਾ ਚੁੱਕ ਕੇ ਰੁੱਕ ਗਏ, ਡਰ ਸੀ ਚਾਚਾ ਲੁੜ੍ਹਕ ਕੇ ਫੱਟੇ ਤੋਂ ਮੂੰਹ ਭਾਰ ਨਾ ਡਿੱਗ ਪਵੇ। ਮੌਲਵੀ ਨੇ ਸਾਹਮਣੇ ਵੱਲ ਆ ਕੇ ਚੱਦਰ ਚਾਚੇ ਦੇ ਚੂਤਣਾ ਤੇ ਪਾ ਕੇ ਚੂਤੜ ਚੁੱਕੇ, ਅਸੀਂ ਵੀ ਮੋਢਾ ਥੋੜਾ ਹੋਰ ਚੁੱਕਿਆ। ਮੌਲਵੀ ਨੇ ਲੀੜੇ ਚਾਚੇ ਦੇ ਥੱਲੇ ਕੱਠੇ ਕਰ ਦਿੱਤੇ। ਫਿਰ ਦੂਜਾ ਪਾਸਾ ਚੁੱਕ ਕੇ ਲੀੜੇ ਖਿੱਚ ਲਏ। ਹੁਣ ਫੱਟੇ ਉੱਤੇ ਚਾਚਾ ਨੰਗਾ ਪਿਆ ਸੀ। ਓਹਦੇ ਉੱਤੇ ਬਸ ਓਹ ਮਲਮਲ ਦੀ ਚਿੱਟੀ ਚੱਦਰ ਪਈ ਸੀ, ਧੁੰਨੀ ਤੋਂ ਲੈ ਕੇ ਗੋਡਿਆਂ ਤੀਕਰ।

∆∆∆

ਇਸੇ ਵੇਲੇ ਦਾ ਲੋਕੀ ਮੇਰਾ ਮਖ਼ੌਲ ਕਰਦੇ ਨੇਂ, "ਪੈ ਗਿਆ ਫੱਟੇ ਤੇ"। ਮੇਰੇ ਏਵੇਂ ਹੀ ਖੇੜੇ ਪਏ ਰਹਿੰਦੇ ਨੇਂ। ਨਾ ਧਰਿਆ ਕਰਣ ਆਪਣੀਆਂ ਲੋਥਾਂ ਮੇਰੇ ਉੱਤੇ, "ਤਖ਼ਤ ਏ ਤਾਊਸ" ਤੇ ਸਜਾ ਲਿਆ ਕਰਣ, ਮੈਂ ਡੱਕਿਆ?

ਆਖਦੇ ਜੰਨਤ ਦੋਜ਼ਖ਼ ਦਾ ਫ਼ੈਸਲਾ ਕਿਆਮਤ ਦਿਹਾੜ ਹੋਣੈ। ਮੋਇਆਂ ਦੀਆਂ ਰੂਹਾਂ "ਬਰਜ਼ਖ਼" ਭੇਜੀਆਂ ਜਾਂਦੀਆ ਨੇਂ, ਜਿੱਥੇ ਉਹ ਕਿਆਮਤ ਦਿਹਾੜ ਉਡੀਕਦੀਆਂ ਨੇਂ। ਬਰਜ਼ਖ਼ ਵੀ ਫਿਰ ਫੱਟਾ ਹੀ ਹੋਇਆ ਨਾ, ਰੂਹਾਂ ਦਾ! ਮੇਰੇ ਉੱਤੇ ਪਈ ਲੋਥ ਵੀ ਤੇ ਡੱਕੀ ਹੁੰਦੀ ਹੈ, ਲੈਹ ਵੀ ਨ੍ਹੀਂ ਸਕਦੀ, ਕਿੱਥੇ ਨੱਸ ਵੀ ਨ੍ਹੀਂ ਸਕਦੀ। ਟੋਏ ਦੀ ਪ੍ਰਾਇਵਿਸੀ/pr i vacy ਉਡੀਕਦੀ ਰਹਿੰਦੀ ਹੈ। ਕਦੇ ਕਦੇ ਤਾਂ ਮੈਂ ਹੈਰਾਨ ਹੁੰਦਾਂ, ਕੀ ਤਮਾਸ਼ਾ ਲਾਂਦੇ ਨੇਂ? ਪਹਿਲਾਂ ਮੇਰੇ ਉੱਤੇ ਪਾ ਕੇ ਨੰਗਾ ਕਰ ਛਡਦੇ ਨੇਂ, ਫਿਰ ਮੂੰਹ ਕੱਢ ਕੇ ਧਰ ਦਿੰਦੇ ਨੇਂ, ਨੁਮਾਇਸ਼/exhi bi t i on ਉੱਤੇ, ਕਿ ਹਰ ਕੋਈ ਅਗਾਂਹ ਹੋਹੋ ਕੇ ਝਾਤੀਆਂ ਮਾਰੇ।

∆∆∆

ਹੁਣ ਮੌਲਵੀ ਨੇ ਰੂੰ ਦੇ ਗੋਲੇ ਵਿੱਚੋਂ ਇੱਕ ਚੱਪਾ ਵੱਢਿਆ ਤੇ ਉਹਦੇ ਨਾਲ ਚਾਚੇ ਦਾ ਮੂੰਹ ਢੱਕ ਕੇ ਪੁੱਤਰ ਨੂੰ ਇਸ਼ਾਰਾ ਕੀਤਾ ਕਿ ਮਾਰ ਪਾਣੀ ਖੁੱਲ੍ਹਾ। ਚਾਚਾ ਤਾਂ ਪੁੱਤਰ ਨੂੰ ਬਾਲਪਣੇ ਵਿੱਚ ਨਵ੍ਹਾਂਦਾ ਰਿਹਾ ਹੋਣੈ,

ਪੁੱਤਰ ਦੀ ਇਹ ਪਹਿਲੀ ਵਾਰ ਸੀ। ਆਪਣੇ ਸਾਹਮਣੇ, ਤੇ ਦੂਜੇ ਹੋਰ ਦੋ ਬੰਦਿਆਂ ਸਾਹਮਣੇ ਨੰਗੇ ਪਏ ਮੋਏ ਪਿਓ ਤੇ ਕਿੱਥੇ ਧਾਰ ਮਾਰੇ, ਉਹ ਗੜਬੜਾ ਗਿਆ। ਮੂੰਹ ਭਾਂਵੇ ਮੌਲਵੀ ਨੇ ਰੂੰ ਨਾਲ ਢੱਕਿਆ ਸੀ, ਫਿਰ ਵੀ, ਮੂੰਹ ਉੱਤੇ ਧਾਰ ਮਾਰਣ ਨਾਲ ਤਾਂ ਸਾਹ ਘੁੱਟਿਆ ਜਾਂਦੈ। ਢਿੱਡ ਤੇ? ਨਿਰਾ ਮਲਮਲ ਦਾ ਲੀੜਾ ਪਿਆ ਸੀ, ਨਾ ਵੀ ਰੁੜ੍ਹਦਾ ਤਾਂ ਗਿੱਲਾ ਹੋ ਕੇ ਮੋਈ ਸ਼ਰਮਗਾਹ/private parts ਨੰਗੀ ਕਰ ਛੱਢਣੀ ਸੀ। ਓਹਨੇ ਸੇਫ਼ ਪ੍ਲੇ/saf e pl ay ਕਰਦਿਆਂ ਨਿਸ਼ਾਨਾ ਪੈਰਾਂ ਦਾ ਲਾਇਆ। ਕੁੱਝ ਪਲ ਤੇ ਮੌਲਵੀ ਉਡੀਕਦਾ ਰਿਹਾ ਕਿ ਪਾਣੀ ਉਤਾਂ ਨੂੰ ਆਏ ਗਾ, ਫਿਰ ਉਹਨੇ ਮੈਨੂੰ ਇਸ਼ਾਰਾ ਕੀਤਾ। ਮੈਂ ਪੈਪ ਫੜ ਕੇ ਚਾਚੇ ਦੀ ਹਿੱਕ ਉੱਤੇ ਧਾਰ ਮਾਰੀ, ਛਿੱਟਾਂ ਅਸਾਂ ਤਿੰਨਾਂ ਤੇ ਪੈਣ ਲੱਗ ਪਈਆਂ। ਮੌਲਵੀ ਨੇ ਅੱਕਿਆ ਜਿਹਾ ਇਸ਼ਾਰਾ ਕੀਤਾ, ਤੇ ਮੈਂ ਪੈਪ ਥੱਲੇ ਕਰ ਦਿੱਤਾ।

ਮੌਲਵੀ ਦੇ ਇਸ਼ਾਰਿਆਂ ਉੱਤੇ ਮੈਂ ਪਾਣੀ ਪਾਂਦਾ ਗਿਆ ਤੇ ਉਹ ਆਪਣੇ ਮਲਮਲ ਦੇ ਦਸਤਾਨੇ/gl oves ਪਾਏ ਹੱਥਾਂ ਨਾਲ ਮੋਏ ਜੁੱਸੇ ਦਾ ਇੱਕ ਇੱਕ ਅੰਗ ਮਲ ਮਲ ਕੇ ਧੋਂਦਾ ਗਿਆ। ਹਿੱਕ, ਮੋਢੇ, ਬਾਹਵਾਂ, ਢਿੱਡ, ਪੱਟ, ਪਿੰਨੀਆਂ, ਪੈਰ। ਚੰਗੀ ਤਰ੍ਹਾਂ ਮਲ ਮਲ ਕੇ ਧੋਂਦਾ ਜਾਂਦਾ, ਨਾਲੇ ਅਰਬੀ ਵਿੱਚ ਕਲਾਮ ਵੀ ਪੜ੍ਹੀ ਜਾਂਦਾ। ਪੂਰਾ ਜੁੱਸਾ ਧੋ ਕੇ ਉਹਨੇ ਲੀੜੇ ਦਾ ਕੋਨਾ ਚੁੱਕ ਕੇ ਚਾਚੇ ਦੇ ਪੱਟਾਂ ਵਿਚਕਾਰ ਹੱਥ ਪਾਂਦਿਆਂ ਮੈਨੂੰ ਇਸ਼ਾਰਾ ਕੀਤਾ ਬਈ ਪੈਪ ਨੇੜੇ ਲਿਆ ਕੇ ਲੀੜੇ ਦੇ ਥੱਲੋਂ ਪਾਣੀ ਮਾਰ। ਫਿਰ ਮੌਲਵੀ ਲੀੜਾ ਕੱਠਾ ਕਰ ਕੇ ਚਾਚੇ ਦੇ ਢਿੱਡ ਉੱਤੇ ਦੋਵਾਂ ਹੱਥਾਂ ਨਾਲ ਇੰਜ ਜ਼ੋਰ ਮਾਰਨ ਲੱਗਾ ਜਿਸ ਤਰ੍ਹਾਂ ਬੰਦ ਦਿਲ ਟੋਰਣ ਲਈ ਡਾਕਟਰ ਕਰਦੇ ਨੇਂ। ਤਿੰਨ ਚਾਰ ਵਾਰੀ ਇੰਜ ਭਾਰ ਪਾ ਕੇ ਉਹਨੇ ਮੇਰੇ ਹੱਥੋਂ ਪੈਪ ਫੜ ਲਿਆ ਤੇ ਸਾਨੂੰ ਇਸ਼ਾਰਾ ਕੀਤਾ ਕਿ ਚਾਚੇ ਨੂੰ ਪਾਸਾ ਦਵਾਈਏ। ਜ਼ੋਰ ਲਾ ਕੇ, ਅਸੀਂ ਲਾਇਆ ਤੇ ਓਹਨੇ ਮੂੰਹ ਬਣਾ ਕੇ ਚਾਚੇ ਦੇ ਚੂਤਣਾ ਤੇ ਪ੍ਰੈਸ਼ਰ ਨਾਲ ਧਾਰ ਮਾਰੀ। ਮੈਨੂੰ ਜਾਪਿਆ ਸਾਡੇ ਦੋਵਾਂ ਦੇ ਵੀ ਨੱਕ ਚੜ੍ਹੇ ਪਏ ਸਨ।

ਮੌਲਵੀ ਨੇ ਪੈਪ ਫਿਰ ਮੈਨੂੰ ਫੜਾ ਕੇ ਪੁੱਤਰ ਨੂੰ ਬਾਲਟੀ ਲਿਆਣ ਦਾ ਆਖਿਆ। ਤੱਤੇ ਪਾਣੀ ਵਿੱਚ ਪੈਪ ਦਾ ਪਾਣੀ ਰਲਾਂਦਿਆਂ ਮੌਲਵੀ ਨੇ ਨਿੰਮ੍ਹ ਦੇ ਪੱਤੇ ਕੱੱਢ ਦਿੱਤੇ ਤੇ ਪਾਣੀ ਸਾਰੇ ਬਦਨ ਉੱਤੇ ਖਲਾਰ ਦਿੱਤਾ। ਪੱਤਿਆਂ ਦੇ ਤਿੰਨ ਚਾਰ ਨਿੱਕੇ ਨਿੱਕੇ ਟੋਟੇ ਅੱਖ ਬਚਾ ਕੇ ਰੁੜ੍ਹ ਆਏ ਸਨ, ਉਹ ਚੁਣ ਕੇ ਮੌਲਵੀ ਨੇ ਸਾਬਣ ਦੀ ਚਾਕੀ ਖੋਲ੍ਹ ਲਈ। ਦਸਤਾਨਿਆਂ/gl oves ਉੱਤੇ ਚੰਗੀ ਤਰ੍ਹਾਂ ਝੱਗ ਬਣਾ ਕੇ ਉਹਨੇ ਸਾਰੇ ਸ਼ਰੀਰ ਨੂੰ ਸਾਬਣ ਨਾਲ ਧੋ ਦਿੱਤਾ। ਹੁਣ ਤੀਕਰ ਪੁੱਤਰ ਨੂੰ ਵੀ ਕੁਝ ਕੁਝ ਯਕੀਨ ਆਗਿਆ ਸੀ ਕਿ ਇਹ ਪਿਓ ਨ੍ਹੀਂ, ਲੋਥ ਹੈ, ਉਹ ਵੀ ਪਿਓ ਦੀ ਹਿੱਕ ਤੇ ਸਿਰ ਦੇ ਵਾਲਾਂ ਉੱਤੇ ਮੱਲ ਮੱਲ ਕੇ ਝੱਗ ਉਸਾਰਣ ਲੱਗ ਪਿਆ ਸੀ। ਜੁੱਸਾ ਧੋ ਕੇ ਮੌਲਵੀ ਨੇ ਚਾਚੇ ਦੇ ਕੰਨਾਂ ਅਤੇ ਨੱਕ ਵਿੱਚ ਰੂੰ ਦੀਆਂ ਬੱਤੀਆਂ ਪਾ ਕੇ, ਤੇ ਮੂੰਹ ਉੱਤੇ ਰੂੰ ਦਾ ਚੱਪਾ ਧਰ ਕੇ, ਮੂੰਹ ਧੋਇਆ। ਫਿਰ ਕੰਨਾਂ, ਨੱਕ ਵਿੱਚੋਂ ਬੱਤੀਆਂ ਕੱਡ ਕੇ, ਗਿੱਲੀ ਰੂੰ ਦੀਆਂ ਬੱਤੀਆਂ ਨਾਸਾਂ ਅਤੇ ਕੰਨਾਂ ਦੀਆਂ ਮੋਰੀਆਂ ਵਿੱਚ ਘੁਮਾਂ ਘੁਮਾਂ ਕੇ ਸਫ਼ਾਈ ਕੀਤੀ।

ਮੌਲਵੀ ਫਿਰ ਇਸ਼ਾਰਾ ਕੀਤਾ ਤੇ ਇਸ ਵਾਰੀ ਮੈਂ ਪਹਿਲਾਂ ਹੀ ਪੁੱਛ ਲਿਆ ਕੀ ਲਿਆਣਾ ਹੈ। ਕਾਫ਼ੂਰ/Camphor ਦੀਆਂ ਚਿੱਟੀਆਂ ਡੱਲੀਆਂ ਵਾਲਾ ਸ਼ੌਪਰ/shopper ਫੜਦੇ ਮੈਂ ਸੋਚਿਆ ਇਹ ਖ਼ਵਰੇ ਕੀ ਬਲਾ ਹੈ?

ਮੌਲਵੀ ਨੇ ਇੱਕ ਡਲੀ ਹੱਥਾਂ ਵਿੱਚ ਭੱਨ ਕੇ ਰਗ਼ੜਦਿਆਂ ਉਹਦਾ ਸਫ਼ੂਫ਼/powder ਜਿਹਾ ਬਣਾ ਕੇ ਚਾਚੇ ਦੇ ਹੱਥਾਂ, ਪੈਰਾਂ ਤੇ ਮੂੰਹ ਸਿਰ ਤੇ ਮੱਲ ਦਿੱਤਾ, ਤੇ ਫਿਰ ਮੂੰਹ ਚੁੱਕ ਕੇ ਮੇਰੇ ਵੱਲ ਵੇਖਣ ਲੱਗ ਪਿਆ।

ਹੁਣ ਮੌਲਵੀ ਨੇ ਇਸ਼ਾਰਾ ਕੀਤਾ ਤੇ ਮੈਨੂੰ ਪਤਾ ਸੀ ਹੁਣ ਤਾਂ ਕਫ਼ਨ ਦੀ ਹੀ ਵਾਰੀ ਹੈ। ਦੋ ਚਿੱਟੀਆਂ ਚਦਰਾਂ ਸਨ, ਇੱਕ ਅੱਧੀ, ਵੱਡੀ ਮੋਰੀ ਵਾਲੀ, ਤੇ ਦੂਜੀ ਪੂਰੀ। ਮੋਰੀ ਵਿੱਚੋਂ ਚਾਚੇ ਦਾ ਸਿਰ ਲੰਘਾ ਕੇ "ਕਾਗ਼ਜ਼ੀ ਪੈਰਾਹਨ" ਪੁਆ ਦਿੱਤਾ। ਫਿਰ ਅਸਾਂ ਚਾਚੇ ਨੂੰ ਚੁੱਕਿਆ ਤੇ ਮੌਲਵੀ ਨੇ ਫੱਟੇ ਉੱਤੇ ਚੱਦਰ ਵਿਛਾ ਦਿੱਤੀ। ਗਿੱਲਾ ਲੀੜਾ ਛਿਕਦਿਆਂ ਮੌਲਵੀ ਨੇ ਵੱਡੀ ਚੱਦਰ ਵਿੱਚ ਚਾਚੇ ਨੂੰ ਵਲ੍ਹੇਟ ਕੇ, ਉੱਤੋਂ ਥੱਲਿਓਂ ਚੱਦਰ ਨੂੰ ਮੜੋੜੀਆਂ ਮਾਰ ਕੇ ਚਿੱਟੀਆਂ ਲੀਰਾਂ ਨਾਲ ਬਨ੍ਹ ਦਿੱਤਾ, ਬਿਲਕੁਲ ਸ਼ੁਆਰਮੇ ਵਾਂਗ। ਸ਼ੁਆਰਮੇ ਦੀ ਮੈਦੇ ਵਾਲੀ ਚਿੱਟੀ ਰੋਟੀ, ਜਿਹਦੇ ਵਿੱਚ ਬੋਟੀਆਂ ਹੁੰਦੀਆਂ ਨੇਂ। ਇਹ ਖ਼ਿਆਲ ਆਂਦੇ ਹੀ ਮੈਨੂੰ ਢਿੱਡ ਵਿੱਚ ਖੋਹ ਵੀ ਪਈ, ਤੇ ਸ਼ੁਆਰਮੇ ਤੋਂ ਨਫ਼ਰਤ ਵੀ ਹੋ ਗਈ।

ਕਾਫ਼ੂਰ ਦੀਆਂ ਬੱਚੀਆਂ ਡੱਲੀਆਂ ਉਹਨੇ ਕਫ਼ਨ/shr oud ਵਿੱਚ ਖਲਾਰ ਦਿੱਤੀਆਂ ਸਨ।

ਚਾਚੇ ਦਾ ਨੰਗ ਢੱਕ ਕੇ ਲੀੜੇ ਸੁਕਾਣ ਵਾਲੀ ਰੱਸੀ ਤੇ ਪਾਏ ਚੱਦਰਾਂ ਦੇ ਪਰਦੇ ਸੈਡ ਤੇ ਕੀਤੇ। ਦੂਜੇ ਪਾਸੇ ਉਡੀਕਦੇ ਬੰਦੇ ਫ਼ਟਾ ਫ਼ੱਟ ਫੱਟੇ ਦੁਆਲੇ ਆ ਖਲੋਤੇ। ਦੂਜੇ ਕਲਮੇ ਦਾ ਅਰਬੀ ਨਾਅਰਾ ਮਾਰਦੇ ਸਾਰਿਆਂ ਨੇ ਹੱਥ ਪਾ ਕੇ ਚਾਚੇ ਨੂੰ ਫੱਟੇ ਤੋਂ ਚੁੱਕ ਕੇ ਮੁਰਦਾ ਮੰਝੀ ਉੱਤੇ ਪਾ ਦਿੱਤਾ। ਮੰਝੀ ਤੇ ਪਿਆ, ਧੁਲਾ ਧੁਲਾਇਆ, ਕਫ਼ਨਾਇਆ ਚਾਚਾ ਹੁਣ ਜਨਾਜ਼ਾ ਬਣ ਗਿਆ ਸੀ।

ΔΔΔ

ਚਿੱਟੇ ਲੀੜੇ ਵੀ ਚੂੜੇ ਦੀ ਛੁਰੀ ਵਾਂਗ ਹਰ ਥਾਂ ਲਈ ਚੱਲ ਜਾਂਦੇ ਨੇਂ। ਗੋਰੀਆਂ ਲਾੜੀਆਂ ਲਈ ਵੀ, ਤੇ ਸਾਡੀਆਂ ਵਿਧਵਾਵਾਂ ਲਈ ਵੀ। ਚੌਂਦਰਾਹਟ ਦੀ ਪੱਗ ਲਈ ਵ, ਤੇ ਮੁਰਦੇ ਦੇ ਕਫ਼ਨ/shr oud ਲਈ ਵੀ। ਹੋਰ ਤੇ ਹੋਰ, ਲੋਥ ਦੀ ਸ਼ਰਮ ਗਾਹ/private parts ਢੱਕਣ ਲਈ ਵੀ ਚਿੱਟਾ ਲੀੜਾ ਹੀ ਪਾਂਦੇ ਨੇਂ। ਉਂਜ ਤੇ ਚੱਡੀ ਬਨੈਣ ਜਿਊਂਦਿਆਂ ਦੇ ਵੀ ਚਿੱਟੇ ਹੀ ਹੁੰਦੇ ਨੇਂ।

ਮੈਨੂੰ ਵੀ ਖ਼ਵਰੇ ਚਿੱਟਾ ਕਰ ਕੇ ਹੀ ਵਰਤਦੇ ਨੇਂ। ਚਿੱਟੇ ਕਫ਼ਨ/shr oud ਵਿੱਚ ਚਿੱਟਾ ਪੌਡਰ। ਰੁੱਖ ਨੂੰ ਕੁਤਰਦੇ ਨੇਂ, ਪਕਾਂਦੇ ਨੇਂ, ਫਿਰ ਕੁੱਟ ਕੁੱਟ ਕੇ ਮੇਰਾ ਪੌਡਰ ਬਣਾਦੇ ਨੇਂ, ਖ਼ੁਸ਼ਬੋਦਾਰ। ਬਾਲ ਜੰਮਦਾ ਹੈ ਤੇ ਉਹਨੂੰ ਪੈਂਪਰ/pamper ਬਨ੍ਹ ਕੇ ਖ਼ੁਸ਼ਬੋ ਵਾਲਾ ਪੌਡਰ ਲਾ ਦੇਣ ਗੇ। ਵੱਡੇ ਵੀ ਲੀੜੇ ਜ਼ੇਵਰ ਪਾ, ਸੁਰਖ਼ੀ ਪੌਡਰ ਲਾ, ਸਦਾ ਹੀਰੋ ਹੀਰੋਈਨ ਬਣੇ ਫਿਰਣ ਗੇ। ਆਪਣੀ ਲੋਥ ਨੂੰ ਵੀ ਕਲਫ਼ ਲੱਗਿਆ ਕਫ਼ਨ/shr oud ਪੁਆ ਕੇ, ਮੈਨੂੰ ਛਿੜਕ ਕੇ, ਖ਼ੁਸ਼ਬੋਦਾਰ ਬਣਾ ਕੇ ਦੱਬਣ ਗੇ।

ΔΔΔ

ਲਾਉਂਜ/l ounge ਵਿੱਚ ਅਪਣਨ ਤੋਂ ਪਹਿਲਾਂ ਹੀ ਖ਼ਬਰ ਅੰਦਰ ਅਪੜ ਗਈ ਕਿ ਜਨਾਜ਼ਾ ਅਖ਼ੀਰਲੇ ਦੀਦਾਰ/last watch ਲਈ ਆਂਦਾ ਪਿਆ ਹੈ। ਰੋਣੇ ਧੋਣੇ ਉੱਤੇ ਵੈਣ ਪੈਣ ਲੱਗ ਗਏ। ਜਨਾਜ਼ਾ ਵੇਖ਼ਦਿਆਂ ਹੀ ਸਵਾਣੀਆਂ ਨੇ ਜੂ ਉੱਚੇ ਉੱਚੇ ਵੈਣ ਪਾਏ ਤੇ ਘਾਬਰੇ ਰੂੰ ਰੂੰ ਕਰਦੇ ਬਾਲਾਂ ਦੀਆਂ ਚੀਕਾਂ ਨਿਕਲ ਗਈਆਂ। ਮੈਰਾ ਦਿਲ ਬਹਿ ਗਿਆ। ਮੇਰਾ ਸਤ ਵਰ੍ਹਿਆਂ ਦਾ ਬਿੱਟੂ ਤੇ ਉਂਜ ਹੀ ਬੜਾ ਡਰਾਕਲ ਹੈ, ਇਹ ਵੈਣ ਚੀਕਾਂ ਨੇ ਤੇ ਉਹਦਾ ਤ੍ਰਾਹ ਹੀ ਕੱਢ ਦਿੱਤਾ ਹੋਣੈ। ਦੋ ਵਰ੍ਹਾਂ ਪਹਿਲਾਂ ਵੱਡੀ ਈਦ ਉੱਤੇ ਉਹਨੇ ਚੰਗਾ ਰੌਲ਼ਾ ਪਾ ਦਿੱਤਾ ਸੀ। ਜਦੋਂ ਉਹਨੂੰ ਸਮਝ ਆਈ ਕਿ ਹਾਂਡੀ ਵਿੱਚ ਬੋਟੀਆਂ ਓਸੇ ਬਕ੍ਰੇ ਦੀਆਂ ਨੇਂ ਜਿਹਦੇ ਨਾਲ ਉਹ ਸਾਰਾ ਹਫ਼ਤਾ ਖੇਡਦਾ ਰਿਹਾ ਸੀ, ਉਹਨੇ ਤਿੰਨ ਦਿਨ ਗੋਸ਼ਤ ਨਾ ਖਾਦਾ।

ਜਨਾਜ਼ਾ ਧਰ ਕੇ ਮੈਂ ਪਿਛਾਂ ਹੱਟ ਆਇਆ। ਤੀਵੀਆਂ ਨੇ ਚਾਰੇ ਪਾਸਿਓਂ ਹੱਲਾ ਬੋਲ ਦਿੱਤਾ ਸੀ। ਚਾਚੀ ਤੇ ਉਹਦੀਆਂ ਧੀਆਂ ਸਿਰ ਪਿੱਟ ਪਿੱਟ ਕੇ ਵੈਣ ਪਾਂਦੀਆਂ ਸਨ, ਬਾਕੀ ਸਵਾਣੀਆਂ ਵੀ ਉੱਚੀ ਉੱਚੀ ਰੋਣ ਡਈਆਂ ਸਨ। ਇਸ ਸ਼ੋਰ ਸ਼ਰਾਬੇ ਵਿੱਚ ਮੈਂ ਬਿੱਟੂ ਨੂੰ ਲੱਭਿਆ, ਉਹ ਮਾਂ ਦੀ ਕੱਛ ਵਿੱਚ ਲੁਕਿਆ ਰੋਂਦਾ ਪਿਆ ਸੀ। ਵਾਰ ਵਾਰ ਤ੍ਰਾਹੀਆਂ ਅੱਖਾਂ ਨਾਲ ਜਨਾਜ਼ੇ ਨੂੰ ਵੇਖ਼ਦਾ, ਉਹਦੇ ਦੁਆਲੇ ਰੋਂਦੀਆਂ ਤੀਵੀਆਂ ਨੂੰ ਵੇਖ਼ਦਾ, ਫਿਰ ਮਾਂ ਦੀ ਕੱਛ ਵਿੱਚ ਲੁਕ ਕੇ ਰੋਣ ਲੱਗ ਪੈਂਦਾ।

ਪੰਦ੍ਰਾਂ 'ਕ ਮਿੰਟਾਂ ਪਿੱਛੋਂ ਰੌਲ਼ਾ ਕੁੱਝ ਠੱਲਿਆ, ਤੇ ਮੈਂ ਇਸ਼ਾਰੇ ਨਾਲ ਵਹੁਟੀ ਨੂੰ ਇੱਕ ਪਾਸੇ ਸੱਦਿਆ।

--- ਐਹਨੂੰ ਕਿਓਂ ਲੈ ਆਈ ਏਂ?

--- ਕਿੱਥੇ ਛੱਡ ਕੇ ਆਂਦੀ?

--- ਐਹਦਾ ਤੇ ਸ਼ਾਮੀ ਤੀਕਰ ਬੇੜਾ ਗ਼ਰਕ ਹੋ ਜਾਣੈ।

ਮੈਂ ਬਿੱਟੂ ਦੀ ਕੰਢ ਉੱਤੇ ਹੱਥ ਫੇਰਦਿਆਂ ਕਿਹਾ।

--- ਹੁਣ ਤੇ ਹੋਗਿਆ ਜੋ ਹੋਣਾ ਸੀ, ਮੈਂ ਤੇ ਸੋਚਨੀ ਆਂ ਜਨਾਜ਼ਾ ਚੁੱਕਣ ਵੇਲੇ ਐਹਦਾ ਕੀ ਹੋਊ?

ਠੀਕ ਪਈ ਕਹਿੰਦੀ ਸੀ। ਜਨਾਜ਼ਾ ਚੁਕਦਿਆਂ ਤੇ ਹੋਰ ਰੌਲ਼ਾ ਪੈਣੈ। ਕੀ ਹੋ ਸਕਦਾ ਹੈ, ਚਾਚਾ ਹੈ, ਮੈਂ ਤੇ ਜਨਜ਼ਾ ਚੁੱਕਣ ਵਾਲਿਆਂ 'ਚ ਹੋਣੈ, ਇਹ ਤੇ ਫਿਰ ਸਵਾਣੀਆਂ ਵਿੱਚ ਹੀ ਰਹੂ।

--- ਤੁਸੀਂ ਜਨਾਜ਼ਾ ਚੁੱਕਣ ਤੋਂ ਪਹਿਲਾਂ ਇਹਨੂੰ ਕਿੱਥੇ ਲੈ ਜਾਓ, ਨ੍ਹੀਂ ਤਾਂ ਐਹਨੇ ਰੋਰੋ ਕੇ ਹਲਕਾਨ ਹੋਜਾਣੈ।

--- ਕਿੱਥੇ ਲੈ ਜਾਵਾਂ, ਕਿਸਰਾਂ ਲੈ ਜਾਵਾਂ? ਮੇਰੇ ਸਗੇ ਚਾਚੇ ਦਾ ਜਨਾਜ਼ਾ ਏ, ਮੈਂ ਜਨਾਜ਼ਾ ਛੱਡ ਨਿਆਣਾ ਖਿਡਾਂਦਾ ਚੰਗਾ ਲੱਗੂ?

--- ਸਵੇਰ ਦੇ ਤੁਸੀ ਹਲਕਾਨ ਹੋਂਦੇ ਪਏ ਓ, ਖੈਰੀ ਮੈਰੀ ਹੋਰ ਬਥੇਰੇ ਰਿਸ਼ਤੇਦਾਰ ਜਿਊਂਦੇ ਚਾਚਾ ਜੀ ਦੇ, ਕੁਝ ਔਹਨਾਂ ਨੂੰ ਵੀ ਕਰ ਲੈਣ ਦਿਓ। ਬਿੱਟੂ ਦਾ ਹਾਲ ਤੇ ਵੇਖੋ।

ਮੈਂ ਵੇਖਿਆ, ਹਾਲ ਬਹੁੰ ਭੈੜਾ ਸੀ। ਗੱਲ ਬਾਕੀ ਰਿਸ਼ਤੇਦਾਰਾਂ ਵਾਲੀ ਵੀ ਠੀਕ ਸੀ। ਸਰਗੀ ਦਾ ਮੈਂ ਹੀ ਅੱਗੇ ਅੱਗੇ ਸਾਂ। ਮਸੀਤ ਵਿੱਚ ਮਰਗ ਦਾ ਐਲਾਨ ਕਰਾਣਾ, ਮੌਲਵੀ, ਫੱਟੇ ਦਾ ਇੰਤਜ਼ਾਮ, ਕਬਰਿਸਤਾਨ ਕਮੇਟੀ ਤੋਂ ਕਬਰ ਦੀ ਇਜਾਜ਼ਤ, ਕਬਰ ਦੀ ਥਾਂ ਚੁਣਨੀ, ਗੋਰ ਕੰਨ ਨਾਲ ਕਬਰ ਖੁਦਾਈ ਦੇ ਸਾਰੇ ਮਾਮਲਾਤ/deal i ngs ਤੇਅ ਕਰਨੇ, ਕਫ਼ਨ ਦੀਆਂ ਚੱਦਰਾਂ ਤੇ ਦੂਜਾ ਸਾਮਾਨ ਲਿਆਣਾ, ਹਰ ਥਾਂ ਮੈਂ ਹੀ ਭਜਦਾ ਫਿਰਦਾ ਸਾਂ। ਉਂਜ ਵੀ ਜਨਾਜ਼ਾ ਚੁੱਕਣ ਵੇਲੇ ਸਵਾਣੀਆਂ ਨੇਂ ਰੌਲ਼ਾ ਹੀ ਇੰਨਾ ਪਾਣੈ, ਕਿਸੇ ਨੂੰ ਹੋਸ਼ ਹੀ ਨ੍ਹੀਂ ਰਹਿਣੀ ਕੌਣ ਸੀ ਕੌਣ ਨ੍ਹੀਂ ਸੀ।

--- ਫ਼ੇਰ ਐਂਜ ਕਰਨੇ ਆਂ, ਜਨਾਜ਼ਾ ਚੁੱਕਣ ਤੋਂ ਜ਼ਰਾ ਕੁ ਪੈਹਲਾਂ ਮੈਂ ਜਨਾਜ਼ਗਾਹ ਦਾ ਇੰਤਜ਼ਾਮ ਵੇਖਣ ਦੇ ਬਹਾਨੇ ਬਿੱਟੂ ਨੂੰ ਲੈ ਕੇ ਮਸੀਤ ਟੁਰ ਜਾਂ ਗਾ।

--- ਤੇ ਬਿੱਟੂ ਨੂੰ ਮੋੜੋ ਗੇ ਕਦੋਂ?

--- ਫ਼ੇਰ ਅਸੀ ਜਨਾਜ਼ਾ ਦਫ਼ਨਾ ਕੇ ਈ ਆਵਾਂ ਗੇ।

--- ਹਾਏ ਹਾਏ, ਕਾਕੇ ਨੂੰ ਤੁਸੀ ਮੁਰਦਾ ਦੱਬਣ ਲੈ ਜਾਓ ਗੇ?

--- ਓਹ ਕੁਝ ਨ੍ਹੀਂ ਹੋਂਦਾ, ਮੈਂ ਨਾਲ ਹੋਵਾਂ ਗਾ। ਔਥੇ ਸਾਰੇ ਬੰਦੇ ਈ ਹੋਂਣੇ, ਰੌਲ਼ਾ ਵੀ ਕੋਈ ਨ੍ਹੀਂ ਪਵੇ ਗਾ। ਔਂਜ ਵੀ ਮੈਂ ਹੁਣ ਘੜੀ ਮੁੜੀ ਤੇ ਨ੍ਹੀਂ ਆ ਸਕਦਾ।

ਬੱਦਲ ਚੜ੍ਹਿਆ ਸੀ। ਮੀਂਹ ਪੈਂਦਿਆਂ ਦਬਣਾ ਔਖਾ ਹੋ ਜਾਣਾ ਸੀ, ਇਸ ਲਈ ਜਨਾਜ਼ਾ ਬੌਹਤਾ ਲੇਟ ਨ੍ਹੀਂ ਸੀ ਕੀਤਾ ਜਾ ਸਕਦਾ। ਅਸਰ ਦੀ ਨਿਮਾਜ਼ ਦਾ ਟੈਮ ਕੀਤਾ ਸੀ ਜਨਾਜ਼ੇ ਦਾ। ਪੌਣੇ ਛੇ ਵਜੇ ਜਮਾਅਤ ਖਲੋਣੀ ਸੀ। ਮੌਲਵੀ ਤੇ ਕਿਸੇ ਵੇਲੇ ਵੀ ਜਨਾਜ਼ਾ ਪੜ੍ਹਾ ਦਿੰਦਾ, ਜੁਗਾੜ ਇਹ ਹੁੰਦੈ ਕਿ ਨਿਮਾਜ਼ੀ ਸਲਾਮ ਫੇਰਣ ਤੇ ਜਨਾਜ਼ਾ ਪਿਆ ਹੋਵੇ। ਨਮਾਜ਼ੀ ਪੰਜ ਮਿੰਟ ਲਾ ਕੇ ਸਵਾਬ ਕਮਾਂ ਲੈਂਦੇ, ਤੇ ਜਨਾਜ਼ੇ ਦੀ ਮਗ਼ਫ਼ਰਤ ਮਾਅਫ਼ੀ ਲਈ ਦੁਆ ਸਿਫ਼ਾਰਿਸ਼ ਦੇ ਜੀ ਚੌਖੇ ਹੋ ਜਾਂਦੇ। ਘਰ ਵਾਲੇ ਵੀ ਚਾਲੀਸਵੇਂ ਤੀਕਰ ਦਸਦੇ ਜਨਾਜ਼ਾ ਬਹੁਤ ਤੱਡਾ ਸੀ। ਮਸੀਤ ਨੇੜੇ ਹੀ ਸੀ, ਕਬਰਿਸਤਾਨ ਦਾ ਪੈਂਡਾ ਸੀ। ਮੋਢਿਆਂ ਉੱਤੇ ਜਨਾਜ਼ਾ ਲਿਜਾਣ ਦਾ ਸਵਾਬ ਵੀ ਹੈ, ਤੇ ਪਿੱਛੋਂ ਸ਼ਰੀਕਾ ਵੀ ਗੱਲਾਂ ਕਰਣ ਜੋਗਾ ਨ੍ਹੀਂ ਰਹਿੰਦਾ, ਪਰ ਕਬਰਿਸਤਾਨ ਤੀਕਰ ਮੋਢਿਆਂ ਉੱਤੇ ਚੁੱਕ ਲਿਜਾਣਾ ਪੁਆੜਾ ਸੀ। ਤੈਅ ਇਹ ਹੋਇਆ ਕਿ ਘਰ ਤੋਂ ਮਸੀਤ ਮੋਢਿਆਂ ਤੇ ਚੁੱਕ ਲਿਜਾਈਏ, ਅੱਗੋਂ ਫਿਰ ਐਂਬੁਲੈਂਸ/ambulance ਉੱਤੇ।

ਸਵਾ ਪੰਜ ਵਜੇ ਮੈਂ ਮਸੀਤ ਦੇ ਇੰਤਜ਼ਾਮ ਦਾ ਆਖ ਕੇ ਤੁਰ ਪਿਆ। ਬਿੱਟੂ ਨਾਲ ਸੀ, ਉਹਦੇ ਮਾਮੇ ਨੂੰ ਕਹਿ ਦਿੱਤਾ ਸੀ ਉਹ ਗੱਡੀ ਲੈ ਆਏ, ਮਸੀਤ ਤੋਂ ਫਿਰ ਕੱਠੇ ਚਲਾਂ ਗੇ। ਬਿੱਟੂ ਬੜਾ ਖੁਸ਼ ਸੀ ਬਈ ਅਸੀਂ ਦੋਵੇਂ ਕੱਲੇ ਪਏ ਜਾਂਦੇ ਸਾਂ। ਮੈਂ ਐਹਤਿਆਤਨ/to be on the safe side ਦੱਸਣ ਲੱਗ ਪਿਆ ਕਿ ਬੰਦਾ ਮਰਦਾ ਇਸ ਲਈ ਹੈ ਕਿ ਰੱਬ ਨੇਂ ਉਹਨੂੰ ਸੱਦਿਆ ਹੁੰਦੈ। ਇਸੇ ਲਈ ਉਸਨੂੰ ਨਹ੍ਹਾ ਕੇ, ਨਵੇਂ ਲੀੜੇ ਪੁਆਨੇ ਆਂ, ਤੇ ਫਿਰ ਸਾਰੇ ਰੱਲ ਕੇ ਛੱਡ ਕੇ ਆਨੇ ਆਂ, "ਜਿਸ ਤਰ੍ਹਾਂ ਤੇਰੇ ਮਾਮੇ ਨੂੰ ਏਅਰਪੋਰ੍ਟ/airport ਛੱਡ ਕੇ ਆਈਦੈ"। ਅਸੀਂ ਮਜ਼ੇ ਮਜ਼ੇ ਨਾਲ ਗੱਲਾਂ ਕਰਦੇ ਗਏ। ਉਹਦੇ

ਮਾਸੂਮ/i nnocent  ਸਵਾਲਾਂ ਅਤੇ ਕਮੈਂਟ੍ਸ/comments ਤੋਂ ਜਾਪਿਆ ਉਹ ਇੰਨਾ ਵੀ ਬੇ ਖ਼ਬਰ ਨ੍ਹੀਂ ਸੀ ਜਿੰਨਾ ਮੈਂ ਸਮਝਦਾ ਸਾਂ। ਅੱਜ ਕਲ ਯੂਟਿਊਬ/YouTube ਤੋਂ ਵੀ ਬਾਲ ਬੜਾ ਕੁੱਝ ਸਿੱਖ ਲੈਂਦੇ ਨੇਂ। ਚਲੋ ਚੰਗਾ ਹੋ ਗਿਆ ਇਹਨੂੰ ਨਾਲ ਲੈ ਆਇਆ, ਰੌਲ਼ੇ ਰੱਪੇ ਤੋਂ ਵੀ ਬੱਚ ਗਿਆ ਤੇ ਦੱਬਣ ਬਾਰੇ ਵੀ ਮੈਂਟਲੀ ਪ੍ਰੀਪੇਅਰ/mentally prepare ਹੋ ਗਿਆ।

ਜਨਾਜ਼ਾ ਪੜ੍ਹ ਕੇ ਮੈਂ ਬਿੱਟੂ ਨੂੰ ਕੁਛੜ ਚੁੱਕ ਕੇ ਚਾਚੇ ਦਾ ਮਰਦਾਨਾ ਅਖ਼ੀਰੀ ਦੀਦਾਰ ਕਰਾਇਆ, ਫਿਰ ਓਹਨੂੰ ਮਾਮੇ ਨੂੰ ਫੜਾ ਕੇ ਐਂਬੁਲੈਂਸ ਤੀਕਰ ਜਨਾਜ਼ੇ ਨੂੰ ਮੋਢਾ ਵੀ ਦੇ ਦਿੱਤਾ।

ਕਬਰਿਸਤਾਨ ਅਪੜੇ ਤੇ ਕਬਰ ਖੁੱਦੀ ਪਈ ਸੀ। ਕਬਰ ਦੇ ਟੋਏ ਦੇ ਇੱਕ ਪਾਸੇ ਤਾਜ਼ੀ ਮਿੱਟੀ ਦੀ ਢੇਰੀ ਲੱਗੀ ਸੀ, ਦੂਜੇ ਪਾਸੇ ਮੰਝੀ ਧਰ ਦਿੱਤੀ। ਮੈਂ ਤੇ ਚਾਚੇ ਦਾ ਪੁੱਤ ਖਬਰ ਅੰਦਰ ਵੜ ਗਏ, ਬਾਹਰਲਿਆਂ ਨੇ ਉੱਤੋਂ ਚਾਚਾ ਲੰਮਕਾ ਦਿੱਤਾ। ਦੋ ਬੰਦਿਆਂ ਨੇ ਸ਼ੁਆਰਮੇ ਵਾਲੇ ਸਿਰੇ ਫੜੇ ਸਨ, ਦੋ ਲੱਕ ਥੱਲੇ ਚੱਦਰ ਦੀ ਰੱਸੀ ਖਿੱਚੀ ਖਲੋਤੇ ਸਨ। ਥੱਲਿਓਂ ਇੱਕ ਲਮ੍ਹੇ ਲਈ ਤੇ ਇਸਰਾਂ ਜਾਪਿਆ ਜਿਵੇਂ ਮੈਨੂੰ ਦੱਬ ਕੇ ਉੱਤੋਂ ਚਿੱਟੀ ਸਲੀਬ ਨਾਲ ਕਬਰ ਬੰਦ ਕਰਣ ਲੱਗੇ ਹੋਣ। ਸਾਹ ਘੁੱਟ ਗਿਆ।

ਚੇਹਰੇ/f ace ਉੱਤੋਂ ਕਫ਼ਨ ਖੋਲਿਆ, ਤੇ ਚਾਚੇ ਦਾ ਮੂੰਹ ਕਿਬਲੇ ਵੱਲ ਮੋੜ ਕੇ ਅਸਾਂ ਹੱਥ ਚੁੱਕ ਦਿੱਤੇ। ਉਤਲਿਆਂ ਨੇ ਸਾਨੂੰ ਉਤਾਂ ਖਿੱਚ ਲਿਆ।

ਟੋਏ ਉੱਤੇ ਸੀਮੈਂਟ/cement  ਦੀਆਂ ਸਿਲਾਂ ਧਰ ਕੇ ਸਭ ਨੇ ਤਾਜ਼ੀ ਢੇਰੀ ਚੋਂ ਮਿੱਟੀ ਦਿਆਂ ਮੁੱਠਾਂ ਪਾਈਆਂ।

--- ਤੂੰ ਵੀ ਮਿੱਟੀ ਪਾ ਬਿੱਟੂ, ਸਵਾਬ ਹੋਂਦੈ।

ਸਭ ਨੇ ਸਵਾਬ ਕੰਮਾ ਲਿਆ ਤੇ ਗੋਰ ਕੰਨ ਨੇ ਕਈ ਫੜ ਕੇ ਮਿੱਟੀ ਦੀ ਢੇਰੀ ਸਿਲਾਂ ਉੱਤੇ ਸ਼ਿਫ਼ਟ/Shi f t  ਕਰਨੀ ਛੋਈ। ਬਿੱਟੂ ਮੇਰੇ ਕੁੱਛੜ ਚੜ੍ਹ ਗਿਆ। ਪਹਿਲੀ ਵਾਰੀ ਮੁਰਦਾ ਦੱਬਣ ਦਾ ਤਜਰੁਬਾ ਉਹਦੇ ਲਈ ਵਾਹਵਾ ਐਕ੍ਸਾਈਟਿੰਗ/exci t i ng ਸੀ। ਕਬਰ ਉੱਤੇ ਹੱਥੀਂ ਮਿੱਟੀ ਪਾ ਕੇ ਤੇ ਉਹ ਬਹੁਤ ਹੀ ਖ਼ੁਸ਼ ਸੀ। ਢੇਰੀ ਪੂਰੀ ਕਰ ਕੇ ਹੁਣ ਗੋਰ ਕੰਨ ਓਹਨੂੰ ਅਰਬੀ ਖ਼ੈਮੇ ਦਿ ਸ਼ਕਲ ਪਿਆ ਦਿੰਦਾ ਸੀ।

--- ਚਾਚਾ ਜੀ ਮੁੜਨ ਗੇ ਕਦੋਂ?

ਇੱਕ ਮਿੰਟ ਲਈ ਤੇ ਮੈਂ ਸੋਚਿਆ ਇਹਦਾ ਮੂਡ ਨਾ ਹੀ ਖ਼ਰਾਬ ਕਰਾਂ, ਕਹਿ ਦਿਆਂ ਥੋੜੇ ਦਿਨਾਂ ਪਿੱਛੋਂ। ਫਿਰ ਸੋਚਿਆ ਇਹ ਤੇ ਜੀਵਨ ਦੀ ਸੱਚਾਈ ਹੈ, ਇਹਨੂੰ ਜਰਨੀ ਚਾਹੀਦੀ ਹੈ। ਕੋਈ ਗੱਲ ਨ੍ਹੀਂ, ਸਾਂਭ ਲਾਂ ਗੇ।

--- ਕਦੀ ਨ੍ਹੀਂ।

--- ਫੇਰ ਔਹਨਾਂ ਦੀਆਂ ਸ਼ੈਵਾਂ ਕੌਣ ਲਊ?

--- ਔਹਨਾਂ ਦਾ ਪੁੱਤ.

--- ਤੇ ਤੁਹਾਡੇ ਬਾਝੋਂ ਸਾਰੀਆਂ ਸ਼ੈਵਾਂ ਮੈਨੂੰ ਲੱਭ ਜਾਣੀਆਂ?

ਮੈਂ ਹੈਰਾਨੀ ਨਾਲ ਬਿੱਟੂ ਵੱਲ ਤਕਿਆ। ਉਹ ਬੜੇ ਸ਼ੌਂਕ ਨਾਲ ਗੋਰ ਕੰਨ ਨੂੰ ਢੇਰੀ ਦੀ ਡਿਜ਼ਾਈਨਿੰਗ/desi gni ng ਕਰਦਿਆਂ ਵੇਖਦਾ ਸੀ। ਬਾਂਲਾਂ ਦਾ ਇਸਰਾਂ ਕਹਿਣਾ ਆਮ ਗੱਲ ਹੈ। ਮਾਸੂਮ ਹੁੰਦੈ, ਉਹਨਾ ਕੇਹੜਾ ਸਮਝ ਹੁੰਦੀ ਮੌਤ ਦਾ ਬ੍ਲੈਕ ਹੋਲ/black hole ਬੰਦਾ ਹਜ਼ਮ ਕਰ ਜਾਂਦੈ।

--- ਹਾਂ ਪੁੱਤ, ਮੇਰਾ ਸਭ ਕੁੱਝ ਤੇਰਾ ਈ ਆ। ਹੁਣ ਵੀ ਤੇਰਾ, ਪਿੱਛੋਂ ਵੀ ਤੇਰਾ।

ਬਿੱਟੂ ਨੇ ਮੇਰੇ ਵੱਲ ਧਿਆਨ ਨਾ ਕੀਤਾ, ਗੋਰ ਕੰਨ ਨੂੰ ਹੀ ਵੇਖ ਰਿਹਾ ਸੀ।

--- ਮਾਂ ਪਿਆਂ ਦੇ ਤੇ ਜੀਵਨ ਈ ਔਲਾਦ ਲਈ ਹੋਂਦੇ ਨੇਂ।

ਮੈਂ ਬਿੱਟੂ ਦਾ ਗੱਲ ਚੁੰਮ ਲਿਆ। ਉਹਨੇ ਮੁਸਕਾ ਕੇ ਮੇਰੇ ਵੱਲ ਵੇਖਿਆ, ਉਸੇ ਵੇਲੇ ਗੋਰ ਕੰਨ ਨੇ ਇਸ਼ਾਰਾ ਕੀਤਾ ਬਈ ਕੰਮ ਖਤਮ। ਸਭ ਨੇ ਦੁਆ ਲਈ ਹੱਥ ਚੁੱਕ ਲਏ। ਅਜੇ ਹੱਥ ਡਿੱਗੇ ਨ੍ਹੀਂ ਸਨ ਕਿ ਉੱਤੇ ਜ਼ੋਰ ਦੀ ਬੱਦਲ ਗੱਜਿਆ।

--- ਲਗਦਾ ਚਾਚਾ ਜੀ ਉੱਤੇ ਅਪੜ ਗਏ!

ਬਿੱਟੂ ਨੇ ਗੱਲ ਲਗਦੇ ਮੇਰੇ ਕੰਨੀ ਕਿਹਾ। ਬੱਦਲ ਦੀ ਆਵਾਜ਼ ਤੋਂ ਡਰ ਕੇ ਉਹ ਮੇਰੇ ਨਾਲ ਚੰਬੜ ਗਿਆ ਸੀ।

--- ਹਾਂ, ਹੁਣ ਤਾਂ ਸਭ ਕੁਝ ਪੁੱਤਰ ਦਾ ਪੱਕਾ।

ਮੈਂ ਹਸਦੇ ਕਿਹਾ। ਨਾਲ ਹੀ ਛੰਮ ਛੰਮ ਮੀਂਹ ਪੈਣ ਲੱਗ ਪਿਆ। ਸਾਰੇ ਛੇਤੀ ਛੇਤੀ ਪਾਰਕਿੰਗ ਵੱਲ ਨੱਸ ਪਏ। ਕਬਰਾਂ ਵਿਚਲੇ ਕੱਚੇ ਰਾਹ ਤੇ ਚਿੱਕੜ ਹੋਣ ਲੱਗ ਪਿਆ। ਸਾਰਿਆਂ ਦੀਆਂ ਅੱਖਾਂ ਥੱਲੇ ਤੇ ਧਿਆਨ ਘਰਾਂ ਨੂੰ ਤੁਰ ਗਏ। ਚਾਚੇ ਦਾ ਪੁੱਤਰ ਮੇਰੇ ਨਾਲ ਤੁਰਦਾ ਫ਼ੋਨ ਉੱਤੇ ਕਲ ਕੁਲਾਂ ਲਈ ਸ਼ਾਮਿਆਨੇ ਕੁਰਸੀਆਂ ਦਾ ਆਰਡਰ ਕਰਦਾ ਸੀ। ਮੈਨੂੰ ਗੁੱਸਾ ਆਇਆ ਕਿ ਪਿਓ ਦੱਬ ਕੇ ਅਜੇ ਕਬਰਿਸਤਾਨ ਤੋਂ ਨ੍ਹੀਂ ਨਿਕਲਿਆ ਤੇ ਇਹਨੂੰ ਕੁਰਸੀਆਂ ਯਾਦ ਆਗਈਆਂ ਨੇਂ? ਮੈਂ ਬਿੱਟੂ ਨੂੰ ਬਾਂਦਰ ਦੇ ਬਾਲ ਵਾਂਗ ਹਿੱਕ ਨਾਲ ਲਾ ਕੇ ਬਾਹਵਾਂ ਉਹਦੇ ਦੁਆਲੇ ਵਲ੍ਹੇਟ ਲਈਆਂ।

ਕਬਰਿਸਤਾਨੋਂ ਨਿਕਲ ਕੇ ਪਹਿਲੀ ਵਾਰ ਮੈਨੂੰ ਇਹਸਾਸ ਹੋਇਆ ਕਿ ਚਾਚਾ ਹੁਣ ਸਾਡੇ ਵਿੱਚ ਨ੍ਹੀਂ ਰਿਹਾ, ਦਿਲ ਬਹਿ ਗਿਆ। ਗੱਡੀ 'ਚ ਬਹਿੰਦੇ ਬਹਿੰਦੇ ਮੇਰੇ ਭੀਤਰ ਦਾ ਬੱਦਲ ਪਾਟ ਪਿਆ ਤੇ ਮੈਂ ਛੰਮ ਛੰਮ ਰੋਣ ਲੱਗ ਗਿਆ। ਬਿੱਟੂ ਹੈਰਾਨੀ ਨਾਲ ਮੈਨੂੰ ਤੱਕਣ ਲੱਗਾ।

# ਪਵਿੱਤਰ

ਪਲਾਸਟਿਕ ਦੀ ਪੀਲੀ ਮੁੱਠ ਉੱਤੇ ਚਮਕੀਲੇ ਸਟੀਲ ਵਾਲੀ ਛੁਰੀ ਵਾਹਵਾ ਤੇਜ਼ ਸੀ। ਸੇਬ ਨੂੰ ਛੂੰਹਦੇ ਹੀ ਫਾੜੀ ਖੱਚ ਨਾਲ ਪਰਾਂਹ ਮਾਰਦੀ। ਇਸ ਕਾਟਾ ਕਾਟੀ ਵਿੱਚ ਉਂਗਲਾਂ ਬਚਾਂਦੇ ਓਹਨੂੰ ਹਾਸਾ ਵੀ ਆਂਦਾ ਪਿਆ ਸੀ, ਉਂਗਲਾਂ ਦਾ ਹੁਣ ਕਰਨਾ ਕੀ ਸੀ? ਸੇਬਾਂ ਦੀਆਂ ਰਸੀਲੀ ਫਾੜੀਆਂ ਇੱਕ ਪਾਸੇ ਕਰਦੇ, ਓਹਦੇ ਹੱਥ ਵਿਚਕਾਰਲੀਆਂ ਡੰਡਲਾਂ ਸਾਹਮਣੇ ਢੇਰ ਪਏ ਕਰਦੇ ਸਨ। ਹੱਥਾਂ ਉੱਤੇ ਝੁੱਰੀਆਂ ਤਾਂ ਨਹੀਂ ਸਨ, ਪਰ ਗੁੱਟ ਉੱਤੇ ਕੁਝ ਵਾਲ ਚਿੱਟੇ ਹੇਗੇ ਸਨ। ਦੋ ਕਿਲੋ ਦੇ ਦੋ ਕਿਲੋ ਲਾਲ ਸੂਹੇ, ਨਿੱਕੇ ਨਿੱਕੇ ਪਹਾੜੀ ਸੇਬਾਂ ਦੇ ਡੰਡਲ ਕੱਢ ਕੇ ਓਹਨੇ ਇੱਕ ਪਿਆਲੀ ਅੱਗੇ ਰਖ ਲਈ, ਤੇ ਡੰਡਲਾਂ ਵਿੱਚੋਂ ਕਲੇਜੀ ਰੰਗ ਦੇ ਮੱਛੀਆਂ ਵੰਗਰੇ ਬੀਜ ਕੱਢ ਕੱਢ ਕੇ ਜੰਮਾ ਕਰਨ ਲੱਗ ਪਿਆ। ਅੱਧੀ ਤੋਂ ਕੁਝ ਘੱਟ ਪਿਆਲੀ ਭਰ ਗਈ। ਓਹਨੇ ਪਿਆਲੀ ਹਲਾ ਕੇ ਵੇਖਿਆ। ਅੱਧੀ ਕਿਸੇ ਤਰ੍ਹਾਂ ਵੀ ਨਹੀਂ ਸੀ, ਪਰ ਚੁਥਾਈ ਤੋਂ ਵੱਧ ਸੀ। ਓਹ ਮੁਸਕਾਇਆ, ਕਿਹੜਾ ਇਹਨਾਂ ਬੀਜਾਂ ਤੇ ਹੀ ਸਾਰਾ ਜ਼ੋਰ ਸੀ? ਇਹ ਤਾਂ ਓਹਨੇ ਏਵੇਂ ਆਤਮਾ ਹੱਤਿਆ ਜ਼ਰਾ ਕੁ ਰੰਗੀਨ ਕਰਨ ਲਈ ਪਾ ਲਏ ਸਨ, ਵਰਨਾ ਅਸਲ ਕੰਮ ਤੇ ਨੀਂਦਰ ਦੀ ਗੋਲੀਆਂ ਦੇ ਦੋ ਪੱਤਿਆਂ ਨੇ ਕਰਨਾ ਸੀ।

ਓਹਨੂੰ ਰਿਟਾਇਰ ਹੋਏ ਅਜੇ ਦੂਜਾ ਵਰ੍ਹਾ ਨ੍ਹੀਂ ਸੀ ਮੁੱਕਿਆ।

ਓਹਨੂੰ ਪੱਕ ਨ੍ਹੀਂ ਸੀ, ਬਸ ਜਾਪਿਆ ਸੀ ਜਿਵੇਂ ਐਲਨ ਟਿਊਰਿੰਗ/Alan Turing ਉੱਤੇ ਬਣੀ ਫ਼ਿਲਮ ਵਿੱਚ ਓਹਨੇ ਇਹੀ ਵੇਖਿਆ ਹੋਵੇ ਕਿ ਅੱਧੀ ਪਿਆਲੀ ਸੇਬ ਦੇ ਬੀਜਾਂ ਵਿੱਚ ਇੰਨਾ ਸਾਇਨਾਇਡ/cyani de ਜ਼ਹਿਰ ਹੁੰਦਾ ਹੈ ਕਿ ਬੰਦਾ ਮਾਰ ਸੁੱਟੇ। ਇਹ ਸੇਬ ਦੇ ਬੀਜਾਂ ਦਾ ਵਾਧਾ ਓਹਨੇ ਏਵੇਂ ਹੀ ਕਰ ਲਿਆ ਸੀ। ਜੇ ਕੁੜੀ ਵੀ ਓਹਦੇ ਨਾਲ ਆਤਮਾ ਹੱਤਿਆ ਕਰ ਰਿਹੀ ਹੁੰਦੀ ਤੇ ਕੰਮਪੀਊਟਰ ਬਨਾਣ ਵਾਲੇ ਸਾਇੰਸਦਾਨ/sci ent i st ਦੀ ਤਰ੍ਹਾਂ ਆਤਮਾ ਹੱਤਿਆ ਕਰਨ ਦਾ ਸੁਣ ਕੇ ਜ਼ਰੂਰ ਐਕਸਾਈਟਿਡ/exci t ed ਹੋਜਾਂਦੀ।

ਓਹਨੇ ਸੋਚਿਆ ਗੂਗਲ/googl e ਉੱਤੇ ਸਰ੍ਚ/sear ch ਕਰ ਕੇ ਪੱਕ ਕਰ ਲਵੇ ਕਿ ਟਿਊਰਿੰਗ ਇੰਜ ਹੀ ਮਰਿਆ ਸੀ, ਯਾਂ ਘੱਟੋ ਘੱਟ ਉਸ ਫ਼ਿਲਮ ਵਿੱਚ ਇੰਜ ਹੀ ਵਿਖਾਇਆ ਸੀ। ਫਿਰ ਓਹਨੇ ਸੋਚਿਆ ਦਫ਼ਾ ਕਰੋ, ਕੀ ਫ਼ਰਕ ਪੈਂਦਾ ਹੈ। ਓਹਦੇ ਪਿੱਛੇ ਹੈ ਕੌਣ ਜੋ ਇਹ ਸੋਚਣ ਦਾ ਵੀ ਤਰੱਦਦ/take pains ਕਰੇ ਗਾ ਕਿ ਲੋਥ ਕੋਲ ਇੰਨੇ ਸਾਰੇ ਕਟੇ ਹੋਏ ਬੀਜ ਬਿਨਾਂ ਦੇ ਸੇਬ ਕੀ ਪਏ ਕਰਦੇ ਨੇਂ?

ਬੀਜ ਪਾਣੀ ਨਾਲ ਸਬੂਤੇ ਨਿਗਲਣ, ਯਾਂ ਸਫ਼ੂਫ਼/powder ਬਣਾ ਕੇ ਪੀਣ ਦੀ ਥਾਂ ਓਹਨੇ ਬੀਜਾਂ ਨੂੰ ਗਰਾਈਂਡ/gr i nd ਕਰ ਕੇ ਵਾਈਨ ਵਿੱਚ ਰਲਾ ਕੇ ਪੀਣ ਦਾ ਪਲਾਨ ਬਣਾਇਆ। ਜ਼ਹਿਰੀਲੀ ਵਾਈਨ ਪਿਆਲੇ ਵਿੱਚ ਪਾ ਕੇ ਪੀਏ ਗਾ, ਸੁਕਰਾਤ/Socr at es ਦੇ ਜ਼ਹਿਰ ਦੇ ਪਿਆਲੇ ਵਾਂਗ। ਟਿਊਰਿੰਗ ਦਾ ਜ਼ਹਿਰ, ਸੁਕਰਾਤ ਦੇ ਸ੍ਟਾਈਲ ਵਿੱਚ! ਕੁੜੀ ਜਿਊਂਦੀ ਹੁੰਦੀ ਤੇ ਚੁੰਮ ਚੁੰਮ ਕੇ ਓਹਦੇ ਬੁੱਲ੍ਹ ਸੁਜਾ ਦਿੰਦੀ। ਓਹਦੀਆਂ ਛਾਲਾਂ ਤੇ ਚੀਕਾਂ ਦਾ ਸੋਚ ਕੇ ਓਹ ਮੁਸਕ ਪਿਆ।

ਅੱਧੀ ਪਿਆਲੀ ਪਾਣੀ ਗਰਾਈਂਡਰ ਵਿੱਚ ਪਾ ਕੇ ਓਹਨੇ ਬੀਜ ਉਲਟਾਏ ਤੇ ਢੱਕਨ ਰੱਖ ਕੇ ਬਟਨ ਦਬ ਦਿੱਤਾ। ਬੀਜ ਪਾਣੀ ਦੇ ਵਾਵਰੋਲੇ ਵਿੱਚ ਉੱਥਲ ਪੁੱਥਲ ਹੋਣ ਲੱਗ ਪਏ। ਵਾਈਨ ਦੀ ਬੋਤਲ ਫੜਨ ਲਈ ਮੁੜਿਆ, ਫਿਰ ਸੋਚਿਆ ਇੰਨਾ ਚਿਰ ਗਰਾਈਂਡ ਕਰਨ ਦੀ ਕੋਈ ਲੋੜ ਨ੍ਹੀਂ, ਹੋਰ ਕਿੱਥੇ ਜ਼ਹਿਰ ਖ਼ਰਾਬ ਹੀ ਨਾ ਹੋ ਜਾਵੇ। ਦਸ ਕੂ ਸਕਿੰਡ ਗਰਾਈਂਡ ਕਰਕੇ ਮਸ਼ੀਨ ਬੰਦ ਕਰ ਦਿੱਤੀ। ਅਲਮਾਰੀ ਵਿੱਚੋਂ ਵਾਈਨ ਦੀ ਬੋਤਲ ਕੱਢੀ, ਸੋਚਨ ਲੱਗਿਆ ਪਿਆਲੇ ਵਿੱਚ ਪਹਿਲਾਂ ਬੀਜ ਦਾ ਸ਼ੇਕ ਪਾਏ ਯਾਂ ਵਾਈਨ। ਕੁਝ ਸਮਝ ਨਾ ਆਇਆ। ਕੁੜੀ ਦੀਆਂ ਅੱਖਾਂ ਵਿੱਚੋਂ ਵਗਦੇ ਅਥਰੂ, ਕੁੜੀ ਦੀਆਂ ਸਿਸਕੀਆਂ, ਸਭ ਕੁਝ ਗਡ ਮਡ ਹੋਗਿਆ। ਓਹਨੇ ਗਰਾਈਂਡਰ ਦਾ ਢੱਕਣ ਚੁੱਕ ਕੇ ਵਾਈਨ ਓਹਦੇ ਵਿੱਚ ਹੀ ਉਲਟਾ ਦਿੱਤੀ।

ਗੋਲੀਆਂ ਦੇ ਦੋ ਪੱਤੇ ਖਾ ਕੇ ਘਰ ਵਿੱਚ ਇੱਧਰ ਉੱਧਰ ਫਿਰਨ ਲੱਗ ਪਿਆ। ਓਹਨੂੰ ਡਰ ਸੀ ਕਿੱਥੇ ਗੋਲੀਆਂ ਉੱਤੇ ਫ਼ੌਰਨ ਵਾਈਨ ਪੀਣ ਨਾਲ ਉਲਟੀ ਆ ਗਈ ਤੇ ਸਾਰੀ ਖੇਡ ਦਾ ਬੇੜਾ ਗ਼ਰਕ ਹੋ ਜਾਏ ਗਾ। ਪੰਦਰਾਂ ਕੂ ਮਿੰਟ ਫਿਰਨ ਬਾਅਦ ਓਹਨੂੰ ਜਾਪਿਆ ਅੱਖਾਂ ਭਾਰੀ ਪਈ ਹੁੰਦੀਆਂ ਨੇਂ। ਓਹਨੇ ਆ ਕੇ ਜ਼ਹਿਰੀਲੀ ਵਾਈਨ ਪਿਆਲੇ ਵਿੱਚ ਪਾਈ ਤੇ ਬਿਸਤਰੇ ਉੱਤੇ ਬਹਿ ਕੇ ਓਹਦੇ ਨਿੱਕੇ ਨਿੱਕੇ ਘੁੱਟ ਭਰਨ ਲੱਗ ਪਿਆ।

ਵਾਈਨ ਮੁਕਾ ਕੇ ਓਹਨੇ ਤਸੱਲੀ/sat i sf act i on ਕੀਤੀ ਕੇ ਡਾਕਟਰ ਦੀ ਈਮੇਲ ਬਾਈਬਲ ਦੇ ਠੀਕ ਪੰਨਿਆਂ ਵਿੱਚ ਹੀ ਸੀ। ਫਿਰ ਓਹ ਲੇਟ ਕੇ ਕੁੜੀ ਬਾਰੇ ਸੋਚਣ ਲੱਗ ਪਿਆ। ਓਹਦੀ ਮੁਸਕਾਨ, ਓਹਦਾ ਹਾਸਾ, ਓਹਦੇ ਅਥਰੂ, ਓਹਦੀਆਂ ਹਸਰਤਾਂ/unfulfilled dreams। ਬਾਈਬਲ ਛਾਤੀ ਤੇ ਰੱਖ ਕੇ ਓਹਨੇ ਅੱਖਾਂ ਮੀਟ ਲਈਆਂ।

ਹੌਲੀ ਹੌਲੀ ਓਹਦੀਆਂ ਬੰਦ ਅੱਖਾਂ ਨੇ ਵੇਖਣਾ ਬੰਦ ਕਰ ਦਿੱਤਾ।

ਕੁੜੀ ਓਹਨੇ ਪਹਿਲੀ ਵਾਰੀ ਪਹਿਲੇ ਜਨਮ ਦਿਹਾੜੇ ਤੇ ਵੇਖੀ ਸੀ। ਫਰਿਸ਼ਤੇ/angel ਵਾਂਗ ਮਾਅਸੂਮ/innocent। ਰਵਾ ਰਵਾ ਕਿ ਹਫ਼ਾ ਈ ਛੱਡਿਆ ਸੀ ਨਿੱਕੀ ਜਿੰਨੀ ਜਾਨ ਨੂੰ। ਕੁੜੀ ਨੇ ਪਹਿਲੀ ਵਾਰੀ ਵੇਖਿਆ ਸੀ ਇਹ ਅੰਕਲ, ਓਹਦੇ ਨੇੜੇ ਆਂਦੇ ਹੀ ਰੋਣ ਲੱਗ ਪੈਂਦੀ। ਪਰ ਓਹ ਤੇ ਬੱਚੀ ਤੋਂ ਵੀ ਵੱਧ ਕੇ ਜ਼ਿੱਦੀ ਹੋ ਚੱਲਾ ਸੀ। ਵਾਰ ਵਾਰ ਓਹਨੂੰ ਚੁਕਦਾ, ਓਹ ਚੀਕਾਂ ਮਾਰਦੀ, ਪਰ ਚੀਕਦੀ, ਹੱਥ ਪੈਰ ਮਾਰਦੀ ਕੁੜੀ ਨੂੰ ਓਹ ਚੁੰਮੀ ਜਾਂਦਾ। ਉਸ ਵੇਲੇ ਓਹਦੇ ਵਿਆਹ ਨੂੰ ਬਾਰ੍ਹਾਂ ਵਰ੍ਹੇ ਬੀਤ ਗਏ ਹੋਏ ਸਨ, ਓਹਨੂੰ ਪਤਾ ਲੱਗ ਗਿਆ ਹੋਇਆ ਸੀ ਕਿ ਹੁਣ ਓਹਦੀ ਉਲਾਦ/chi l d ਨ੍ਹੀਂ ਹੋਣੀ। ਅਕਬਰ ਨੂੰ ਵੀ ਪਤਾ ਸੀ, ਇਸ ਲਈ ਓਹਨੇ ਵੀ ਨਾ ਡਕਿਆ, ਕਿ ਨਾ ਰਵਾ ਮੇਰੀ ਧੀ ਨੂੰ। ਬਸ ਕਹਿ ਗਿਆ ਕਿ ਗੋਰਿਆਂ ਨੇ ਬੜੀ ਤਰੱਕੀ ਕਰ ਲਈ ਹੋਈ ਹੈ ਮੈਡਿਕਲ ਸਾਇੰਸ ਵਿੱਚ, ਟਿਕਟ ਭਿਜਵਾ ਦੇ ਗਾ, ਦੋਵੇਂ ਮੀਆਂ ਬੀਵੀ ਆ ਜਾਣ, ਸੈਰ ਵੀ ਹੋ ਜਾਏ ਗੀ ਤੇ ਚੈੱਕ ਅਪ ਵੀ। ਫਿਰ ਓਹ ਫ਼ੋਨ ਕਰਦਾ ਰਿਹਾ, ਸਦਦਾ ਰਿਹਾ। ਪੂਰਾ ਦਹਾਕਾ ਸਦਦਾ ਰਿਹਾ। ਅਖ਼ੀਰ ਅਕਬਰ ਨੇ ਸਦਣਾ ਛੱਡ ਦਿੱਤਾ। ਓਹਦੀ ਵਹੁਟੀ ਹੀ ਮਰ ਗਈ ਸੀ, ਚੈੱਕ ਅਪ ਕਿਦਾ ਕਰਾਣਾ ਸੀ?

ਆਪਣੇ ਇਕਲਾਪੇ ਤੋਂ ਲੁਕਦਾ ਓਹ ਕੰਮ ਵਿੱਚ ਇੰਨਾ ਗ਼ਰਕ/dr own ਹੋ ਗਿਆ ਕਿ ਕੰਪਨੀ ਨੇ ਜਦੋਂ ਰਿਟਾਇਰ ਕਰ ਕੇ ਘਰ ਘਲ ਦਿੱਤਾ ਤੇ ਦੂਜੇ ਹੀ ਹਫ਼ਤੇ ਓਹਨੂੰ ਦਿਲ ਦਾ ਦੌਰਾ/heart attack ਪੈ ਗਿਆ। ਦੂਜੇ ਦੌਰੇ ਉੱਤੇ ਡਾਕਟਰ ਨੇ ਓਹਨੂੰ ਸਾਫ਼ ਸਾਫ਼ ਕਹਿ ਦਿੱਤਾ ਕਿ ਤੀਜੇ ਦੌਰੇ ਨੂੰ ਸਹਾਰਨਾ ਓਹਦੇ ਦਿਲ ਦੇ ਵੱਸ ਦਾ ਰੋਗ ਨ੍ਹੀਂ।

ਦਿਲ ਦੇ ਪਹਿਲੇ ਦੌਰੇ ਨੂੰ ਪਹਿਲਾ ਵਰ੍ਹਾ, ਤੇ ਦੂਜੇ ਦੌਰੇ ਨੂੰ ਦੂਜਾ ਹਫ਼ਤਾ ਅਜੇ ਮੁੱਕਿਆ ਨ੍ਹੀਂ ਸੀ ਕਿ ਅਕਬਰ ਮੁੜ ਆਇਆ। ਹਮੇਸ਼ਾ ਲਈ। ਓਹਦੀ ਵੀ ਵਹੁਟੀ ਗੁਜ਼ਰ ਗਈ ਹੋਈ ਸੀ। ਦੋਨਾਂ ਮੁੰਡਿਆਂ ਨੂੰ ਵਲੈਤ ਹੀ ਪੜ੍ਹਦਾ ਛੱਡ ਕੇ, ਬਾਲੜੀ ਨੂੰ ਲੈ ਆਇਆ ਸੀ, ਦਾਦੇ ਦੇ ਘਰ, ਮਰਣ ਲਈ। ਹਮੇਸ਼ਾ/al ways ਦਾ ਓਹਦਾ ਗੁਆਂਡੀ, ਬੁੱਢਾ ਅਕਬਰ, ਹੁਣ ਬਾਲਾਂ ਵਾਂਗ ਰੋਂਦਾ ਸੀ। ਰੋਂਦੇ ਰੋਂਦੇ ਇੱਕ ਦਿਨ ਓਹਨੂੰ ਕਹਿ ਗਿਆ,

--- ਤੂੰ ਚੰਗਾ ਰਿਹਾ ਯਾਰਾ, ਆਪਣੇ ਬਾਲ ਨੂੰ ਮਰਦਾ ਵੇਖਣ ਤੋਂ ਵੱਡਾ ਅਜ਼ਾਬ/t or t ur e ਕੋਈ ਨ੍ਹੀਂ।

ਕੁੜੀ ਨੂੰ ਦੰਦ ਕਢਵਾਂਦੇ ਗੰਦੇ ਉਜ਼ਾਰਾਂ/t ool s ਤੋਂ ਏਡ੍ਜ਼/Ai ds ਲੱਗ ਗਈ ਸੀ।

ਓਹਦੇ ਦਮਾਗ਼ ਵਿੱਚ ਇਹ ਗੱਲ ਚੰਬੜ ਗਈ, ਓਹ ਚੰਗਾ ਰਿਹਾ ਸੀ, ਓਹਦਾ ਬਾਲ ਓਹਦੇ ਹੱਥਾਂ ਵਿੱਚ ਨ੍ਹੀਂ ਸੀ ਪਿਆ ਮਰਦਾ? ਓਹ ਸੋਚਦਾ, ਇਹ ਚੰਗੀ ਗੱਲ ਹੈ ਯਾਂ ਅੱਠਾਰਾਂ ਵਰ੍ਹੇ ਬਾਲੜੀ ਨਾਲ ਵਸ ਕੇ ਓਹਦੇ ਨਾਲ ਮਰ ਜਾਣਾ ਬਹੁਤਾ ਚੰਗਾ ਹੁੰਦਾ? ਜਦ ਅਕਬਰ ਓਹਦੇ ਕੋਲ ਆ ਕੇ ਰੋਂਦਾ, ਤੇ ਓਹਨੂੰ ਕੌੜ ਵੀ ਚੜ੍ਹਦੀ ਤੇ ਕਦੀ ਰਸ਼ਕ/envy ਵੀ ਆਂਦਾ।

ਹੁਣ ਓਹਨੂੰ ਵੇਖਕੇ ਕੁੜੀ ਰੋਂਦੀ ਨ੍ਹੀਂ ਸੀ, ਹਸਦੀ ਸੀ। ਕੁਝ ਦਿਹਾੜ ਲੰਘੇ ਤੇ ਓਹਨੇ ਨੋਟ ਕੀਤਾ ਓਹ ਹਰ ਕਿਸੇ ਨੂੰ ਵੇਖ ਕੇ ਹਸਦੀ ਸੀ। ਹੋਰ ਕੁਝ ਦਿਹਾੜ ਲੰਘੇ ਤੇ ਓਹਨੇ ਵੇਖਿਆ, ਓਹਦੀਆਂ ਅੱਖੀਆਂ ਨ੍ਹੀਂ ਸਨ ਹਸਦੀਆਂ। ਪਹਿਲੀ ਵਾਰ ਓਹਨੂੰ ਕੁੜੀ ਉੱਤੇ ਤਰਸ/pitty ਆਇਆ।

ਓਹਨੇ ਕੁੜੀ ਨਾਲ ਗੱਲਾਂ ਕਰਨੀਆਂ ਛੋਈਆਂ। ਬਾਤਾਂ ਪਈਆਂ ਤੇ ਪਤਾ ਲੱਗਿਆ ਦੋਵਾਂ ਨੂੰ ਫਲਸਫ਼ੇ/phi l osophy ਤੇ ਫ਼ਿਲਮਾਂ ਦਾ ਸ਼ੌਂਕ/interest ਸੀ। ਦਿਨਾਂ ਵਿੱਚ ਹੀ ਘੂੜੀਆਂ ਪੈ ਗਈਆਂ।

ਵੇਲਾ ਕੁਲ ਮਿਲਾ ਕੇ ਦੋਨਾਂ ਕੋਲ ਹੀ ਘੱਟ ਸੀ, ਪਰ ਦਿਹਾੜ ਦੇ ਦਿਹਾੜ ਵੇਖੋ ਤੇ ਲਗਦਾ ਵੇਲਾ ਹੈ ਹੀ ਇਹਨਾਂ ਕੋਲ, ਖੁੱਲਾ ਵੇਲਾ। ਕੁੜੀ ਤਾਂ ਜਿਵੇਂ ਮੌਕਾ ਹੀ ਲਭਦੀ ਸੀ। ਹੌਲੀ ਹੌਲੀ ਗੱਲਾਂ ਬਾਤਾਂ ਇੰਨੀਆਂ ਹੋਣ ਲੱਗ ਪਈਆਂ ਕਿ ਘੰਟੇ ਉੱਡਣ ਲੱਗ ਪੈਂਦੇ। ਦੋ ਮਹੀਨਿਆਂ ਵਿੱਚ ਓਹਨਾਂ ਨੇ ਆਪਣੀਆਂ ਸਾਰੀਆਂ ਜੀਵਨ ਕਥਾਵਾਂ ਇੱਕ ਦੂਜੇ ਨੂੰ ਸੁਣਾ ਛੱਡੀਆਂ। ਫ਼ਿਲਮਾਂ, ਹੀਰੋ, ਫ਼ੈਸ਼ਨ, ਯਾਰੀਆਂ, ਖੁਸ਼ੀਆਂ, ਦੁਖੜੇ, ਸੁਫ਼ਨੇ, ਕੀ ਕੀ ਕੁਝ ਨ੍ਹੀਂ ਡਿਸਕਸ/di scuss ਹੋ ਗਿਆ।

ਮਹੀਨੇ ਦੇ ਅੰਦਰ ਹੀ ਰਿਸ਼ਤੇ ਵਿੱਚ ਇੱਕ ਠੈਹਰਾਓ ਆ ਗਿਆ ਸੀ। ਪਹਿਲਾਂ ਜਿਸ ਤਰ੍ਹਾਂ ਇੱਕ ਉਚਕਲ ਜਿਹੀ ਹੁੰਦੀ ਸੀ, ਇਹ ਵੀ ਦਸ ਦਿਆਂ, ਓਹ ਨਾ ਭੁੱਲ ਜਾਏ, ਉਹ ਹੁਣ ਗ਼ਾਇਬ ਹੋ ਗਈ ਸੀ। ਕਦੀ ਕਦੀ ਤੇ ਇੰਜ ਵੀ ਹੋ ਜਾਂਦਾ ਕਿ ਘੰਟਾ ਘੰਟਾ ਚੁੱਪ ਬੈਠੇ ਰਹਿੰਦੇ, ਜਿਵੇਂ ਨਵੇਂ ਨਵੇਂ ਦਫ਼ਨਾਏ ਮੁਰਦੇ ਹਿਸਾਬ ਲੈਣ ਦੇ ਫ਼ਰਿਸ਼ਤਿਆਂ ਨੂੰ ਪਏ ਉਡੀਕਦੇ ਹੋਣ। ਦੋਵਾਂ ਨੂੰ ਜਾਪਦਾ ਅਗਲਾ ਆਪਣੀ ਮੌਤ ਬਾਰੇ ਸੋਚਦਾ ਹੋਣਾ; ਤੇ ਦੋਵਾਂ ਨੂੰ ਠੀਕ ਜਾਪਦਾ।

ਸਤਵੇਂ ਹਫ਼ਤੇ ਤੋਂ ਹੀ ਗੱਲਾਂ ਬਾਤਾਂ ਇਤਿਹਾਸਿਕ ਤੋਂ ਅਜੋਕੀਆਂ ਹੋਣ ਲੱਗ ਪਈਆਂ।

ਇੱਕ ਦਿਨ ਕੁੜੀ ਨੇ ਪੁੱਛਿਆ ਓਹਨੇ ਬਾਈਬਲ ਪੜ੍ਹੀ ਹੈ।

--- ਨ੍ਹੀਂ।

--- ਮੈਂ ਪੜ੍ਹੀ ਹੈ। ਮੇਰੀ ਇੱਕ ਹਮਜੋਲੀ ਨੇ ਨਨ/nun ਬਣਨਾ ਸੀ, ਓਹ ਹਰ ਵੇਲੇ ਬਾਈਬਲ ਪੜ੍ਹਦੀ ਰਹਿੰਦੀ ਸੀ। ਮੈਂ ਕਈ ਵਾਰ ਪੜ੍ਹੀ ਹੈ।

ਓਹਨੇ ਤੇ ਕੁਰਾਨ ਵੀ ਪੂਰਾ ਨ੍ਹੀਂ ਸੀ ਪੜ੍ਹਿਆ, ਚੁੱਪ ਰਿਹਾ।

--- ਮੈਨੂੰ ਤੇ ਲਗਦਾ ਹੈ ਪਾਦਰੀਆਂ/Priests ਤੇ ਯਹੂਦੀ/Jew ਰਾਹਬਾਂ/Rabbis ਨੇ ਜਿਵੇਂ ਬਾਈਬਲ ਪੜ੍ਹੀ ਹੀ ਨਾ ਹੋਵੇ।

ਓਹਨੇ ਸਿਰ ਮਾਰ ਦਿੱਤਾ।

--- ਤੁਸੀਂ ਪੈਗੰਬਰ ਲੂਤ ਤੇ ਓਹਦੀਆਂ ਧੀਆਂ ਦੀ ਕਹਾਣੀ ਸੁਣੀ ਹੈ?

ਓਹਨੇ ਨਾ ਵਿੱਚ ਸਿਰ ਹਲਾ ਦਿੱਤਾ।

--- ਅੱਛਾ ਇਹ ਦੱਸੋ ਪਹਿਲਾਂ ਜੂ ਦੁਨੀਆ ਵਿੱਚ ਇੱਕੋ ਜੋੜਾ ਸੀ, ਤੇ ਫਿਰ ਓਹਨਾਂ ਦੇ ਬਾਲਾਂ ਦਾ ਵਿਆਹ ਕਿਦੇ ਨਾਲ ਹੋਇਆ?

ਓਹ ਜਵਾਬ ਸੋਚਣ ਹੀ ਡਿਹਾ ਸੀ ਕਿ ਕੁੜੀ ਉੱਠ ਕੇ ਤੁਰ ਗਈ।

ਇੱਕ ਦੂਜੇ ਦਿਨ ਪੁੱਛਣ ਲੱਗੀ ਓਹਨੂੰ ਵਹੁਟੀ ਬਿਨਾਂ ਜੀਵਨ ਕਿੰਜ ਦਾ ਲਗਦਾ ਹੈ?

ਓਹ ਸੋਚੀ ਪੈ ਗਿਆ। ਇੱਕ ਪਲ ਲਈ ਓਹਨੂੰ ਖ਼ਿਆਲ ਆਇਆ ਜਿਸ ਤਰ੍ਹਾਂ ਪਿਛਲਾ ਜੀਵਨ ਫ਼ਿਲਮੀ ਕਰ ਕੇ ਓਹਨੂੰ ਸੁਣਾਦਾ ਰਿਹਾ ਸੀ, ਅੱਜ ਵੀ ਇਸੇ ਤਰ੍ਹਾਂ ਦਾ ਬਣਾ ਕੇ ਪੇਸ਼ ਕਰ ਦਵੇ। ਫਿਰ ਇੱਕ ਗੂਹੜੀ ਉਦਾਸੀ ਨੇ ਓਹਦੀ ਬੁੱਕਲ ਮਾਰ ਲਈ। ਓਹ ਦੋਵੇਂ ਮਰਣ ਕਿਨਾਰੇ ਸਣ, ਤੇ ਦੋਵਾਂ ਨੇ ਬੇ ਉਲਾਦ/issue less ਮਰਨਾ ਸੀ, ਹੁਣ ਕਿਸ ਸ਼ੈਅ ਦਾ ਢਕੋਸਲਾ ਰਿਹ ਗਿਆ ਸੀ?

--- ਵਹੁਟੀ ਬਿਨਾਂ ... ਬਸ ਇਕੱਲੀ ਜਿਹੀ ਏ ਜ਼ਿੰਦਗੀ। ਉਦਾਸ, ਖਾਲੀ।

--- ਫ਼ੇਰ ਤੁਸੀਂ ਦੂਜਾ ਵਿਆਹ ਕਿਉਂ ਨ੍ਹੀਂ ਕੀਤਾ?

--- ਬਸ ਕੁੱਝ ਸਮਝ ਈ ਨ੍ਹੀਂ ਆਇਆ ਹੋ ਕੀ ਗਿਆ ਏ, ਐਂਜ ਈ ਬਸ ਲੰਘ ਗਈ।

--- ਲੰਘੀ ਤਾਂ ਨ੍ਹੀਂ ਅਜੇ।

ਓਹਦਾ ਜੀਅ ਕੀਤਾ ਕੁੜੀ ਦੀ ਗੱਲ ਕਟ ਕੇ ਕਹੇ ਕਹਿੜੀ ਰਹਿ ਗਈ ਹੈ। ਪਰ ਓਹਦਾ ਸੋਚ ਕੇ ਚੁੱਪ ਕਰ ਗਿਆ। ਕੁੜੀ ਬੋਲੀ ਗਈ।

--- ਅਜੇ ਤਾਂ ਪਈ ਏ। ਥੋੜੀ ਹੋਵੇ ਯਾਂ ਜ਼ਿਆਦਾ, ਹੇਗੀ ਏ ਤਾਂ ਜੀਣੀ ਤੇ ਪਏ ਗੀ।

--- ਹਾਂ।

--- ਜੀਵਨ ਤਾਂ ਜਿੰਨਾਂ ਵੀ ਏ ਲੰਘ ਜਾਉ। ਔਹਦਾ ਕੰਮ ਤਾਂ ਐਨਾ ਈ ਆ। ਚੰਗਾ ਮੰਦਾ ਤਾਂ ਅਸੀ ਆਪ ਕਰਨਾ ਹੋਂਦਾ ਏ।

--- ਹਾਂ।

ਵਹੁਟੀ ਨੂੰ ਯਾਦ ਕਰ ਕਰ ਕੇ ਓਹਦੀ ਉਦਾਸੀ ਡੂੰਘੀ ਹੁੰਦੀ ਜਾਂਦੀ ਸੀ।

--- ਦੱਸੋ ਨਾ, ਤੁਸੀ ਦੂਜਾ ਵਿਆਹ ਕਿਓਂ ਨ੍ਹੀਂ ਕੀਤਾ?

--- ਬਸ ਹੁਣ ਐਸ ਉਮਰੇ ਕੀ ਵਿਆਹ ਕਰਾਂਦਾ।

--- ਵਿਆਹ ਦੀ ਕੇਹੜੀ ਉਮਰ ਹੋਂਦੀ ਏ।

ਕੁੜੀ ਨੇ ਸ਼ਰਾਰਤ ਨਾਲ ਹਸਦੇ ਕਿਹਾ ਤੇ ਓਹ ਵੀ ਮੁਸਕਾਨ ਲੱਗ ਪਿਆ।

--- ਹਾਂ, ਉਮਰ ਤਾਂ ਕੋਈ ਨ੍ਹੀਂ ਹੋਂਦੀ। ਪਰ ਵਲੈਤ ਦੀ ਗੱਲ ਹੋਰ ਏ, ਐੱਥੇ ਵੱਡੀ ਉਮਰ ਦੇ ਲੋਕਾਂ ਨੂੰ ਜੋਗ ਈ ਲੈਣਾ ਪੈਂਦਾ ਏ।

ਓਹਦੀ ਉਦਾਸੀ ਕੁੜੀ ਦੇ ਹਾਸੇ ਵਿੱਚ ਉੱਡ ਗਈ ਸੀ।

--- ਤਾਂ ਤੁਸੀ ਕੋਈ ਗਰਲ ਫਰੈਂਡ/girl friend ਰੱਖ ਲੈਣੀ ਸੀ, ਲੁਕਾ ਛੁਪਾ ਕੇ।

ਕੁੜੀ ਖਿੜ ਖਿੜ ਹੱਸੀ ਜਾਂਦੀ ਸੀ।

ਓਹ ਮੁਸਕਾ ਕੇ ਚੁੱਪ ਕਰ ਗਿਆ। ਵਹੁਟੀ ਦੇ ਨਾਲ ਓਹਨੂੰ ਦੋ ਗਰਲ ਫ੍ਰੈਂਡਾਂ ਵੀ ਚੇਤੇ ਆ ਗਈਆਂ ਸਨ। ਕੁੱਝ ਚਿਰ ਇੱਧਰ ਉੱਧਰ ਦੀਆਂ ਗੱਲਾਂ ਕਰ ਕੇ ਕੁੜੀ ਤੁਰ ਗਈ।

ਅਗਲੇ ਦਿਨ ਆਈ ਤੇ ਓਹਨੂੰ ਦੱਸਣ ਲੱਗ ਪਈ ਕਿ ਓਹਦੇ ਕਾਲਜ ਵਿੱਚ ਜ਼ਿਆਦਾ ਤਰ/mostly ਕੁੜੀਆਂ ਦੇ ਬੌਏ ਫ੍ਰੇਂਡ/boy friend ਸਨ, ਪਰ ਓਹਦਾ ਕੋਈ ਬੌਏ ਫ੍ਰੇਂਡ ਨ੍ਹੀਂ ਸੀ। ਓਹ ਬੋਲਦੀ ਰਹੀ ਤੇ ਇਹ ਸੁਣਦਾ ਰਿਹਾ। ਗੱਲਾਂ ਕਰਦੀ ਕਰਦੀ ਕੁੜੀ ਉਦਾਸ ਹੋ ਗਈ। ਕੁੜੀਆਂ ਮੁੰਡਿਆਂ ਦੀਆਂ ਅਠਕੇਲੀਆਂ ਦਸਦੇ ਦਸਦੇ ਓਹਨਾਂ ਦੇ ਪਿਆਰ ਅਤੇ ਇੱਕ ਦੂਜੇ ਲਈ ਤੜਪ ਦੀਆਂ ਦੱਸਣ ਲੱਗ ਪਈ। ਗੱਲਾਂ ਕਰਦੇ ਕਰਦੇ ਇਕ ਦੰਮ ਚੁੱਪ ਹੋ ਗਈ। ਕੰਮਰੇ ਵਿੱਚ ਫ਼ਜ਼ਾ /at mospher e ਬਹੁਤ ਹੀ ਘੂੜੀ ਤੇ ਭਾਰੀ ਹੋ ਗਈ।

--- ਮੈਂ ਸਾਰੀ ਉਮਰ ਕਿਸੇ ਨੂੰ ਨੇੜੇ ਨਾ ਲੱਗਣ ਦਿੱਤਾ ਕਿ ਅਪਣਾ ਸਭ ਕੁਝ ਆਪਣੇ ਵਾਲੇ ਦੇ ਹਵਾਲੇ ਕਰਾਂ ਗੀ।

--- ਅਜੇ ਤੇਰੀ ਉਮਰ ਈ ਕੀ ਏ?

ਕਹਿੰਦੇ ਨਾਲ ਹੀ ਓਹਨੂੰ ਇਹਸਾਸ ਹੋ ਗਿਆ ਕਿ ਮੁਹੋਂ ਗ਼ਲਤ ਗੱਲ ਕੱਢ ਬੈਠਾ ਸੀ।

--- ਮੇਰੀ ਐਂਨੀ ਹੀ ਹੇਗੀ ਜੇ।

ਕੁੜੀ ਰੋਣ ਹਾਕੀ ਹੋ ਗਈ। ਓਹ ਚੁੱਪ ਕਰ ਕੇ ਸੁਣਦਾ ਰਿਹਾ।

--- ਮੈਂ ਮਰਦੀ ਪਈ ਹਾਂ। ਤੁਹਾਨੂੰ ਵੀ ਪਤਾ ਹੈ ਤੇ ਮੈਨੂੰ ਵੀ। ਸੈਕਸ /sex ਦਾ ਮਜ਼ਾ ਚੱਖੇ ਬਿਨਾ ਈ ਮੈਨੂੰ ਸੈਕਸ ਦੀ ਬਿਮਾਰੀ ਲੱਗ ਗਈ, ਮੈਂ, ਜੇਹੜੀ ਕਾਲਜ ਦੇ ਹਰ ਮੁੰਡੇ ਦੇ ਸੁਫ਼ਨੇ ਦੀ ਰਾਣੀ ਸਾਂ, ਮੁੰਡਿਆਂ ਲਈ ਹੁਣ ਅਛੂਤ ਹੋ ਗਈ ਆਂ।

ਓਹ ਗੋਡਿਆਂ ਵਿੱਚ ਮੂੰਹ ਦੇਕੇ ਰੋਣ ਲੱਗ ਪਈ। ਇੰਨੀ ਸੋਹਣੀ, ਜਵਾਨ ਕੁੜੀ, ਇਸ ਤਰ੍ਹਾਂ ਮਰਦੀ ਪਈ, ਰੋਂਦੀ ਸੀ, ਓਹਨੂੰ ਵੀ ਰੋਣਾ ਆ ਗਿਆ। ਉਸ ਕੁੜੀ ਉੱਤੇ, ਆਪਣੀ ਵਹੁਟੀ ਦੀ ਮੌਤ ਉੱਤੇ, ਤੇ

ਆਪਣੇ ਇਕੱਲੇ ਮਰਨ ਉੱਤੇ। ਇਸ ਵੇਲੇ ਓਹਨੂੰ ਅਕਬਰ ਦੀ ਓਹ ਗੱਲ ਵੀ ਚੇਤੇ ਆ ਗਈ ਕਿ ਓਹ ਚੰਗਾ ਰੇਹਾ, ਬਾਲ ਦੀ ਮੌਤ ਤੇ ਨਾ ਵੇਖਣੀ ਪਈ। ਓਹਨੇ ਰੋਂਦੇ ਰੋਂਦੇ ਉੱਠ ਕੇ ਕੁੜੀ ਨੂੰ ਛਾਤੀ ਨਾਲ ਲਾ ਲਿਆ,

--- ਨ੍ਹੀਂ ਅਕਬਰ, ਚੰਗਾ ਤੂੰ ਈ ਰੇਹਾ ਏਂ। ਤੇਰੀ ਕੁੜੀ ਦਾ ਜਨਾਜ਼ਾ/f uner al ਚੁੱਕਣ ਲਈ ਤੂੰ ਹੈਂ ਤੇ ਤੇਰੇ ਲਈ ਤੇਰੇ ਮੁੰਡੇ। ਮੈਂ ਤੇ ਇਕੱਲਾ ਹੀ ਮਰਾਂ ਗਾ। ਮੇਰਾ ਜਨਾਜ਼ਾ ਕਿਸਨੇ ਚੁਕਣਾ, ਮੇਰਾ ਆਪਣਾ ਕੋਣ ਰੈਹ ਗਿਆ ਹੁਣ?

ਦੋਵਾਂ ਨੇ ਇੱਕ ਦੂਜੇ ਸਾਹਮਣੇ ਜੂ ਦਿਲ ਦੀ ਭੜਾਸ ਕੱਢੀ ਤੇ ਫਿਰ ਦਿਲ ਬੇ ਕਾਬੂ ਹੋ ਗਿਆ, ਤੇ ਦੋਵੇਂ ਇੱਕ ਦੂਜੇ ਦੇ ਗਲ ਲੱਗ ਕੇ ਚੀਕਾਂ ਮਾਰ ਮਾਰ ਕੇ ਰੋਣ ਲੱਗ ਪਏ।

ਜੀਅ ਕੁੱਝ ਹੌਲਾ ਹੋਇਆ ਤੇ ਰੋਣਾ ਹਿਚਕੀਆਂ ਰਹਿ ਗਿਆ। ਇੱਕ ਦੂਜੇ ਨੂੰ ਚੰਬੜੇ ਚੰਬੜੇ ਬਹਿ ਗਏ, ਓਹ ਸੋਫ਼ੇ ਉੱਤੇ ਤੇ ਕੁੜੀ ਥੱਲੇ, ਓਹਦੀ ਛਾਤੀ ਤੇ ਸਿਰ ਟਿਕਾਏ। ਕੁੱਝ ਚਿਰ ਪਿੱਛੋਂ ਹਿਚਕੀਆਂ ਵੀ ਰੁੱਕ ਗਈਆਂ ਤਾਂ ਓਹਨੇ ਨੋਟ ਕੀਤਾ ਜਜ਼ਬਾਤ ਵਿੱਚ ਰੁੜ੍ਹਦੇ ਓਹ ਕੁੱਝ ਗ਼ਲਤ ਜੇਹੀ ਪੋਜ਼ੀਸ਼ਨ ਵਿੱਚ ਆ ਗਏ ਸਨ। ਓਹ ਸੋਫ਼ੇ ਉੱਤੇ ਲੱਤਾਂ ਖੋਲੀ ਬੈਠਿਆ ਸੀ ਤੇ ਕੁੜੀ ਜ਼ਵੀਂ ਤੇ ਗੋਡਿਆਂ ਭਾਰ, ਓਹਦੀਆਂ ਲੱਤਾਂ ਵਿਚਕਾਰ। ਓਹਦੀ ਛਾਤੀ ਉੱਤੇ ਆਪਣਾ ਮੂੰਹ ਮਲਦੀ ਕੁੜੀ ਦੀਆਂ ਛਾਤੀਆਂ ਓਹਦੀਆਂ ਲੱਤਾਂ ਵਿਚਕਾਰ ਜ਼ੋਰ ਪਈ ਕਰਦੀਆਂ ਸਨ। ਇੱਕ ਦੰਮ ਓਹਨੂੰ ਇਹਸਾਸ ਹੋਇਆ ਕਿ ਕੁੜੀ ਦੀ ਛਾਤੀਆਂ ਦੀ ਰਗੜ ਨਾਲ ਓਹਦਾ ਲਨ ਕੱਸਿਆ ਪਿਆ ਜਾਂਦਾ ਸੀ। ਓਹਨੂੰ ਸ਼ਰਮਿੰਦਗੀ ਹੋਈ ਕਿ ਕੁੜੀ ਕੀ ਸੋਚਦੀ ਹੋਣੀ? ਇਸ ਬੱਚੀ ਨੂੰ ਅਜੇ ਪਤਾ ਨ੍ਹੀਂ ਹੋਣਾ ਕਿ ਲਨ ਉੱਤੇ ਬੰਦੇ ਦਾ ਇਖ਼ਤਿਆਰ/aut hor i t y ਨ੍ਹੀਂ ਹੁੰਦਾ, ਓਹ ਤੇ ਸਵਾਣੀ ਨਾਲ ਲਗਦੇ ਹੀ ਤਿਆਰੀ ਫੜਨ ਲਗਦਾ ਹੈ। ਫਿਰ ਜੇ ਲਨ ਵੀ ਉਸ ਬੰਦੇ ਦਾ ਹੋਵੇ ਜਿਹਦੀ ਵਹੁਟੀ ਮਰੇ ਸਤ ਵਰ੍ਹੇ ਬੀਤ ਚੁੱਕੇ ਹੋਣ, ਤੇ ਉਹ ਰੰਡੀ ਬਾਜ਼ੀ ਵੀ ਨਾ ਕਰਦਾ ਹੋਵੇ।

ਓਹਨੇ ਆਪਣੇ ਗਿ੍ਰਦ ਲਿਪਟੀਆਂ ਨਾਜ਼ੁਕ ਬਾਹਵਾਂ ਫੜ ਕੇ ਖੋਲਨ, ਤੇ ਕੁੜੀ ਨੂੰ ਪਿੱਛੇ ਕਰਨ ਦੀ ਚਾਹੀ, ਪਰ ਕੁੜੀ ਹੋਰ ਜ਼ੋਰ ਨਾਲ ਓਹਨੂੰ ਚੰਬੜ ਗਈ। ਦੋ ਕੂ ਸਕਿੰਡ ਰੁੱਕ ਕੇ ਓਹਨੇ ਫਿਰ ਜ਼ੋਰ ਲਾਇਆ ਤੇ ਕੁੜੀ ਇਹ ਕਹਿ ਕੇ, ਕਿ ਅਜੇ ਓਹਨੂੰ ਆਪਣੀ ਗੋਦ ਵਿੱਚ ਹੀ ਰਹਿਣ ਦਵੇ, ਸਿਰਕ ਕੇ ਥੱਲੇ ਹੋ ਗਈ ਤੇ ਓਹਦੇ ਪੱਟ ਉੱਤੇ, ਪਤਲੂਨ ਅੰਦਰ ਓਹਦੇ ਗੋਮੜ ਤਰ੍ਹਾਂ ਉਭਰੇ ਲਨ ਦੇ ਕੋਲ ਗੱਲ/cheek ਟਿਕਾ ਕੇ ਬਹਿ ਗਈ। ਓਹਨੇ ਸੋਚਿਆ ਮਰਦੀ ਪਈ ਕੁੜੀ ਨੂੰ ਇਸ ਵੇਲੇ ਕੀ ਟੋਕੇ, ਚੁੱਪ ਚਾਪ ਓਹਦੇ ਸਿਰ ਉੱਤੇ ਹੱਥ ਫੇਰਨ ਲੱਗ ਪਿਆ। ਪਰ ਦੋ ਮਿੰਟ ਤੋਂ ਵੱਧ ਓਹਦੇ ਕੋਲੋਂ ਬਰਦਾਸ਼ਤ ਨਾ ਹੋਇਆ, ਤੇ ਓਹਨੇ “ਪੁੱਤਰ ਉੱਤੇ ਆ ਕੇ ਬਹਿ”, ਕਹਿ ਕੇ ਫਿਰ ਉਹਦੀਆਂ ਬਾਂਹਵਾਂ ਫੜ ਲਈਆਂ। ਕੁੜੀ ਸਿਰਕ ਕੇ ਓਹਦੇ ਨਾਲ ਹੀ ਸੋਫ਼ੇ ਦੀ ਸੀਟ ਤੇ ਸਿਰ ਸੁੱਟ ਕੇ ਬਹਿ ਗਈ।

--- ਸੈਕਸ ਗੰਦੀ ਸ਼ੈਅ ਹੋਂਦੀ ਏ?

--- ਨ੍ਹੀਂ ਪੁੱਤਰ, ਤੈਨੂੰ ਕਿਹਨੇ ਕਿਹਾ?

ਜਵਾਬ ਦੇਣ ਦੀ ਥਾਂ ਕੁੜੀ ਨੇ ਨਾਗਨ ਵਾਂਗ ਸਿਰ ਚੁੱਕਿਆ ਤੇ ਓਹਨੂੰ ਬਿਟਰ ਬਿਟਰ ਵੇਖਣ ਲੱਗ ਪਈ। ਓਹ ਘਾਬਰ ਗਿਆ। ਓਹਦਾ ਲਨ ਖਲੋਣ ਉੱਤੇ ਕੁੜੀ ਨਰਾਜ਼ ਤੇ ਨ੍ਹੀਂ ਸੀ ਹੋ ਗਈ? ਇਸ ਗੱਲ ਉੱਤੇ ਤੇ ਓਹ ਕੋਈ ਸਫ਼ਾਈ ਵੀ ਨ੍ਹੀਂ ਸੀ ਦੇ ਸਕਦਾ। ਪੂਰੇ ਬਤਾਲੀ ਸਕਿੰਡ ਇਹੀ ਹਾਲਤ ਰਹੀ, ਫਿਰ ਕੁੜੀ ਉੱਠੀ ਤੇ ਬਿਨਾਂ ਕੁਝ ਕਹੇ ਤੁਰ ਗਈ।

ਓਹ ਸਾਰੀ ਰਾਤ ਸੌਂ ਨਾ ਸੱਕਿਆ। ਕੁੜੀ ਤੇ ਆਪਣੇ ਲਨ ਬਾਰੇ ਹੀ ਸੋਚਦਾ ਰਿਹਾ।

ਅਗਲੇ ਦਿਨ ਕੁੜੀ ਸਵੇਰੇ ਹੀ ਆ ਗਈ। ਕੁੜੀ ਦੀ ਸ਼ਕਲ ਵੇਖਦੇ ਹੀ ਉਹਨੂੰ ਸੁਖ ਦਾ ਸਾਹ ਆਗਿਆ। ਕੁੜੀ ਮੁਸਕਾਨ ਖਿਲਾਰਦੀ ਆਂਦੀ ਪਈ ਸੀ। ਆਂਦੇ ਹੀ ਕਹਿਣ ਲੱਗੀ ਓਹ ਕੀ ਪੀਵੈ ਗਾ? ਓਹ ਅਜੇ ਤੀਕਰ ਸਹਿਮਿਆ/fearful ਹੋਇਆ ਸੀ, ਚੁੱਪ ਚਾਪ ਚਾਅ ਦਾ ਕਹਿ ਦਿੱਤਾ। ਕੁੜੀ ਖੁਸ਼ੀ ਖੁਸ਼ੀ ਚਾਅ ਬਨਾਣ ਲੱਗ ਪਈ। ਪਿਆਲੀ ਫੜਨ ਤੀਕਰ ਓਹ ਝਕਦਾ ਰਿਹਾ। ਪਿਆਲੀ ਫੜਾ ਕੇ ਕੁੜੀ ਨੇ ਓਹਦੇ ਗਲ੍ਹ ਉੱਤੇ ਦੋ ਚੁੰਮੀਆਂ ਲਈਆਂ। ਇੱਕ ਕੰਨ ਦੀ ਲੌ ਕੋਲ, ਤੇ ਦੂਜੀ ਬੁੱਲ੍ਹਾਂ ਕੋਲ। ਇੱਕ ਵਾਰੀ ਫਿਰ ਓਹਦੀ ਧੜਕਨ ਵੱਧ ਗਈ ਤੇ ਲਨ ਦੇ ਇੰਜਣ ਨੇ ਰੇਸ ਮਾਰੀ।

ਕੁੜੀ ਸਾਹਮੜੇ ਬਹਿ ਕੇ ਚਾਅ ਪੀਣ ਲੱਗ ਪਈ। ਨਾ ਚਾਂਹਦਿਆਂ ਵੀ ਓਹਦੀ ਨਜ਼ਰ ਕੁੜੀ ਦੇ ਮੰਮੇਆਂ ਤੇ ਪੈ ਗਈ, ਸੋਹਣੇ ਸਨ।

--- ਅੰਕਲ, ਤੁਸੀ ਬਾਈਬਲ ਉੱਕਾ ਈ ਨ੍ਹੀਂ ਪੜ੍ਹੀ?

--- ਨਹੀਂ।

ਕੁੜੀ ਨੇ ਫਿਰ ਓਹਦੀ ਵਹੁਟੀ ਦੀਆਂ ਗੱਲਾਂ ਛੋਹ ਲਈਆਂ। ਦੁਪਿਹਰੇ ਪਿਓ ਨਾਲ ਖਾਣਾ ਖਾਣ ਵਾਸਤੇ ਗਈ ਤੇ ਫਿਰ ਰਾਤੀ ਮੁੜੀ। ਹੱਥ ਵਿੱਚ ਬਾਈਬਲ ਸੀ। ਚੁੱਪ ਚਾਪ ਓਹਦੇ ਸਾਹਮੜੇ ਬਿਸਤਰੇ ਉੱਤੇ ਧਰ ਕੇ ਤੁਰ ਗਈ। ਓਹਨੇ ਚੁੱਕ ਕੇ ਵੇਖੀ, ਅੰਦਰ ਇੱਕ ਪੰਨਾ ਪਿਆ ਸੀ। ਪੰਨਾ ਜੇਨੇਸਿਸ/Genesis ਦੇ ਅੰਗ/chapter ੧੯ ਵਿੱਚ ਪਿਆ ਸੀ ਜਿੱਥੇ ੩੧-੩੮ ਨੰਬਰ ਦੇ ਜੁਮਲੇ ਹਾਈਲਾਈਟ/Highlight ਸਣ। ਓਹਨੇ ਪੰਨਾ ਖੋਲਿਆ, ਕੁੜੀ ਦੇ ਅਮਰੀਕੀ ਡਾਕਟਰ ਦੀ ਈਮੇਲ ਸੀ, ਇੱਕ ਮਹੀਨਾ ਪੁਰਾਣੀ। ਲਿੱਖਿਆ ਸੀ ਕਿ ਕੁੜੀ ਦਾ ਦਿਲ ਬਹੁਤ ਕਮਜ਼ੋਰ ਹੋ ਚੁੱਕਿਆ ਹੈ, ਜ਼ਿਆਦਾ ਦਵਾਈਆਂ ਬਰਦਾਸ਼ਤ ਨ੍ਹੀਂ ਕਰ ਸਕਦਾ। ਹਾਲਤ ਖਰਾਬ ਹੋਣ ਤੇ ਦਵਾ ਦਿੱਤੀ ਜਾਵੇ ਪਰ ਇਹ ਖ਼ਤਰਨਾਕ ਹੋ ਸਕਦਾ ਹੈ। ਓਹਦੀਆਂ ਅੱਖਾਂ ਵਿੱਚ ਪੁੰਗਰੇ ਅੱਥਰੂਆਂ ਵਿੱਚ ਕੁੜੀ ਤੇ ਓਹਦੀ ਵਹੁਟੀ ਦੇ ਜਨਾਜ਼ੇ/funerals ਗਡ ਮਡ ਹੋ ਗਏ।

ਕੁੜੀ ਦੀ ਲੋਥ ਜਨਾਜ਼ੇ ਲਈ ਤਿਆਰ ਸੀ ਜਦੋਂ ਪਿਓ ਨੂੰ ਖ਼ਬਰ ਮਿਲੀ ਕਿ ਓਹਨੇ ਆਤਮਾ ਹੱਤਿਆ ਕਰ ਲਈ ਹੈ। ਓਹਦੇ ਕੰਮਰੇ ਵਿੱਚ ਵੜਿਆ ਤੇ ਸਭ ਤੋਂ ਪਹਿਲਾਂ ਨਜ਼ਰ ਓਹਦੇ ਮੂੰਹ ਉੱਤੇ ਜੰਮੀ ਝੱਗ ਤੇ ਪਈ। ਛਾਤੀ ਉੱਤੇ ਕਿਤਾਬ ਪਈ ਸੀ ਜੇਹੜੀ ਲੋਥ ਨੇ ਅਜੇ ਵੀ ਘੁੱਟ ਕੇ ਫੜੀ ਹੋਈ ਸੀ। ਅਕਬਰ ਨੇ

ਜ਼ੋਰ ਜ਼ੋਰ ਨਾਲ ਧੜਕਦੇ ਦਿਲ ਨਾਲ ਕਿਤਾਬ ਲੋਥ ਦੇ ਪੰਜਿਆਂ ਵਿੱਚੋਂ ਛੁਡਾਈ। ਬਾਈਬਲ ਸੀ। ਪਿਓ ਨੇ ਸਿਆਣ ਲਈ, ਧੀ ਦੀ ਸੀ। ਅੰਦਰ ਈਮੇਲ ਪਈ ਸੀ, ਓਹ ਵੀ ਓਹਨੇ ਵੇਖੀ ਹੋਈ ਸੀ। ਹਾਈਲਾਈਟਿਡ ਜੁਮਲੇ ਓਹਨੇ ਪੜ੍ਹੇ:

***--- 31* ਇੱਕ ਦਿਨ, ਵੱਡੀ ਧੀ ਨੇ ਛੋਟੀ ਧੀ ਨੂੰ ਆਖਿਆ, "ਸਾਡਾ ਪਿਤਾ ਬੁੱਢਾ ਹੈ, ਅਤੇ ਧਰਤੀ ਉੱਤੇ ਕੋਈ ਅਜਿਹਾ ਨ੍ਹੀਂ ਬਚਿਆ ਜੋ ਸਾਡੇ ਨਾਲ ਬੱਚੇ ਪੈਦਾ ਕਰ ਸਕੇ।**

***--- 32* ਇਸ ਲਈ ਆ, ਆਪਾਂ ਆਪਣੇ ਪਿਤਾ ਨੂੰ ਮੈਅ ਨਾਲ ਮਦਹੋਸ਼ ਕਰ ਦੇਈਏ। ਫਿਰ ਅਸੀਂ ਉਸ ਨਾਲ ਜਿਨਸੀ ਸੰਬੰਧ ਬਣਾ ਸਕਾਂਗੀਆਂ। ਇਸ ਢੰਗ ਨਾਲ, ਆਪਾਂ ਆਪਣੇ ਪਿਤਾ ਰਾਹੀਂ ਵੰਸ਼ ਨੂੰ ਬਚਾ ਸਕਦੀਆਂ ਹਾਂ!"**

***--- 33* ਉਸ ਰਾਤ ਦੋਵੇਂ ਕੁੜੀਆਂ ਆਪਣੇ ਪਿਤਾ ਕੋਲ ਗਈਆਂ ਅਤੇ ਉਸ ਨੂੰ ਸ਼ਰਾਬੀ ਕਰ ਦਿੱਤਾ। ਫਿਰ ਵੱਡੀ ਕੁੜੀ ਪਿਤਾ ਦੇ ਬਿਸਤਰੇ ਉੱਤੇ ਗਈ ਅਤੇ ਉਸ ਨਾਲ ਸੰਭੋਗ ਕੀਤਾ। ਲੂਤ ਇੰਨਾ ਸ਼ਰਾਬੀ ਸੀ ਕਿ ਉਸਨੂੰ ਪਤਾ ਹੀ ਨ੍ਹੀਂ ਲੱਗਿਆ ਕਿ ਕਦੋਂ ਉਹ ਬਿਸਤਰੇ ਉੱਤੇ ਆਈ ਅਤੇ ਕਦੋਂ ਉਠਕੇ ਚਲੀ ਗਈ।**

***--- 34* ਅਗਲੇ ਦਿਨ, ਵੱਡੀ ਧੀ ਨੇ ਛੋਟੀ ਧੀ ਨੂੰ ਆਖਿਆ, "ਪਿਛਲੀ ਰਾਤ, ਮੈਂ ਆਪਣੇ ਪਿਤਾ ਨਾਲ ਸੁੱਤੀ ਸੀ। ਆ ਉਸਨੂੰ ਫਿਰ ਤੋਂ, ਅੱਜ ਰਾਤ ਸ਼ਰਾਬੀ ਕਰ ਦੇਈਏ। ਫਿਰ ਤੂੰ ਉਸ ਨਾਲ ਸੌਂ ਜਾਵੀਂ ਅਤੇ ਉਸ ਨਾਲ ਜਿਨਸੀ ਸੰਬੰਧ ਬਣਾਵੀਂ। ਇਸ ਤਰ੍ਹਾਂ, ਅਸੀਂ ਆਪਣੇ ਪਿਤਾ ਰਾਹੀਂ ਬੱਚੇ ਪੈਦਾ ਕਰ ਸਕਾਂਗੀਆਂ।"**

***--- 35* ਈਸ ਲਈ ਉਸ ਰਾਤ ਦੋਹਾਂ ਕੁੜੀਆਂ ਨੇ ਆਪਣੇ ਪਿਤਾ ਨੂੰ ਸ਼ਰਾਬੀ ਕਰ ਦਿੱਤਾ। ਫਿਰ ਛੋਟੀ ਕੁੜੀ ਉਸ ਨਾਲ ਸੁੱਤੀ ਅਤੇ ਸੰਭੋਗ ਕੀਤਾ। ਇੱਕ ਵਾਰ ਫਿਰ, ਲੂਤ ਇੰਨਾ ਸ਼ਰਾਬੀ ਸੀ ਕਿ ਉਸਨੂੰ ਪਤਾ ਨ੍ਹੀਂ ਚਲ ਸਕਿਆ ਕਦੋਂ ਓਹ ਬਿਸਤਰ ਉੱਤੇ ਆਈ ਅਤੇ ਕਦੋਂ ਉਠਕੇ ਚਲੀ ਗਈ।**

***--- 36* ਲੂਤ ਦੀਆਂ ਦੋਵੇਂ ਧੀਆਂ ਗਰਭਵਤੀ ਹੋ ਗਈਆਂ। ਓਨ੍ਹਾਂ ਦਾ ਪਿਤਾ ਓਹਨਾਂ ਦੇ ਬੱਚਿਆਂ ਦਾ ਪਿਤਾ ਸੀ।**

***--- 37* ਵੱਡੀ ਧੀ ਨੇ ਇੱਕ ਪੁੱਤਰ ਨੂੰ ਜਨਮ ਦਿੱਤਾ। ਓਸਨੇ ਉਸਦਾ ਨਾਮ ਮੋਆਬ ਰੱਖਿਆ। ਮੋਆਬ ਸਾਰੇ ਅਜੋਕੇ ਮੋਆਬੀ ਲੋਕਾਂ ਦਾ ਪਿਤਾ ਹੈ।**

***--- 38* ਛੋਟੀ ਧੀ ਨੇ ਵੀ ਇੱਕ ਪੁੱਤਰ ਨੂੰ ਜਨਮ ਦਿੱਤਾ। ਓਸਨੇ ਉਸਦਾ ਨਾਮ ਬਿਨ-ਅੰਮੀ ਰੱਖਿਆ। ਬਿਨ-ਅੰਮੀ ਅਜੋਕੇ ਸਮੇਂ ਦੇ ਸਾਰੇ ਅੰਮੋਨੀ ਲੋਕਾਂ ਦਾ ਪਿਤਾ ਹੈ।**

ਬਾਹਰ ਆ ਕੇ ਅਕਬਰ ਨੇ ਮੌਲਵੀ ਨੂੰ ਕਿਹਾ ਅਜੇ ਰੁਕ ਜਾਏ, ਦੋਵੇਂ ਜਨਾਜ਼ੇ ਇਕੱਠੇ ਹੀ ਪੜ੍ਹਾ ਦਵੇ। ਮੌਲਵੀ ਅਕਬਰ ਦੇ ਹੱਥ ਵਿੱਚ ਫੜੀ ਬਾਈਬਲ ਨੂੰ ਘੂਰਦਿਆਂ ਕੁੱਝ ਝਿਜਕਿਆ/hesi t at ed,

--- ਨਾ ਮੈਹਰਮਾਂ/"Na-Meh-RamaN" st r anger s---who can val i dl y mar r y ਦਾ ਜਨਾਜ਼ਾ ਇਕੱਠੇ ਨ੍ਹੀਂ ਹੋਣਾ ਚਾਹੀਦਾ।

ਅਕਬਰ ਨੇ ਇੰਨੀ ਜ਼ੋਰ ਦੀ ਘੂਰੀ ਪਾਈ ਕਿ ਮੌਲਵੀ ਦਾ ਤ੍ਰਾਹ ਹੀ ਨਿਕਲ ਗਿਆ। ਠੀਕ ਹੈ ਜੀ, ਕਹਿ ਕੇ ਮੌਲਵੀ ਨੇ ਸਿਰ ਸੁੱਟ ਦਿੱਤਾ। ਅਕਬਰ ਤੁਰ ਗਿਆ ਤੇ ਮੌਲਵੀ ਠੰਡੀ ਸਾਹ ਖਿੱਚ ਕੇ ਨਾਲ ਦੇ ਨੂੰ ਆਖਣ ਲੱਗਾ,

--- ਵਲੈਤ ਜਾ ਕੇ ਤੇ ਲੋਕੀ ਧਹਿਰੀਏ/at hei st ਹੀ ਹੋ ਜਾਂਦੇ ਨੇਂ। ਬਾਈਬਲ ਫੜੀ ਫਿਰਦੇ ਨੇਂ। ਇਹਨਾਂ ਪਤਾ ਹੀ ਨ੍ਹੀਂ ਰੱਬ ਦੇ ਹਰ ਹੁਕਮ ਵਿੱਚ ਕੋਈ ਨਾ ਕੋਈ ਹਿਕਮਤ ਹੁੰਦੀ ਹੈ।

ਸਹੀ ਗੱਲ ਏ, ਕਹਿ ਕੇ ਨਾਲ ਵਾਲੇ ਨੇ ਵੀ ਸਿਰ ਸੁੱਟ ਦਿੱਤਾ।



ਮਖਦੂਮ ਟੀਪੂ ਸਲਮਾਨ ਪਾਕਿਸਤਾਨੀ ਸੁਪਰੀਮ ਕੋਰਟ ਦੇ ਵਕੀਲ ਨੇਂ ਤੇ ਪਿਛਲੇ ਪੱਚੀ ਵਰ੍ਹਿਆਂ ਤੋਂ ਲਾਹੌਰ ਵਿੱਚ ਵਕਾਲਤ ਪਏ ਕਰਦੇ ਨੇਂ.

ਅੰਗਰੇਜ਼ੀ, ਉਰਦੂ ਅਤੇ ਪੰਜਾਬੀ ਸ਼ਾਹਮੁਖੀ ਵਿੱਚ ਅੱਠ ਕਿਤਾਬਾਂ ਲਿੱਖ ਚੁੱਕੇ ਨੇਂ, ਜਿਹਨਾਂ ਵਿੱਚ ਕਨੂਨ, ਇੱਤਿਹਾਸ, ਨਾਵਲ ਅਤੇ ਕਹਾਣੀਆਂ ਦਿਆਂ ਕਿਤਾਬਾਂ ਸ਼ਾਮਿਲ ਨੇਂ.

ਆਪਣੇ ਸ਼ੌਂਕ ਨਾਲ ਆਪਣੀ ਮਾਂ ਬੋਲੀ ਦੀ ਗੁਰਮੁਖੀ ਲਿੱਪੀ ਸਿੱਖੀ ਹੈ (Self Learned) ਤੇ ਇਹ ਗੁਰਮੁਖੀ ਵਿੱਚ ਇਹਨਾਂ ਦੀ ਪਹਿਲੀ ਕਿਤਾਬ ਹੈ.